# ਸੋਧ

ਮਾਰਚ 1983 (ਜਿਲਦ 13 ਨੰਬਰ 3)

**March 1983**

ਸੰਪਾਦਕ: ਗੁਰਵੇਲ ਸਿੰਘ ਪੰਨੂ ਅਤੇ ਆਰ. ਐੱਸ ਰਵੀ
ਪ੍ਰਕਾਸ਼ਕ: ਲੱਖਾ ਸਿੰਘ ਤੂਰ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਹਰਨੇਕ ਧਾਲੀਵਾਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸੇਧ

*ਪ੍ਰੋਲਤਾਰੀ ਪੈਂਤੜੇ ਦੇ ਅਰਥ-ਵਿਗਿਆਨੀਆਂ ਦੇ ਰੋਲ ਬਾਰੇ-2

*ਜਦੋਂ ਰਕਮ ਡੁਬਦੀ ਹੈ

*ਜ਼ਮੀਨ ਦੀ ਕੀਮਤ ਤੇ ਵਿਕਰੀ

*ਪੇਂਡੂ-ਪੰਜਾਬ ਦੀ ਜਮਾਤੀ ਵੰਡ ਬਾਰੇ

*ਪੰਜਾਬ ਦਾ ਆਰਥਕ ਵਿਕਾਸ ਤੇ ਸਭਿਆਚਾਰਕ ਤਬਦੀਲੀ

SEDH
March, 1983
Vol. 13 No. 3
Price; Rs. 2-00
Printed and Published by: Lakha Singh Toor,
140, Sewak Colony,
Sant Nagar, Patiala.
Editors : Gurvel Pannu, R. S. Ravi
Printed at : Sacred Heart Printers,
Mohalla Jejian, Patiala.

ਇਸ ਅੰਕ ਵਿਚ :—


| | | |
|---|---|---|
| 1 | ਪਰੋਲਤਾਰੀ ਪੈਂਤੜੇ ਦੇ ਅਰਥ-ਵਿਗਿਆਨੀਆਂ ਦੇ ਰੋਲ ਬਾਰੇ (ਸਫ਼ਾ 3) | ਪ੍ਰੋ. ਕਿਸ਼ਨ ਸਿੰਘ |
| 2 | ਫਿਰਕੇਦਾਰੀ ਦਾ ਜ਼ਹਿਰੀ ਨਾਗ ਕਿ ਰੱਸੀਆਂ ਦੇ ਸੱਪ ? (ਸਫ਼ਾ 11) | ਗੁਰਮੇਜ਼ ਸਿੰਘ ਸ਼ਾਹਬਾਜ਼ਪੁਰੀ |
| 3 | ਸਿੱਖ ਸਿਆਸਤ ਅਤੇ ਗ਼ੈਰ-ਅਕਾਲੀ (ਸਫ਼ਾ 16) | ਹਿੰਮਤ ਸਿੰਘ ਸੋਢੀ |
| 4 | ਜਦੋਂ ਰਕਮ ਡੁਬਦੀ ਹੈ (ਸਫ਼ਾ 21) | ਮੁਸ਼ਤਾਕ ਅਹਿਮਦ ਯੂਸਫ਼ੀ |
| 5 | ਪੁਸਤਕ ਪੜਚੋਲ (ਸਫ਼ਾ 27) | ਡਾ. ਕੇਸਰ ਸਿੰਘ ਕੇਸਰ |
| 6 | ਜ਼ਮੀਨ ਦੀ ਕੀਮਤ ਤੇ ਵਿੱਕਰੀ (ਸਫ਼ਾ 34) | ਪ੍ਰੇਮਜੀਤ ਸਿੰਘ ਗਰੇਵਾਲ ਅਤੇ ਲਛਮਣ ਸਿੰਘ ਸਿੱਧੂ |
| 7 | ਪੇਂਡੂ ਪੰਜਾਬ ਦੀ ਜਮਾਤੀ ਵੰਡ ਬਾਰੇ (ਸਫ਼ਾ 37) | ਐਮ. ਕੇ. ਦੋਸਤ |
| 8 | ਪੰਜਾਬ ਵਿਚ ਆਰਥਕ ਵਿਕਾਸ ਅਤੇ ਸਭਿਆਚਾਰਕ ਤਬਦੀਲੀ (ਸਫ਼ਾ 43) | ਡਾ. ਰਵਿੰਦਰ ਸਿੰਘ ਰਵੀ |
| 9 | ਪੁਸਤਕ ਰੀਵੀਊ (ਸਫ਼ਾ 56) | |
| 10 | ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 60) | |


## ਪਰੋਲਤਾਰੀ ਪੈਂਤੜੇ ਦੇ ਅਰਥ-ਵਿਗਿਆਨੀਆਂ ਦੇ ਰੋਲ ਬਾਰੇ—2

ਕਿਸ਼ਨ ਸਿੰਘ

**ਸਾਡਾ ਪੈਦਾਵਾਰ** ਦਾ ਰੂਪ ਚੂੰਕਿ ਬੁਰਜੂਆ ਹੈ ਅਤੇ ਸਾਡੀ ਆਰਥਕਤਾ ਨਿਉਕਲੋਨੀਅਲ; ਇਸ ਦੇ ਅੰਦਰ ਕਲੋਨੀਅਲਿਜ਼ਮ ਹੈ। ਅਤੇ ਇਹ ਇਸ ਦਾ ਲਾਜ਼ਮੀ ਅੰਗ ਹੈ। ਇਹ ਅੰਦਰਲਾ ਕਲੋਨੀਅਲਿਜ਼ਮ ਕਿਥੇ ਕਿਥੇ ਹੈ ਅਤੇ ਕਿਸ ਤਰ੍ਹਾਂ ਹੈ—ਇਹ ਆਪਣੇ ਆਪ ਵਿਚ ਮਜ਼ਮੂਨ ਹੈ। ਏਥੇ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਪੰਜਾਬ ਸਾਡੀ ਆਰਥਕਤਾ ਦਾ ਕਲੋਨੀਅਲ ਖਿੱਤਾ ਹੈ। ਕਲੋਨੀਅਲ ਆਰਥਕਤਾ ਦਾ ਮੂਲ, ਉਸ ਦਾ ਅਸਲਾ ਕੀ ਹੈ? ਉਸ ਦਾ ਮੂਲ ਹੈ ਕਿਸੇ ਮੁਲਕ, ਮੁਲਕ ਦੇ ਕਿਸੇ ਖਿੱਤੇ ਨੂੰ ਖ਼ੁਰਾਕ ਤੇ ਕੱਚਾ ਮਾਲ ਪੈਦਾ ਕਰਨ ਤੱਕ ਮਹਿਦੂਦ ਰਖਣਾ ਅਤੇ ਉਸ ਕੋਲੋਂ ਉਸ ਦੀ ਪੈਦਾ ਕੀਤੀ ਇਹ ਖ਼ੁਰਾਕ ਤੇ ਕੱਚਾ ਮਾਲ ਸਸਤੇ ਭਾਅ ਤੇ ਲੈਣਾ ਅਤੇ ਉਸ ਨੂੰ ਆਪਣਾ ਸਨਅਤੀ ਮਾਲ ਮਹਿੰਗੇ ਭਾਅ ਤੇ ਵੇਚਣਾ। ਅਤੇ ਇਸ ਸਸਤਾ ਖਰੀਦਣ ਅਤੇ ਮਹਿੰਗੇ ਵੇਚਣ ਦੇ ਕਾਣੇ ਤੋਲ ਰਾਹੀਂ ਉਥੋਂ ਦੇ ਲੋਕਾਂ ਦੀ ਕਿਰਤ ਸ਼ਕਤੀ ਨੂੰ ਲੁੱਟੀ ਜਾਣਾ, ਉਨ੍ਹਾਂ ਦਾ ਢਿੱਡ ਧੋਈ ਜਾਣਾ ਅਤੇ ਇਸ ਲੁੱਟ ਨੂੰ ਨਾਂ ਦੇਈ ਜਾਣਾ ਕਮਾਏ ਮੁਨਾਫ਼ੇ ਦਾ। ਪੰਜਾਬ ਦੀ ਆਰਥਕਤਾ ਬਾਬਤ ਤੱਥ ਏਨੇ ਸਪਸ਼ਟ ਹਨ ਕਿ ਉਸ ਨੂੰ ਇਸ ਨੁਕਤੇ ਤੋਂ ਦੇਖਣ ਦੀ ਲੋੜ ਹੈ ਤੇ ਉਸ ਦੀ ਕਿਸਮ ਬਾਬਤ ਕੋਈ ਸ਼ੱਕ ਨਹੀਂ ਰਹਿ ਜਾਂਦਾ।

ਕੇਂਦਰੀ ਬੁਰਜੂਆਜ਼ੀ ਤੇ ਕੇਂਦਰੀ ਸਰਕਾਰ ਦੀ ਗਿਣੀ-ਮਿਥੀ, ਸੋਚੀ ਸਮਝੀ ਨੀਤੀ ਦਾ ਹੀ ਸਿੱਟਾ ਹੈ ਕਿ ਪੰਜਾਬ ਦੀ ਆਰਥਕਤਾ ਮੂਲ ਰੂਪ ਵਿਚ ਖੇਤੀ ਆਧਾਰਤ ਹੈ। ਪੰਜਾਬ ਦੇ ਜ਼ੁੰਮੇ ਜਿਵੇਂ ਖ਼ੁਰਾਕ, ਕੱਚਾ ਮਾਲ ਆਦਿ ਪੈਦਾ ਕਰਨ ਹੀ ਲੱਗਿਆ ਹੋਇਆ ਹੋਵੇ। ਮੋਟੇ ਤੌਰ ਤੇ ਦੇਖਿਆਂ ਲੋੜੀਂਦਾ ਸਨਅਤੀ ਮਾਲ ਪੰਜਾਬ ਵਿਚ ਬਾਹਰੋਂ ਆ ਕੇ ਹੀ ਵਿਕਦਾ ਹੈ। ਪੰਜਾਬ ਵਿਚ ਖੇਤੀ ਤਾਂ ਹੈ ਪਰ ਖੇਤੀ ਤੇ ਆਧਾਰਤ ਸਨਅਤ ਨਹੀਂ ਹੈ। ਪੰਜਾਬ ਵਿਚ ਨਾ ਤਾਂ ਕੋਈ ਵੱਡੀ ਸਨਅਤ ਹੈ ਅਤੇ ਨਾ ਹੀ ਬੁਨਿਆਦੀ ਭਾਰੀ ਸਨਅਤ। ਇਨ੍ਹਾਂ ਦੀ ਹੋਂਦ ਸਬੱਬੀ ਨਹੀਂ ਹੈ। ਨਿਉਕਲੋਨੀਅਲ ਆਰਥਕਤਾ ਦੇ ਪ੍ਰਸੰਗ ਵਿਚ ਹੀ ਸਾਡੇ ਮੁਲਕ ਦੀ ਆਰਥਕ ਉਸਾਰੀ ਦੀ ਤਾਕਤ ਮੂਲ ਰੂਪ ਵਿਚ ਕੇਂਦਰ ਕੋਲ ਹੈ ਕਿਉਂਕਿ ਸਾਡੇ ਟੈਕਸ-ਢਾਂਚੇ ਦਾ ਮੂੰਹ ਕੇਂਦਰ ਵੱਲ ਹੈ। ਕੇਂਦਰ ਅਤੇ ਸਟੇਟਾਂ ਦੇ ਦਰਮਿਆਨ ਟੈਕਸ ਲਾਉਣ, ਉਗਰਾਹੁਣ ਵਾਲਿਆਂ ਵਸੀਲਿਆਂ ਦੀ

ਵੰਡ ਕਾਣੀ ਹੈ। ਟੈਕਸ ਦੀ ਦਰ ਉਹੋ ਰਹਿਣ ਦੇ ਬਾਵਜੂਦ ਜਿਨ੍ਹਾਂ ਵਸੀਲਿਆਂ ਤੋਂ, ਪੈਦਾਵਾਰ ਦੇ ਵਧਣ ਨਾਲ ਸਰਕਾਰੀ ਆਮਦਨ ਵੱਧਦੀ ਹੈ—ਇਨਕਮ ਟੈਕਸ, ਐਕਸਾਈਜ਼, ਕਸਟਮਜ਼ ਇਤਿਆਦਿ—ਉਹ ਤਕਰੀਬਨ ਸਭ ਕੇਂਦਰ ਕੋਲ ਹਨ। ਦੂਸਰੇ ਪਾਸੇ ਸਟੇਟਾਂ ਕੋਲ ਟੈਕਸ ਦੇ ਉਹ ਵਸੀਲੇ ਹਨ—ਜ਼ਮੀਨਾਂ ਦਾ ਮਾਮਲਾ, ਸਟੈਂਪ ਡਿਊਟੀ, ਚੁੰਗੀ, ਐਂਟਰਟੇਨਮੈਂਟ ਟੈਕਸ ਆਦਿ—ਜਿਨ੍ਹਾਂ ਦੇ ਵਧਣ ਦੀ ਸੰਭਾਵਨਾ ਬਹੁਤ ਘੱਟ ਹੈ, ਜੋ ਪਹਿਲਾਂ ਹੀ ਸਿਖਰ ਦੀ ਹੱਦ ਤਕ ਪਹੁੰਚੇ ਹੋਏ ਹਨ। ਆਮਦਨ ਵਾਲੇ ਪਾਸਿਓਂ ਤਾਂ ਸਟੇਟਾਂ ਦੇ ਹੱਥ ਤਕਰੀਬਨ ਬੱਧੇ ਹੋਏ ਹਨ ਪਰ ਉਨ੍ਹਾਂ ਦੇ ਜ਼ੁੰਮੇਂ ਜੋ ਖਰਚ ਹਨ, ਉਨ੍ਹਾਂ ਦੇ ਮੂੰਹ ਖੁਲ੍ਹੇ ਹਨ। ਅਤੇ ਉਹ ਹਨ ਵੀ ਐਸੇ ਜੋ ਵਸੋਂ ਦੀਆਂ ਫੌਰੀ ਲੋੜਾਂ ਹਨ—ਵਿਦਿਆ, ਸਿਹਤ, ਸੈਨੀਟੇਸ਼ਨ, ਸਮਾਜ ਵਿਚ ਅਮਨ-ਅਮਾਨ ਆਦਿ। ਸਟੇਟਾਂ ਦੀਆਂ ਸਰਕਾਰਾਂ ਵੈਸੇ ਵੀ ਵੋਟਰਾਂ ਦੇ, ਮੁਲਖੱਈਏ ਤੇ ਉਸ ਦੀਆਂ ਲੋੜਾਂ ਦੇ ਜ਼ਿਆਦਾ ਨੇੜੇ ਹਨ। ਸਰਮਾਇਆ ਤੇ ਉਸ ਦੀ ਵੰਡ—ਫਾਈਨੈਂਸ ਕਮਿਸ਼ਨ, ਪਲੈਨਿੰਗ ਕਮਿਸ਼ਨ—ਇਨ੍ਹਾਂ ਦਾ, ਇਨ੍ਹਾਂ ਦੇ ਨਾਲ ਦਾ ਅਮਲ (ਲਾਈਸੈਨਸਿੰਗ ਪਾਲਿਸੀ ਹੇਠ ਪ੍ਰਾਜੈਕਟਾਂ ਦੀ ਮੰਨਜ਼ੂਰੀ ਦੇਣਾ, ਪਬਲਿਕ ਖੇਤਰ ਦੇ ਅਦਾਰੇ ਸਥਾਪਤ ਕਰਨਾ, ਖੇਤੀ ਦੀਆਂ ਜਿਨਸਾਂ ਅਤੇ ਸਨਅਤਾਂ ਦੀਆਂ ਜਿਨਸਾਂ ਦੀਆਂ ਕੀਮਤਾਂ ਨਿਸਚਿਤ ਕਰਨਾ, ਦਰਾਮਦ ਤੇ ਬਰਾਮਦ ਦੀ ਪਾਲਿਸੀ ਘੜਣਾ ਆਦਿ) ਕੇਂਦਰ ਦਾ ਦਾਇਰਾ ਹਨ। ਸਰਮਾਏ ਤੇ ਉਸ ਦੀ ਵੰਡ ਦਾ ਇਸ ਤਰ੍ਹਾਂ ਕੇਂਦਰ ਦੇ ਹੱਥ ਹੋਣ ਦੀ ਹਾਲਤ ਵਿਚ ਸਟੇਟਾਂ ਦਾ ਕੇਂਦਰ ਦੇ ਰਹਿਮ ਤੇ ਹੋਣਾ ਲਾਜ਼ਮੀ ਹੈ। ਸਟੇਟਾਂ ਦਾ ਸੈਂਟਰ ਤੇ ਨਿਰਭਰ ਹੋਣਾ, ਉਸ ਅੱਗੇ ਹੱਥ ਅੱਡੀ ਰੱਖਣਾ ਕੁਦਰਤੀ ਹੈ। ਸਟੇਟਾਂ ਦੇ ਮੁਕਾਬਲੇ ਉੱਪਰ ਸੈਂਟਰ ਦੀ ਸਿਆਸੀ ਤਾਕਤ ਸਪਸ਼ਟ ਹੈ।

ਹੁਣ ਸਵਾਲ ਉੱਠਦਾ ਹੈ ਸੈਂਟਰ ਦੀ ਕਿਸੇ ਸਟੇਟ ਵੱਲ ਨੀਤੀ ਦਾ। ਉਪਰਲੀਆਂ ਸਭ ਤਾਕਤਾਂ ਦੀ ਵਰਤੋਂ ਕਰਦਿਆਂ ਭਾਰਤੀ ਸਟੇਟ ਤੇ ਕੇਂਦਰੀ ਹਕੂਮਤ ਨੇ ਪੰਜਾਬ ਨਾਲ ਸਦਾ ਵਿਤਕਰਾ ਹੀ ਕੀਤਾ ਹੈ। ਪੰਜਾਬ ਨੂੰ ਦੇਸ਼ ਵਿਚ, ਸਭ ਸਟੇਟਾਂ ਵਿਚ ਵੰਡੀ ਰਕਮ ਦਾ, ਸਾਲਾਂ ਬੱਧੀ ਸਿਰਫ਼ ਇਕ ਫੀ ਸਦੀ ਹੀ ਮਿਲਦਾ ਆਇਆ ਹੈ। ਮਾਰਚ 1979 ਦੇ ਅੰਤ ਵਿਚ ਵੰਡੀ ਰਕਮ ਵਿਚੋਂ ਪੰਜਾਬ ਨੂੰ ਸਿਰਫ 2.2 ਫੀ ਸਦੀ ਹੀ ਮਿਲਿਆ।

ਪੰਜਾਬ ਦਾ ਪੁਰਾਣੀ ਕਿਸਮ ਦਾ ਕਾਰੀਗਰ ਖ਼ਤਮ ਹੋ ਗਿਆ ਹੈ। ਅਤੇ ਬਹੁਤ ਹੱਦ ਤੀਕ ਉਸ ਦੀ ਥਾਂ ਬਾਹਰੋਂ ਆਉਂਦੇ ਮਸ਼ੀਨੀ ਮਾਲ ਨੇ ਲੈ ਲਈ ਹੈ। ਪੰਜਾਬ ਵਿਚ ਜੋ ਸਨਅਤ ਹੈ ਵੀ, ਸਟੇਟ ਦੀ ਸਨਅਤੀ ਉਸਾਰੀ ਦੇ ਨੁਕਤੇ ਤੋਂ ਉਹ ਨਿਰੋਈ ਨਹੀਂ। ਨਿਰੋਈ ਸਨਅਤ ਉਹ ਹੁੰਦੀ ਹੈ ਜਿਸ ਦੇ ਛੋਟੀ ਤੋਂ ਵੱਡੀ ਤੇ ਉਸ ਤੋਂ ਹੋਰ ਵਡੇਰੀ ਹੋਣ ਦਾ ਅਮਕਾਨ ਹੋਵੇ। ਪੰਜਾਬ ਵਿਚ ਜੋ ਸਨਅਤ ਹੈ, ਉਸ ਦੇ ਵੱਧ ਫੂਲ ਕੇ ਵੱਡੀ ਸਨਅਤ ਬਣ ਜਾਣ ਦੀ ਕੋਈ ਸੰਭਾਵਨਾ ਨਹੀਂ। ਪੰਜਾਬ ਦੀ ਅਖੌਤੀ ਮਾਡਰਨ ਸਨਅਤ ਦੀ ਔਕਾਤ ਕੀ ਹੈ? **1978-79** ਦੇ ਅੰਕੜਿਆਂ ਅਨੁਸਾਰ ਉਸ ਦੀ **'value added'** ਚਾਰ ਫੀ ਸਦੀ ਨਾਲੋਂ ਵੀ ਘੱਟ ਹੈ ਜਦੋਂ ਕਿ ਮਹਾਂਰਾਸ਼ਟਰ ਦੀ **25** ਫੀ ਸਦੀ ਹੈ। **value added** ਵਲੋਂ, ਫੈਕਟਰੀਆਂ ਦੀ ਗਿਣਤੀ ਵਲੋਂ, ਸਨਅਤ ਵਿਚ ਲੱਗਿਆਂ ਮਜ਼ਦੂਰਾਂ ਦੀ ਗਿਣਤੀ ਵਲੋਂ, **Fixed Capital** ਵਲੋਂ ਪੰਜਾਬ ਕਿਸੇ ਗਿਣਤੀ ਵਿਚ ਹੀ ਨਹੀਂ। ਦੂਸਰੇ, ਸਟੇਟ ਦੀ ਸਨਅਤੀ ਉਸਾਰੀ ਦੇ ਨੁਕਤੇ ਤੋਂ ਨਿਰੋਈ ਸਨਅਤ ਉਹ ਹੁੰਦੀ ਹੈ ਜੋ ਲਗਦੀ ਵਾਹ ਇਕ ਪਾਸੇ ਤੋਂ ਸਥਾਨਕ ਵਸੀਲਿਆਂ ਨਾਲ ਅਤੇ ਦੂਸਰੇ ਪਾਸੇ ਤੋਂ ਘਰ ਦੀ ਮੰਡੀ ਨਾਲ ਤਨੀ ਤੌਰ ਤੇ ਸੰਬੰਧਿਤ ਹੋਵੇ। ਪੰਜਾਬ ਦੀ ਸਨਅਤ ਦਾ ਸਥਾਨਕ



ਵਸੀਲਿਆਂ ਨਾਲ ਕੋਈ ਬਹੁਤਾ ਸਬੰਧ ਹੀ ਨਹੀਂ। ਨਾ ਹੀ ਉਸ ਦਾ ਪੰਜਾਬ ਦੀ ਮੰਡੀ ਨਾਲ ਬਹੁਤਾ ਤਅੱਲਕ ਹੈ। ਉਸ ਦਾ ਬਣਾਇਆ ਮਾਲ ਮੂਲ ਰੂਪ ਵਿਚ ਪੰਜਾਬੋਂ ਬਾਹਰ ਹੀ ਵਿਕਦਾ ਹੈ: ਇਸ ਨੁਕਤੇ ਤੋਂ ਉਹ ਪੰਜਾਬ ਵਿਚ ਸਬੱਬੀ ਹੀ ਹੈ।

ਕਿਸੇ ਸਟੇਟ ਦੀ ਆਰਥਕਤਾ ਨਿਰੋਈ ਉਹ ਹੁੰਦੀ ਹੈ ਜਿਸ ਦੇ ਵੱਖ ਵੱਖ ਸੈਕਟਰ ਆਪਸ ਵਿਚ ਤਨੀ ਤੌਰ ਤੇ ਗੁੰਦੇ ਹੋਏ ਹੋਣ। ਪੰਜਾਬ ਦੀ ਆਰਥਕਤਾ ਇਸ ਪੱਖੋਂ ਵੀ ਨਿਰੋਈ ਨਹੀਂ, ਉਸ ਦੀ ਆਰਥਕਤਾ ਜਿਵੇਂ ਗੁੰਦਵੀਂ ਇਕਾਈ ਹੈ ਹੀ ਨਹੀਂ। ਕਾਸ਼ਤਕਾਰੀ ਦਾ ਦਾਇਰਾ ਜਿਵੇਂ ਅਲੈਹਦਾ ਹੈ ਅਤੇ ਜੋ ਵੀ ਸਨਅਤ ਹੈ ਉਸ ਦਾ ਤਕਰੀਬਨ ਅੱਡ ਹੀ ਹੈ। ਪੰਜਾਬ ਦੇ ਸਰਮਾਏ ਵਿਚ ਵੀ ਦੋਫਾੜ ਹੈ। ਕਾਸ਼ਤਕਾਰੀ ਬੁਰਜੂਆ ਕਿਸਮ ਦੀ ਹੋ ਗਈ ਹੈ ਪਰ ਉਸ ਵਿਚੋਂ ਪੈਦਾ ਹੋ ਰਿਹਾ ਸਰਮਾਇਆ, ਜੋ ਉਸ ਨੂੰ ਪੈਦਾ ਕਰਦੇ ਹਨ, ਉਨ੍ਹਾਂ ਦੇ ਹੱਥਾਂ ਵਿਚ ਸਨਅਤੀ ਸਰਮਾਇਆ ਨਹੀਂ ਬਣ ਰਿਹਾ। ਜਦੋਂ ਉਹ ਬੈਂਕਾਂ ਵਿਚ ਜਮ੍ਹਾਂ ਹੁੰਦਾ ਹੈ ਉਸ ਦਾ ਬੈਂਕ ਵਿਆਜ ਹੀ ਮਾਲਕਾਂ ਨੂੰ ਮਿਲਦਾ ਹੈ। ਸਨਅਤੀ ਸਰਮਾਇਆ ਬਣਦਾ ਹੈ ਉਹ ਪੰਜਾਬੋਂ ਬਾਹਰ ਜਾ ਕੇ, ਹੋਰਨਾਂ ਦਾ। ਬਿਉਪਾਰ-ਖੇਤਰ ਵਿਚੋਂ ਵੀ ਜੋ ਸਰਮਾਇਆ ਪੈਦਾ ਹੁੰਦਾ ਹੈ ਉਸ ਦਾ ਬਹੁਤਾ ਹਿੱਸਾ ਪੰਜਾਬੋਂ ਬਾਹਰ ਚਲਿਆ ਜਾਂਦਾ ਹੈ, ਪੰਜਾਬ ਦੀ ਸਨਅਤੀ ਉਸਾਰੀ ਵਿਚ ਨਹੀਂ ਲੱਗਦਾ। ਪੰਜਾਬ ਦਾ ਜੋ ਪੈਸਾ ਬੈਂਕਾਂ ਆਦਿ ਵਿਚ ਜਮ੍ਹਾਂ ਕਰਵਾਇਆ ਜਾਂਦਾ ਹੈ ਉਸ ਦਾ **40** ਫੀ ਸਦੀ ਹੀ ਪੰਜਾਬ ਵਿਚ ਲਗਦਾ ਹੈ। ਉਸ ਦਾ **60** ਫੀ ਸਦੀ ਪੰਜਾਬ ਤੋਂ ਬਾਹਰ ਆਰਥਕ ਉੱਦਮਾਂ ਦੇ ਕੰਮਾਂ ਵਿਚ ਲੱਗਦਾ ਹੈ। ਸਰਮਾਇਆ ਪੈਦਾ ਭਾਵੇਂ ਆਰਥਕਤਾ ਦੇ ਕਿਸੇ ਖੇਤਰ ਵਿਚੋਂ ਵੀ ਹੋਵੇ, ਅੰਤ ਪੈਦਾ ਤਾਂ ਹੁੰਦਾ ਵਸੋਂ ਦੀ ਕਿਰਤ-ਸ਼ਕਤੀ ਵਿਚੋਂ, ਵਸੋਂ ਦੀ ਕਿਰਤ ਸ਼ਕਤੀ ਦਾ ਪੈਦਾ ਕੀਤਾ। ਸਪਸ਼ਟ ਹੈ ਕਿ ਪੰਜਾਬ ਦਾ ਕਿਰਤ-ਸ਼ਕਤੀ ਦਾ ਪੈਦਾ ਕੀਤਾ ਸਰਮਾਇਆ ਪੰਜਾਬੋਂ ਬਾਹਰ ਧੂਹੀਦਾ ਜਾ ਰਿਹਾ ਹੈ। ਪੰਜਾਬ ਵਿਚ ਆਵਾਜਾਈ ਦੇ ਸਾਧਨ ਬਹੁਤ ਹਨ। ਉਹ ਬਰਤਾਨਵੀ ਸਾਮਰਾਜ ਨੇ ਵੀ ਬਣਾਏ ਸਨ ਅਤੇ ਹੁਣ ਅੱਜ ਦੇ ਪ੍ਰਸੰਗ ਵਿਚ ਵੀ ਅੱਗੇ ਨਾਲੋਂ ਬਹੁਤ ਵੱਧੇ ਹਨ। ਉਨ੍ਹਾਂ ਦਾ ਹੁਣ ਵੀ ਉਹੀ ਰੋਲ ਹੈ ਜੋ ਬਰਤਾਨਵੀ ਸਾਮਰਾਜ ਵੇਲੇ ਸੀ। ਲੁੱਟੀ ਹੋਈ ਲੋਕਾਂ ਦੀ ਕਿਰਤ-ਸ਼ਕਤੀ ਦਾ ਬਾਹਰ ਲਿਜਾਣ ਦਾ ਉਹ ਵਸੀਲਾ ਹਨ।

ਆਰਥਕ ਨੀਤੀ ਨੂੰ ਸਿਰੇ ਚੜ੍ਹਾਉਣ ਵਾਸਤੇ ਸਿਆਸੀ ਨੀਤੀ ਲਾਜ਼ਮੀ ਹੈ। ਸੋ ਸਾਡੇ ਮੁਲਕ ਦੀ ਸਟੇਟ ਦੀ ਕੇਂਦਰੀ ਸਰਕਾਰ ਦੀ ਪੰਜਾਬ ਵੱਲ ਸਿਆਸੀ ਨੀਤੀ ਦਾ ਵਸੀਲਾ ਹੈ, ਉਸ ਦੀ ਇਸ ਵੱਲ ਆਰਥਕ ਨੀਤੀ ਨੂੰ ਸਿਰੇ ਚੜ੍ਹਾਉਣ ਦਾ, ਪੰਜਾਬ ਦੀ ਆਰਥਕਤਾ ਨੂੰ ਕਲੋਨੀਅਲ ਰੱਖਣ ਦਾ। ਸੋ ਉਸ ਦੀ ਨੀਤੀ ਹੈ ਪੰਜਾਬ ਦੀ ਸਰਕਾਰ ਨੂੰ ਕਲੋਨੀਅਲ ਸਰਕਾਰ ਬਣਾਈ ਰੱਖਣ ਦੀ। ਉਸ ਦੀ ਸਿਆਸੀ ਨੀਤੀ ਹੈ ਕਿ ਪੰਜਾਬ ਸਰਕਾਰ ਪੰਜਾਬ ਵੱਲ ਕੇਂਦਰੀ ਨੀਤੀ ਦਾ ਸੰਦ ਹੋਵੇ। ਪੰਜਾਬ ਦੀ ਸਨਅਤੀ ਉਸਾਰੀ ਕਿਸੇ ਪਾਸਿਓਂ ਸਾਂਵੀ ਭਰਵੀਂ, ਉਸ ਦੀ ਆਰਥਕ ਉਸਾਰੀ ਦਾ ਵਸੀਲਾ ਨਾ ਬਣੇ। ਪੰਜਾਬ ਸਰਕਾਰ ਦੀ ਤਾਕਤ, ਮਜ਼ਬੂਤੀ, ਉਸ ਦੀ ਕਿਸਮਤ ਸੈਂਟਰ ਤੇ ਨਿਰਭਰ ਹੋਵੇ। ਸੈਂਟਰ ਤੋਂ ਆਜ਼ਾਦ ਹੋ ਕੇ ਪੰਜਾਬ ਦੇ ਹਿਤ ਵਾਸਤੇ ਉਹ ਸੈਂਟਰ ਦੇ ਵਿਰੁੱਧ, ਉਹ ਆਪਣੇ ਪੈਰਾਂ ਸਿਰ ਨਾ ਖੜੇ ਸਕੇ। ਅੱਜ ਦੇ ਪ੍ਰਸੰਗ ਵਿਚ ਪੰਜਾਬ ਦੀ ਕਾਂਗਰਸ ਤੇ ਉਸਦੀ ਸਰਕਾਰ, ਪੰਜਾਬ ਵਿਚ ਕੇਂਦਰੀ ਆਰਥਕ ਸਿਆਸੀ ਨੀਤੀ ਨੂੰ ਸਿਰੇ ਚੜ੍ਹਾਉਣ ਦਾ ਸੰਦ ਬਣ ਕੇ ਹੀ ਤੁਰੀ ਆਈ ਹੈ। ਪੰਜਾਬ ਦੀ ਸਨਅਤੀ ਉਸਾਰੀ ਦੀ, ਉਸ ਦੀ ਖੁਸ਼ਹਾਲੀ ਦੀ ਮੁੱਦਈ ਨਹੀਂ ਬਣੀ। ਨਾ ਹੀ ਬਣ ਸਕਦੀ ਹੈ। ਪੰਜਾਬ ਦੀ ਸਰਕਾਰ ਨੂੰ ਹਮੇਸ਼ਾ ਆਪਣੇ ਉੱਤੇ

ਨਿਰਭਰ ਰੱਖਣ ਵਾਸਤੇ ਉਸ ਨੂੰ ਆਪਣੇ ਪੈਰਾਂ ਤੋਂ ਕੱਢੀ ਰੱਖਣ ਵਾਸਤੇ, ਪੰਜਾਬ ਵਿਚ ਆਪਣੀ ਆਰਥਕ ਸਿਆਸੀ ਨੀਤੀ ਨੂੰ ਕਾਮਯਾਬ ਰੱਖਣ ਵਾਸਤੇ, ਮੁਲਕ ਦੀ ਸਟੇਟ ਨੇ, ਕੇਂਦਰੀ ਸਰਕਾਰ ਨੇ, ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਨੂੰ ਆਪਸ ਵਿਚ ਪਾੜਿਆ ਹੋਇਆ ਹੈਂ। ਮੁੱਢੋਂ ਹੀ ਇਹ ਪਾੜਦੀ ਤੁਰੀ ਆਈ ਹੈ। ਅਤੇ ਸਿੱਖਾਂ ਨੂੰ ਵੀ ਆਪਸ ਵਿਚ ਪਾੜਨ ਵਿਚ ਵੀ ਕੋਈ ਕਸਰ ਨਹੀਂ ਛੱਡਦੀ ਆ ਰਹੀ। ਬੁਰਜੂਆ ਪੱਧਰ ਉੱਤੇ ਵੀ, ਪੰਜਾਬ ਦੇ ਹਿਤ ਵਾਸਤੇ ਵੀ, ਉਹ ਏਥੋਂ ਦੇ ਹਿੰਦਆਂ ਅਤੇ ਸਿੱਖਾਂ ਨੂੰ ਲੱਗਦੀ ਵਾਹ ਇਕੱਠਾ ਹੋਣ ਹੀ ਨਹੀਂ ਦੇਂਦੀਂ। ਕਲੋਨੀਅਲ ਸਰਕਾਰ ਹਮੇਸ਼ਾ 'ਪਾੜੋ ਤੇ ਰਾਜ ਕਰੋ' ਦੇ ਆਧਾਰ ਤੇ ਹੀ ਚੱਲਦੀ ਹੈ।

ਨਿਰੋਈ ਸਨਅਤੀ ਉਸਾਰੀ ਦੀ ਬੁਨਿਆਦ ਹਮੇਸ਼ਾ ਭਾਰੀ ਸਨਅਤ ਹੀ ਹੁੰਦੀ ਹੈ। ਮੁਲਕ ਦੀ ਸਟੇਟ ਦੀ, ਕੇਂਦਰੀ ਸਰਕਾਰ ਦੀ ਅੱਜ ਦੀ ਨੀਤੀ ਦੇ ਅਧੀਨ ਐਸੀ ਸਨਅਤ ਪੰਜਾਬ ਨੂੰ ਮਿਲਣੀ ਅਸੰਭਵ ਹੈ। ਪੰਜਾਬ ਸਰਕਾਰ ਤੇ ਉਸ ਦੇ ਰਾਜ-ਪ੍ਰਬੰਧ ਦਾ ਕਲੋਨੀਅਲ ਅਸਲਾ ਇਸ ਗੱਲ ਤੋਂ ਵੀ ਸਪਸ਼ਟ ਹੈ ਕਿ ਇਸ ਨੇ ਸੂਬੇ ਦੀ ਸਨਅਤੀ ਉਸਾਰੀ ਵਾਸਤੇ ਬੁਨਿਆਦੀ ਢਾਂਚਾ ਹੀ ਖੜਾ ਨਹੀਂ ਕੀਤਾ ਜਿਸ ਤਰ੍ਹਾਂ ਕਿ ਮਹਾਂਰਾਸ਼ਟਰ ਅਤੇ ਗੁਜਰਾਤ ਦੀਆਂ ਸਰਕਾਰਾਂ ਨੇ ਕੀਤਾ ਹੈ। ਪੰਜਾਬ ਦੀ ਧਰਤੀ ਹੇਠ ਕੀ ਹੈ, ਇਸ ਦਾ ਸਰਵੇ ਕਰਨਾ ਕਿਸੇ ਦੇ ਖਾਬੋਖਿਆਲ ਵਿਚ ਵੀ ਨਹੀਂ। ਪੰਜਾਬ ਦੀ ਆਰਥਕਤਾ ਦੇ ਵਿਸਥਾਰ ਵਿਚ ਜਾਣੋਂ ਅਸੀਂ ਅਸਮਰਥ ਹਾਂ। ਪਰ ਮੋਟੇ ਮੋਟੇ ਤੱਥ ਸਪਸ਼ਟ ਹਨ। ਉਹ ਆਪਣੇ ਆਪ ਬੋਲਦੇ ਹਨ। ਪ੍ਰੋਲਤਾਰੀ ਦੇ ਪੈਂਤੜੇ ਦੇ ਅਰਥ-ਵਿਗਿਆਨੀਆਂ ਦੀ ਅਕਾਦਮਿਕ ਹੀ ਨਹੀਂ ਸਦਾਚਾਰਕ ਜ਼ਿਮੇਵਾਰੀ ਵੀ ਹੈ ਕਿ ਉਹ ਪੰਜਾਬ ਦੀ ਆਰਥਕਤਾ ਦੀ ਕਿਸਮ ਨੂੰ, ਉਸ ਦੇ ਸਮਾਜਕ ਮਨੁੱਖੀ ਸਿੱਟਿਆਂ ਨੂੰ ਸਮਝਣ ਤੇ ਉਸ ਨੂੰ ਮੁਲਖੱਈਏ ਦੇ ਹੱਡਾਂ ਵਿਚ ਵਸਾਉਣ ਤਾਂ ਕਿ ਉਹ ਆਪਣੀ ਵਿਗੜਦੀ ਜਾ ਰਹੀ ਤਕਦੀਰ ਦੇ ਕਾਰਣਾਂ ਤੋਂ ਜਾਣੂ ਹੋਵੇ ਤੇ ਉਸ ਨੂੰ ਠੱਲ ਪਾਉਣ ਦੇ ਰਾਹੇ ਪਵੇ।

ਸਾਡਾ ਮਨੋਰਥ ਅਰਥ-ਵਿਗਿਆਨੀਆਂ ਦੀ ਕਤਾਰ ਵਿਚ ਖੜਾ ਹੋਣਾ ਨਹੀਂ। ਸਾਡਾ ਏਥੇ ਮਨੋਰਥ ਹੈ ਆਰਥਕਤਾ ਉੱਤੇ ਕਲਚਰਲ ਪੱਖ ਦੇ ਅਸਰ ਵੱਲ ਧਿਆਨ ਦਿਵਾਉਣਾ। ਬੁਰਜੁਆ ਪੈਂਤੜੇ ਵਾਲਿਆਂ ਤਾਂ ਇਸ ਚੱਕਰ ਵਿਚ ਪੈਣਾ ਹੀ ਕੀ ਹੋਇਆ, ਪ੍ਰੋਲਤਾਰੀ ਪੈਂਤੜੇ ਦੇ ਅਰਥ-ਵਿਗਿਆਨੀ ਵੀ ਇਸ ਅਸਰ ਨੂੰ ਨਜ਼ਰ ਅੰਦਾਜ਼ ਕਰਦੇ ਹਨ। ਸਾਡੇ ਮੁਲਕ ਦੀ ਸਿਆਸਤ ਉਪਰ ਹੀ ਨਹੀਂ, ਸਾਡੀ ਆਰਥਕ ਉਸਾਰੀ ਉੱਤੇ, ਬੁਰਜੁਆ ਸਟੇਟ ਉੱਤੇ, ਜਮਾਤਾਂ ਦੀ ਸਿਰਜਣਾ ਉੱਤੇ, ਕਲਚਰਲ ਪੱਖ ਦਾ ਅਸਰ ਐਨਾ ਅਹਿਮ ਹੈ ਕਿ ਇਸ ਨੂੰ ਅਣਗੌਲਿਆਂ **ਕੀਤਿਆਂ,** ਨਾ ਮੁਲਕ ਦੀ ਪੱਧਰ ਤੇ ਸਹੀ ਸਮਝ ਆ ਸਕਦੀ ਹੈ ਅਤੇ ਨਾ ਹੀ ਪੰਜਾਬ ਦੀ ਪੱਧਰ ਤੇ।

ਸਾਡੀ ਬ੍ਰਾਹਮਣੀ-ਜਾਤਪਾਤੀ ਸਮਾਜਕ ਬਣਤਰ ਤੇ ਬ੍ਰਾਹਮਣੀ ਕਲਚਰ ਨੇ ਸਾਨੂੰ ਦੱਕਿਆਨੂਸੀ ਬਣਾ ਕੇ, ਬੰਨ੍ਹ ਕੇ, ਜੂੜ ਕੇ ਬਹਾ ਛੱਡਿਆ ਹੈ। ਸਮੇਂ ਦੀ ਤੋਰ ਨਾਲ ਕਦਮ ਮਿਲਾ ਕੇ ਨਾ ਤੁਰਨ ਦਿੱਤਾ। ਸਾਨੂੰ ਪਛਾੜ ਕੇ ਸਮਾਂ ਅੱਗੇ ਲੰਘ ਗਿਆ। ਅਸੀਂ ਹਰ ਪਹਿਲੂ ਤੋਂ, ਟੈਕਨਾਲੋਜੀ ਦੀ ਉਸਾਰੀ ਵਲੋਂ ਵੀ ਪਛੜਦੇ ਪਛੜਦੇ ਪਛੜ ਗਏ। ਬ੍ਰਾਹਮਣੀ ਹਾਕਮ ਜਮਾਤਾਂ ਦਾ ਸ਼ੂਦਰਾਂ ਨਾਲ ਜੋ ਰਿਸ਼ਤਾ ਸੀ ਉਸ ਦੇ ਪ੍ਰਸੰਗ ਵਿਚ ਟੈਕਨਾਲੋਜੀ ਦੀ ਉਸਾਰੀ ਵਾਸਤੇ ਕੋਈ ਪ੍ਰੇਰਨਾ ਹੀ ਨਹੀਂ ਸੀ। ਜੇ ਟੈਕਨਾਲੋਜੀ ਦੀ ਪੱਧਰ ਤੇ, ਆਰਥਕਤਾ ਦੀ ਪੱਧਰ ਤੇ ਖੜੋਤ ਕਾਬਜ਼ ਸੀ ਤਾਂ ਸਮਾਜਕ, ਸਿਆਸੀ, ਕਲਚਰਲ, ਫੌਜੀ, ਤੌਰ ਤੇ ਵੀ ਅਸੀਂ ਖੜੋਤ ਦਾ ਸ਼ਿਕਾਰ ਹੋਣਾ ਹੀ ਸੀ,



ਸੋ ਹੋਏ। ਖੜੋਤ ਦਾ ਨਤੀਜਾ ਕਮਜ਼ੋਰੀ ਸੀ, ਸੋ ਹੋਇਆ। ਬਾਹਰੋਂ ਇਸਲਾਮੀ ਫਿਊਡਲ ਆ ਵੜੇ। ਸਟੇਟ ਦੀ ਸ਼ਕਲ ਵਿਚ ਜੋ ਇਸਲਾਮ ਸਾਡੇ ਆਇਆ ਉਹ ਹਜ਼ਰਤ ਮੁਹੰਮਦ ਸਾਹਿਬ ਦਾ ਅਰਬੀ ਇਸਲਾਮ ਨਹੀਂ ਸੀ, ਫਿਊਡਲ ਦੇ ਢਹੇ ਚੜ੍ਹਿਆ ਹੋਇਆ ਇਸਲਾਮ ਸੀ। ਸਾਡਾ ਸਮਾਜ ਵੀ ਫਿਊਡਲ ਸੀ। ਦੋਵੇਂ ਫਿਊਡਲ ਸਮਾਜ ਇਕ ਦੂਜੇ ਨੂੰ ਮੈਦਾਨੇ ਜੰਗ ਵਿਚ ਮੁਖ਼ਾਤਬ ਹੋਏ। ਮੈਦਾਨੇ ਜੰਗ ਵਿਚ ਤੁਲਣਾ ਤਾਕਤ ਨੇ ਹੀ ਸੀ। ਸਾਡੇ ਬ੍ਰਾਹਮਣੀ ਫਿਊਡਲ ਨੂੰ ਇਸਲਾਮੀ ਫਿਊਡਲ ਨੇ ਸਹਿਜੇ ਹੀ ਜਿੱਤ ਲਿਆ। ਇਹ ਦੋਹਾਂ ਧਿਰਾਂ ਦੀਆਂ ਫੌਜਾਂ ਦੀ ਹਾਰ ਜਿੱਤ ਦਾ ਫੈਸਲਾ ਨਹੀਂ ਸੀ। ਇਹ ਦੋਹਾਂ ਦੀਆਂ ਸਟੇਟਾਂ ਦੀ, ਮੁਖਾਲਫ ਫਿਊਡਲ ਜਮਾਤਾਂ ਦੀ ਹਾਰ ਜਿੱਤ ਦਾ ਫੈਸਲਾ ਸੀ। ਹਰ ਸਮਾਜ ਦਾ ਜੰਗ ਦਾ ਢੰਗ ਉਸ ਦੀ ਸਮਾਜਕ ਬਣਤਰ ਦਾ, ਉਸ ਦੀ ਆਰਥਕ ਸਮਾਜਕ ਉਸਾਰੀ ਦੀ ਪੱਧਰ ਦਾ, ਉਸ ਦੀ ਕਲਚਰ ਦਾ, ਉਸ ਦੀ ਪੂਰਨ ਤਰਜ਼ੇ-ਜ਼ਿੰਦਗੀ ਦਾ ਹੀ ਪਹਿਲੂ, ਉਸ ਦਾ ਹੀ ਪ੍ਰਤਿਨਿਧ, ਉਸ ਦਾ ਹੀ ਅਕਸ, ਉਸ ਦੇ ਅਸਲੇ ਦਾ ਹੀ ਇਜ਼ਹਾਰ ਹੁੰਦਾ ਹੈ। ਹਮਲਾਵਰਾਂ ਦਾ ਜੰਗ ਦਾ ਢੰਗ, ਉਨ੍ਹਾਂ ਦੀ ਸਟੇਟ ਤੇ ਉਨ੍ਹਾਂ ਦਾ ਸਮਾਜ ਜਿਸ ਦੀ ਉਹ ਪੈਦਾਵਾਰ ਸਨ, ਸਮੇਂ ਦੀ ਟੈਕਨਾਲੋਜੀ ਤੇ ਸਮੇਂ ਦੀ ਤੋਰ ਦਾ ਸਿਖਰ ਸੀ। ਉਸ ਦੇ ਮੁਕਾਬਲੇ ਤੇ ਬ੍ਰਾਹਮਣੀ ਫਿਊਡਲ ਸਮਾਜ ਤੇ ਉਸ ਦੀ ਸਟੇਟ ਸਮੇਂ ਨੇ ਕਿਸ ਹੱਦ ਤਕ ਪਛਾੜੀ ਹੋਈ ਸੀ ਤੇ ਕਿੰਨੀ ਦੱਕਿਆਨੂਸੀ ਸੀ ਇਹ ਉਸ ਦੇ ਜੰਗ ਦੇ ਦੱਕਿਆਨੂਸੀ ਢੰਗ ਨੇ ਸਪਸ਼ਟ ਕਰ ਦਿੱਤਾ। ਸਾਡੇ ਬ੍ਰਾਹਮਣੀ ਫਿਊਡਲ ਸਮਾਜ ਦਾ ਦੱਕਿਆਨੂਸੀਪੁਣਾ ਕਿੰਨਾ ਪੱਕਾ ਲੋਹੇ ਜੜਿਆ ਤੇ ਅਹਿਲ ਸੀ—ਇਹ ਇਤਿਹਾਸ ਵਿਚ ਹੋਰ ਤਰ੍ਹਾਂ, ਬੜੀ ਅਜੀਬ ਤਰ੍ਹਾਂ ਵੀ ਜ਼ਾਹਿਰ ਹੋਇਆ। ਪਹਿਲਾਂ ਆਈ ਮੁਸਲਮਾਨ ਹਾਕਮ ਜਮਾਤ (ਪਠਾਨੀ ਸਟੇਟ) ਉੱਤੇ ਜਦੋਂ ਸਾਡੇ ਬ੍ਰਾਹਮਣੀ ਸਮਾਜ ਦਾ ਪ੍ਰਛਾਵਾਂ ਪੈ ਗਿਆ, ਜਦੋਂ ਉਹ ਹਿੰਦੁਸਤਾਨੀ ਹੋ ਗਈ ਤਾਂ ਉਸ ਦਾ ਜੰਗ ਦਾ ਢੰਗ ਵੀ ਬ੍ਰਾਹਮਣੀ ਫਿਊਡਲ ਵਾਲਾ ਦੱਕਿਆਨੂਸੀ ਹੀ ਹੋ ਗਿਆ ਸੀ ਅਤੇ ਉਸ ਨੇ ਬਾਬਰ ਕੋਲੋਂ ਖੂਬ ਮਾਰ ਖਾਧੀ ਅਤੇ ਕਬਰ ਵਿਚ ਜਾ ਪਈ। ਗੁਰੂ ਨਾਨਕ ਦਾ ਦਿੱਤਾ ਦੋਹਾਂ ਮੁਖਾਲਫਾਂ ਦਾ ਜੰਗ ਦਾ ਢੰਗ, ਦੋਹਾਂ ਦੀ ਟੈਕਨਾਲੋਜੀ ਜੋ ਦੋਹਾਂ ਸਮਾਜਾਂ ਦੀ ਆਪੋ ਆਪਣੀ ਪੈਦਾਵਾਰ ਸੀ ਤੇ ਦੋਹਾਂ ਦੀ ਉਸਾਰੀ ਦੀ ਪੱਧਰ ਤੇ ਅਸਲਾ ਪ੍ਰਗਟਾਉਂਦੀ ਸੀ, ਪੇਸ਼ ਹੈ :

"ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ।
ਉਨ੍ਹੀ ਤੁਪਕ ਤਾਣਿ ਚਲਾਈ, ਉਨ੍ਹੀ ਹਸਤਿ ਚਿੜਾਈ।
ਜਿਨ੍ਹ ਕੀ ਚੀਰੀ ਦਰਗਹ ਫਾਟੀ ਤਿਨ੍ਹਾਂ ਮਰਣਾਂ ਭਾਈ।"

ਸਮੇਂ ਦੇ ਪਛਾੜਿਆਂ ਹੋਇਆਂ ਦਾ ਤੇ ਸਮੇਂ ਦੀ ਸਿਖਰ ਬਣ ਕੇ ਤੁਰਦਿਆਂ ਦਾ ਨਕਸ਼ਾ ਸਪਸ਼ਟ ਹੈ।

ਖੜੋਤ ਦਾ ਸ਼ਿਕਾਰ ਹੋਇਆਂ, ਸਮੇਂ ਦੇ ਪਛਾੜਿਆਂ ਮਾਰ ਤਾਂ ਖਾਣੀ ਹੀ ਸੀ, ਸੋ ਖਾਧੀ-ਰੱਜ ਕੇ ਖਾਧੀ। ਸਾਡੀ ਬ੍ਰਾਹਮਣੀ ਜਾਤ ਪਾਤੀ ਫਿਊਡਲ ਜਮਾਤ ਨੂੰ, ਉਸ ਦੀ ਸਟੇਟ ਨੂੰ ਉਸ ਦੀ ਜਾਤ ਪਾਤੀ ਕਲਚਰ ਨੂੰ ਸਮੇਂ ਨੇ ਵੰਗਾਰਿਆ। ਉਸ ਵੰਗਾਰ ਨੂੰ ਉਸ ਨੇ ਹੁੰਗਾਰਾ ਕੀ ਦਿੱਤਾ ? ਜੇ ਉਸ ਨੂੰ ਆਪਣੀ ਜਾਤ ਪਾਤੀ ਤਰਜ਼ੇ-ਜ਼ਿੰਦਗੀ, ਜਾਤ ਪਾਤੀ ਕਲਚਰ ਦੀ ਤਾਕਤ ਤੇ ਭਰਵਾਂ ਵਿਸਵਾਸ਼ ਹੁੰਦਾ, ਜੇ ਉਸ ਵਿਚ ਜਾਨ ਹੁੰਦੀ, ਸਾਹਸ ਹੁੰਦਾ ਤਾਂ ਉਹ ਹੰਬਲਾ ਮਾਰਦੀ। ਆਪਣੇ ਸ਼ੂਦਰਾਂ ਦੀਆਂ ਜ਼ੰਜੀਰਾਂ ਢਿੱਲੀਆਂ ਕਰਦੀ। ਉਨ੍ਹਾਂ ਨੂੰ ਇਨਸਾਨ ਹੋਣ ਦਾ ਅਹਿਸਾਸ ਕਰਵਾਉਂਦੀ, ਉਸ ਦੇ ਪਿੜ ਪੱਲੇ ਬੰਦੱਈ ਜੀਊਣ ਦੀ ਵਸਤੂ ਪਾਉਂਦੀ, ਜਿਸ ਨੂੰ ਬਚਾਉਣ ਵਾਸਤੇ ਉਹ

ਖੁੰਬਾਂ ਵਾਂਗ ਉੱਠਦੇ, ਆਪਣੀਆਂ ਜਾਨਾਂ ਤਲੀਆਂ ਤੇ ਰੱਖਦੇ ਅਤੇ ਸਾਵਧਾਨ ਹੋਏ ਮੁਲਖੱਈਏ ਦੇ ਆਸਰੇ ਉਹ ਬਾਹਰੋਂ ਆਏ ਮੁਸਲਮ ਫਿਊਡਲ ਦਾ, ਉਸ ਦੀ ਫੌਜੀ ਸਿਆਸੀ ਤਾਕਤ ਦਾ, ਉਸਦੇ ਮਜ਼੍ਹਬ, ਉਸ ਦੀ ਕਲਚਰ ਦਾ ਮੁਕਾਬਲਾ ਕਰਦੀ, ਉਸ ਨੂੰ ਭਾਂਜ ਦੇਂਦੀ। ਪਰ ਉਹ ਇਸ ਰਾਹੇ ਪੈਂਦੀ ਕਿਸ ਤਰ੍ਹਾਂ ? ਉਸ ਨੂੰ ਆਪਣਾ ਅੰਦਰਲਾ ਪਾਲਾ ਮਾਰਦਾ ਸੀ। ਉਸ ਨੂੰ ਸਪਸ਼ਟ ਸੀ ਕਿ ਜੇ ਜਰਾ ਵੀ ਜਾਤਪਾਤੀ ਜ਼ੰਜੀਰਾਂ ਢਿੱਲੀਆਂ ਕਰਨ ਦਾ ਰਾਹ ਲਿਆ ਤਾਂ ਜਾਤਪਾਤੀ ਸੰਸਥਾ ਦਾ, ਤਰਜ਼ੇ-ਜ਼ਿੰਦਗੀ ਦਾ, ਉਸ ਦੇ ਸੰਕਲਪੇ (ਭਗਤ ਦੇ ਸੰਕਲਪੇ ਨਹੀਂ) ਹਿੰਦੂ ਮਜ਼੍ਹਬ ਤੇ ਉਸ ਦੀ ਜਾਤ-ਪਾਤੀ ਕਲਚਰ ਦਾ ਫੱਕਾ ਵੀ ਨਹੀਂ ਰਹਿਣਾ। ਉਸ ਨੇ ਸ਼ੂਦਰਾਂ ਵੱਲ, ਮੁਲਖਈਏ ਵੱਲ, ਲੋਕਾਂ ਵੱਲ ਖੁਲ੍ਹਣ ਦੀ ਥਾਂ ਆਪਣੀ ਸਿਰੀ ਹੋਰ ਅੰਦਰ ਵਾੜ ਲਈ। ਜਾਤਪਾਤੀ ਬਣਤਰ ਤੇ ਜਾਤਪਾਤੀ ਕਲਚਰ ਜੋ ਉਸ ਦੀ ਫਿਊਡਲ ਪੁਜ਼ੀਸ਼ਨ ਦਾ ਮੂਲ ਆਧਾਰ ਸਨ, ਨੂੰ ਉਸ ਨੇ ਹੋਰ ਘੁੱਟ ਕੇ ਆਪਣੀ ਹਿੱਕ ਦੇ ਨਾਲ ਲਾ ਲਿਆ। ਜਾਤਪਾਤੀ ਨੁਕਤੇ ਤੋਂ ਉਹ ਅੱਗੇ ਨਾਲੋਂ ਵੀ ਕੱਟੜ ਤੇ ਕਰੜੀ ਹੋ ਬੈਠੀ। ਉਸ ਨੇ ਆਪਣੀ ਫਿਊਡਲ ਪੁਜ਼ੀਸ਼ਨ ਤੇ ਜਿਸ ਜਾਤਪਾਤੀ ਬਣਤਰ ਤੇ ਕਲਚਰ ਤੇ ਉਹ ਆਧਾਰਤ ਸੀ, ਉਸ ਨੂੰ ਬਚਾਉਣ ਵਾਸਤੇ ਆਜ਼ਾਦੀ ਦਾ ਰਾਹ ਤਿਆਗ ਦਿੱਤਾ। ਉਸ ਨੇ ਮੁਸਲਮ ਫਿਊਡਲ ਦੀ ਈਨ ਮੰਨਣ ਦਾ ਰਾਹ ਲਿਆ। ਸਦੀਆਂ ਬੱਧੀ ਉਸ ਦੇ ਅਧੀਨ ਰਹਿਣਾ ਪ੍ਰਵਾਨ ਕਰ ਲਿਆ। ਰਾਜਪੂਤ ਫਿਊਡਲਾਂ ਆਪਣੀਆਂ ਧੀਆਂ ਦੇ ਕੇ ਮੁਸਲਮ ਫਿਊਡਲ ਸਟੇਟ ਨਾਲ ਆਪਣਾ ਲੈਣ ਦੇਣ ਸਥਾਪਤ ਕਰ ਲਿਆ। ਆਪਣੀ ਜਮਾਤੀ ਪੁਜ਼ੀਸਨ ਮਹਿਫੂਜ਼ ਕਰ ਲਈ।

ਜਦੋਂ ਸਾਡੇ ਮੁਸਲਮ ਫਿਊਡਲ ਸਟੇਟ ਸਥਾਪਤ ਹੋ ਗਈ, ਬ੍ਰਾਹਮਣੀ ਸਮਾਜ ਦੇ ਸ਼ੂਦਰ ਆਦਿ ਤਬਕੇ ਨੇ ਉਸ ਦੇ ਵਿਰੁੱਧ ਦੋ ਸ਼ਕਲਾਂ ਵਿਚ ਬਗਾਵਤ ਕੀਤੀ। ਬਹੁਤ ਹਿੱਸੇ ਨੇ ਤਾਂ ਸਿਰਫ਼ ਕਲਚਰਲ ਤੌਰ ਤੇ ਹੀ ਬਗਾਵਤ ਕੀਤੀ। ਬ੍ਰਾਹਮਣੀ ਮਜ਼੍ਹਬ ਨੂੰ ਛੱਡ ਕੇ ਉਹ ਮੁਸਲਮਾਨ ਹੋ ਗਿਆ। ਇਸ ਬਗਾਵਤ ਵਿਚ ਸ਼ਹਿਰ ਤੇ ਪਿੰਡ ਦਾ ਸ਼ੂਦਰ ਸੀ ਅਤੇ ਕਿਸਾਨੀ ਤਬਕਾ ਵੀ ਸੀ ਜੋ ਉਸ ਵੇਲੇ ਬਹੁਤ ਹੱਦ ਤੀਕ ਸ਼ੂਦਰ ਹੀ ਸੀ ਜਾਂ ਸ਼ੂਦਰ ਤੇ ਵੈਸ਼ ਦੀ ਹੱਦ ਉੱਤੇ ਸੀ। ਇਹ ਬਗਾਵਤ ਸਿਰਫ਼ ਕਲਚਰਲ ਬਗਾਵਤ ਹੀ ਸੀ। ਰੂਪ ਇਸਦਾ ਮਜ਼੍ਹਬ ਦੀ ਤਬਦੀਲੀ ਸੀ। ਪਰ ਇਸ ਦਾ ਅਸਲਾ ਸੀ ਸੁਭਾ ਦੀਆਂ ਵਿਸ਼ੇਸ਼ਤਾਈਆਂ ਦੀ ਤਬਦੀਲੀ ਦਾ, ਫਿਊਡਲ ਸੱਚੇ ਦੇ ਅੰਦਰ ਅੰਦਰ ਆਚਰਨ ਦੀ ਨੁਹਾਰ ਦੀ ਤਬਦੀਲੀ ਦਾ। ਇਹ ਤਬਦੀਲੀ ਜਮਾਤੀ ਪੈਂਤੜੇ ਦੀ ਤਬਦੀਲੀ ਨਹੀਂ ਸੀ, ਇਨਕਲਾਬ ਨਹੀਂ ਸੀ। ਮੁਸਲਮਾਨ ਹੋਇਆ ਸ਼ੂਦਰ ਤੇ ਕਿਸਾਨੀ ਤਬਕਾ ਆਰਥਕ ਤੌਰ ਤੇ, ਜਮਾਤੀ ਤੌਰ ਤੇ ਤਾਂ ਉਹ ਹੀ ਰਿਹਾ ਪਰ ਸਮਾਜਕ ਕਲਚਰਲ ਤੌਰ ਤੇ ਅੱਗੇ ਨਾਲੋਂ ਉਸਦਾ ਸਾਹ ਕਦਰੇ ਸੌਖਾ ਹੋ ਗਿਆ। ਬ੍ਰਾਹਮਣੀ ਸਮਾਜ ਦਾ ਵਿਉਪਾਰੀ ਤਬਕਾ ਇਸਲਾਮ ਵੱਲ ਨਹੀਂ ਗਿਆ। ਸ਼ਾਇਦ ਇਸ ਵਾਸਤੇ ਕਿ ਇਸਲਾਮ ਦੇ ਅਸੂਲਾਂ ਅਨੁਸਾਰ ਸੂਦਖੋਰੀ ਵਰਜਿਤ ਸੀ। ਇਸਲਾਮ ਦਾ ਹਾਕਮ ਤਬਕਾ ਤਾਂ ਬਹੁਤ ਹੱਦ ਤਕ ਬਾਹਰੋਂ ਹੀ ਆਇਆ ਸੀ। ਬਗਾਵਤ ਦੀ ਦੂਜਰੀ ਸ਼ਕਲ ਸੀ ਸਿੱਖ ਲਹਿਰ ਜੋ ਦੇਰ ਮਗਰੋਂ ਆ ਕੇ ਹੋਈ। ਸਿੱਖ ਲਹਿਰ ਦਾ ਪੈਂਤੜਾ ਚੂੰਕਿ ਸਰਬੱਤ ਦੀ ਆਜ਼ਾਦੀ ਦਾ ਸੀ, ਇਹ ਬਗਾਵਤ ਜਮਾਤੀ ਪੈਂਤੜੇ ਦੀ ਤਬਦੀਲੀ ਸੀ, ਇਨਕਲਾਬ ਸੀ। ਬ੍ਰਾਹਮਣੀ ਕਲਚਰ, ਬ੍ਰਾਹਮਣੀ ਜਾਤਪਾਤੀ ਬਣਤਰ ਦੇ ਵਿਰੁੱਧ ਅਤੇ ਕਾਬਜ਼ ਫਿਊਡਲ, ਮਾਇਆ ਦੇ ਨਿਜ਼ਾਮ ਦੀ ਸਟੇਟ ਦੇ ਵਿਰੁਧ। ਬੰਦੇ ਦੀ ਆਜ਼ਾਦੀ ਵਾਸਤੇ ਪਦਾਰਥ ਹਾਲਾਤ ਦੇ ਨਾ ਤਿਆਰ ਹੋਣ ਕਰਕੇ



ਸਿੱਖ ਲਹਿਰ ਵਿਚ ਅੰਦਰੋਂ ਵਿਗਾੜ ਪਿਆ ਅਤੇ ਇਹ ਫਿਊਡਲ ਦੇ ਢਹੇ ਚੜ੍ਹੀ। ਫਿਊਡਲ ਦੇ ਢਹੇ ਚੜ੍ਹੀ ਉੱਤੇ ਬ੍ਰਾਹਮਣਵਾਦ ਦਾ ਅਸਰ ਤਾਂ ਬਹੁਤ ਹੋਇਆ ਪਰ ਪਏ ਸਭ ਵਿਗਾੜਾਂ ਦੇ ਬਾਵਜੂਦ ਸਿੱਖ ਵਸੋਂ ਨੇ ਆਪਣੀ ਅਲ਼ੈਹਦਾ ਹਸਤੀ ਹੋਂਦ ਕਾਇਮ ਰੱਖੀ। ਅਤੇ ਇਸ ਵਿਚ ਗੁਰੂ ਸਾਹਿਬਾਨਾਂ ਦੇ ਵੇਲੇ ਦੀਆਂ ਨਿਰੋਈਆਂ ਰਵਾਇਤਾਂ ਕਾਇਮ ਰਹੀਆਂ।

ਬ੍ਰਾਹਮਣੀ ਸਮਾਜ ਤੇ ਕਲਚਰ ਨੂੰ ਜਦੋਂ ਫ਼ੌਜੀ, ਸਿਆਸੀ ਹਾਰ ਦੇ ਨਾਲ ਮਜ਼੍ਹਬੀ ਤੇ ਕਲਚਰਲ ਢਾਹ ਵੀ ਲੱਗੀ ਤਾਂ ਇਸ ਨੇ ਅਪਣੇ ਅੰਦਰ ਵਲ ਮੁਹਾਣ ਨੂੰ ਹੋਰ ਵੀ ਤਰਜੀਹ ਦਿੱਤੀ। ਜਿਸ ਤਰ੍ਹਾਂ ਦਹਿਲਿਆ ਹੋਇਆ ਕਰਦਾ ਹੈ ਇਸ ਨੇ ਆਪਣੇ ਦੁਵਾਲੇ ਜਿਵੇਂ ਕਲਚਰਲ ਕਿਲਾਬੰਦੀ, ਰੈਸ਼ਨੇਲ ਦੀ ਕੰਧ ਜਿਹੀ ਖੜੀ ਕਰ ਲਈ। ਇਸ ਨੇ ਫਿਊਡਲ ਤੇ ਉਸ ਦੇ ਵਿਚਾਰਧਾਰਕ ਦੇ ਦੁਨੀਆਂਦਾਰੀ ਦੇ ਵਿਹਾਰ-ਕਾਰ ਵਿਚ ਸਭ ਕੁੱਛ ਕੀਤਾ, ਕਰਾਇਆ। "ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾ ਖਾਈ। ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।......ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। ਮਲੇਛ ਧਾਨੁ ਲੇ ਪੂਜਹਿ ਪੁਰਾਣੁ। ਅਭਾਖਿਆ ਕਾ ਕੁਠਾ ਬਕਰਾ ਖਾਣਾ। ਚਉਕੇ ਉਪਰਿ ਕਿਸੈ ਨਾ ਜਾਣਾ।" (ਆਸਾ ਦੀ ਵਾਰ) ਪਰ ਬ੍ਰਾਹਮਣੀ ਕਲਚਰ ਆਤਮਾ ਨੇ, ਧੁਰੋਂ ਅੰਦਰੋਂ, ਆਪਣੇ ਆਪ ਨੂੰ ਹਾਲਾਤ ਦੇ ਹਾਣੀ ਕਰਨ ਵਾਸਤੇ, ਬਾਹਰੋਂ ਆਈ ਕਲਚਰ ਨੂੰ ਖੁਲ੍ਹੇ ਦਿਲ, ਖੁਲ੍ਹੇ ਦੀਦੀਂ ਫੋਲਣ ਦਾ, ਉਸ ਨਾਲ ਹਥੋ ਹਥੀ ਲੈਣ ਦੇਣ ਦਾ, ਤੇ ਇਸ ਕੰਮ ਰਾਹੀਂ ਆਪਣੀਆਂ ਖਾਮੀਆਂ ਨੂੰ ਦੂਰ ਕਰਨ ਦਾ ਰਾਹ ਨਾ ਲਿਆ। ਸਗੋਂ ਆਪਣੀ ਹਾਰ ਤੇ ਹੀਣਤਾ ਦੀ ਹਾਲਤ ਵਿਚ ਅਪਣੇ ਆਪ ਨੂੰ ਧਰਵਾਸ ਦੇਣ ਦਾ ਰਾਹ ਲਿਆ। ਇਸਲਾਮ ਦੇ, ਸ਼ੂਦਰਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਦਾ, ਬੰਦੱਈ ਨੁਕਤੇ ਤੋਂ ਮੁੱਲ ਨਾ ਪਾਇਆ। ਸਗੋਂ ਉਸ ਨੂੰ ਇਸਲਾਮ ਦੀ ਗਿਰਾਵਟ ਦਾ ਆਧਾਰ ਕਰਾਰ ਦੇ ਕੇ ਆਪਣੀ ਪਵਿੱਤਰਤਾ ਤੇ ਉਚਤਾਈ ਦਾ ਰੈਸ਼ਨੇਲ ਘੜ੍ਹ ਲਿਆ। ਅਤੇ ਆਪਣੇ ਮਨ ਹੀ ਮਨ ਵਿਚ ਸਾਰੇ ਮੁਸਲਮਾਨਾਂ ਨੂੰ ਮਲੇਛ ਕਰਾਰ ਦੇ ਕੇ, ਮਲੇਛ ਮਹਿਸੂਸ ਕਰਕੇ ਆਪਣਾ ਸਾਹ ਸੌਖਾ ਕਰ ਲਿਆ। ਹਿੰਦੂ ਮਜ਼੍ਹਬੀ ਖਿਆਲ ਵਿਚ ਇਹ ਅੱਗੇ ਹੀ ਧਾਰਾ ਸੀ ਕਿ ਇਹ ਦੁਨਿਆਵੀ ਜ਼ਿੰਦਗੀ, ਇਹ ਸਮਾਜਕ ਅਡੰਬਰ ਸਭ ਮਾਇਆ ਦਾ ਕੂੜਾ ਪਸਾਰਾ ਹੈ। ਅਸਲੀਅਤ ਤਾਂ ਆਤਮਾ ਤੇ ਉਸ ਦੀ ਮੁਕਤੀ ਹੈ। ਇਸ ਧਾਰਾ ਦੀ ਭੋਂ ਨੇ ਬਣੇ ਰੈਸ਼ਨੇਲ ਨੂੰ ਜੀ ਆਇਆਂ ਆਖਿਆ। ਉਸ ਦੀ ਪੁਸ਼ਟੀ ਕੀਤੀ। ਕੂੜ ਪਸਾਰੇ ਵਿਚ ਹੋਇਆ ਹੋਇਆ, ਨਹੀਂ ਨਾ ਸਹੀ। ਅਸਲੀਅਤ ਦੇ ਮੂਲ ਵਿਚ, ਆਤਮਾ ਦੇ ਖੇਤਰ ਵਿਚ ਤਾਂ ਸਾਡੇ ਵਰਗਾ ਪਵਿੱਤਰ ਤੇ ਉੱਚਾ ਕੋਈ ਨਹੀਂ। ਉਥੇ ਮਲੇਛ ਇਸਲਾਮ ਦੀ ਕੀ ਵੱਟਤ ? ਸਮਾਜਕ, ਸਿਆਸੀ, ਫੌਜੀ ਸਭ ਪਾਸਿਉਂ ਹਾਰੇ ਹੋਏ ਹੋਣ ਦੀ ਹਾਲਤ ਵਿਚ ਇਸ ਰੈਸ਼ਨੇਲ ਰਾਹੀਂ ਬ੍ਰਾਹਮਣੀ ਹਿੰਦੂ ਮਨ ਨੇ ਆਪਣੇ ਆਪ ਨੂੰ 'ਅਸਲੀਅਤ' ਦੀ ਮੂਲ ਪੱਧਰ ਤੇ ਜੇਤੂ ਹੋਣ ਦਾ ਧਰਵਾਸ ਲੈ ਲਿਆ, ਤੇ ਇਸ ਨੂੰ ਆਪਣੇ ਜੀਊਣ ਦੀ ਸਦਾਚਾਰਕ ਢਾਰਸ ਅਤੇ ਆਧਾਰ ਬਣਾ ਲਿਆ।

ਫਿਊਡਲ ਦੌਰ ਦੀ ਬ੍ਰਾਹਮਣੀ ਹਿੰਦੂ ਮਾਨਸਿਕ ਬਣਤਰ ਤੇ ਆਏ ਮਨੋਵਿਗਿਆਨਕ ਸੰਕਟ ਦਾ, ਤੇ ਜਿਸ ਤਰ੍ਹਾਂ ਉਸ ਨੇ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਉਸ ਦਾ ਸਿੱਟਾ ਕੀ ਨਿਕਲਿਆ ? ਉਸ ਦਾ ਸਿੱਟਾ ਇਹ ਨਿਕਲਿਆ ਕਿ ਉਸ ਦਾ ਧਿਆਨ, ਜਜ਼ਬਾ, ਸਭ ਬ੍ਰਾਹਮਣੀ ਹਿੰਦੂਪਣੇ ਉੱਤੇ ਹੀ ਕੇਂਦਰਤ ਹੋ ਗਿਆ। ਸਦਾਚਾਰਕ ਤੌਰ ਤੇ ਮਨੋਵੇਗ ਦੇ ਤੌਰ ਤੇ ਉਸ ਦੇ ਜੀਊਣ ਦਾ ਆਧਾਰ ਹੀ ਬ੍ਰਾਹਮਣੀ ਹਿੰਦੂਪਣਾ ਹੋ ਗਿਆ। ਹੋਰ ਸਭ ਕਾਸੇ ਨੂੰ ਛੱਡ ਛਡਾ ਕੇ ਮੂਲ ਰੂਪ ਵਿਚ

ਆਪਣੇ ਪਰਾਏ ਦੀ ਤਮੀਜ਼ ਹੀ ਬ੍ਰਾਹਮਣੀ ਹਿੰਦੂ ਹੋਣਾ ਜਾਂ ਨਾ ਹੋਣਾ ਹੋ ਗਈ, ਅਤੇ ਇਹ ਉਸ ਦੇ ਰੋਮ ਰੋਮ ਵਿਚ ਐਸੀ ਰਚੀ ਕਿ ਉਸ ਦੇ ਅਚੇਤ ਤੱਕ ਪਹੁੰਚ ਗਈ। ਅਤੇ ਉਸ ਦੇ ਅਚੇਤ ਵਿਚੋਂ ਇਹ ਅੱਜ ਤੱਕ ਨਹੀਂ ਨਿਕਲੀ। ਉਸ ਦੀ ਮਾਨਸਿਕ ਬਣਤਰ ਦਾ ਇਸ ਤਰ੍ਹਾਂ ਬ੍ਰਾਹਮਣੀ ਹਿੰਦੂਪਣੇ ਉੱਤੇ ਢਹਿ ਢੇਰੀ ਹੋ ਜਾਣਾ ਉਸ ਦੀ ਬੁਰਜੂਆ ਦੌਰ ਦੀ ਫ਼ਿਰਕੂ ਜ਼ਹਿਨੀਅਤ ਦੀ ਪੱਕੀ ਭੋਂ ਬਣ ਗਿਆ।

ਫਿਊਡਲ ਦੌਰ ਦੇ ਬ੍ਰਾਹਮਣੀ ਹਿੰਦੂ ਮਨ ਦੀ ਇਸ ਮਨੋਵੇਗਕ ਹਾਲਤ ਵਿਚ ਉਸ ਦਾ ਇਸਲਾਮ ਦੀ ਤਰਜ਼, ਤੌਰ ਨਾਲ ਨਿਰੋਈ ਪੱਧਰ ਤੇ ਰਸਾਈ ਕਰਨ ਵੱਲ ਮੂੰਹ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਬ੍ਰਾਹਮਣੀ ਹਿੰਦੂ ਤਰਜ਼, ਤੌਰ ਨੇ ਇਸਲਾਮੀ ਤੌਰ ਤਰੀਕਿਆਂ ਨੂੰ ਹਮੇਸ਼ਾ ਆਪਣਾ ਦੁਸ਼ਮਣ ਹੀ ਮਹਿਸੂਸ ਕੀਤਾ ਅਤੇ ਉਧਰੋਂ ਇਸਲਾਮੀ ਤੌਰ ਤਰੀਕਿਆਂ ਨੇ ਵੀ ਇਸ ਵਿਚ ਕੋਈ ਗੁਣ ਘੱਟ ਹੀ ਵੇਖਿਆ। ਇਸਲਾਮੀ ਫਿਊਡਲ ਸਟੇਟ ਦੇ ਜਿੱਤ ਜਾਣ ਤੇ ਮੁਲਕ ਵਿਚ ਕਾਬਜ਼ ਹੋ ਜਾਣ ਦੇ ਬਾਵਜੂਦ ਇਸਲਾਮੀ ਫਿਊਡਲ ਕਲਚਰ ਬ੍ਰਾਹਮਣੀ ਫਿਊਡਲ ਕਲਚਰ ਉਤੇ ਉਸ ਤਰ੍ਹਾਂ ਹਾਵੀ ਵੀ ਨਾ ਹੋ ਸਕੀ ਜਿਸ ਤਰ੍ਹਾਂ ਮਗਰੋਂ ਆ ਕੇ ਪੱਛਮੀ ਬੁਰਜੂਆ ਕਲਚਰ ਸਾਡੇ ਉੱਤੇ ਹਾਵੀ ਹੋ ਗਈ। ਦੋਹਾਂ ਤੌਰ ਤਰੀਕਿਆਂ ਦੀ ਆਪਸ ਵਿਦ ਅਣਜੋੜ ਦਾ ਇਹ ਮਤਲਬ ਨਹੀਂ ਕਿ ਉਹ ਆਪਸ ਵਿਚ ਬਿਲਕੁਲ ਅਣਭਿੱਜ ਹੀ ਰਹੇ ਜਾਂ ਉਨ੍ਹਾਂ ਦੇ ਮੇਲ-ਜੋਲ ਤੋਂ ਕੁਛ ਪੈਦਾ ਹੀ ਨਾ ਹੋਇਆ। ਦੋਹਾਂ ਦੇ ਇਕ ਥਾਂ ਰਹਿੰਦਿਆਂ ਉਨ੍ਹਾਂ ਦੇ ਵਿਚਕਾਰ ਬਿਲਕੁਲ ਤੀਲੇ-ਤੋੜ ਨਹੀਂ ਸੀ ਹੋ ਸਕਦੀ। ਉਰਦੂ ਜ਼ਬਾਨ ਦਾ ਜਨਮ ਉਨ੍ਹਾਂ ਦੋਹਾਂ ਦੇ ਪਰਸਪਰ ਅਸਰਾਂ ਤੋਂ ਹੋਇਆ। ਭਗਤੀ ਲਹਿਰ ਦੇ ਵਿਕਾਸ ਉੱਤੇ ਵੀ ਬੜਾ ਨਿਰੋਆ ਅਸਰ ਪਿਆ। ਇਸਲਾਮੀ ਦਾਇਰੇ ਵਿਚੋਂ ਸੂਫ਼ੀ ਅਤੇ ਹਿੰਦੂ ਦਾਇਰੇ ਵਿਚੋਂ ਭਗਤ ਇਕ ਦੂਸਰੇ ਦੇ ਨੇੜੇ ਹੋਏ। ਨੇੜੇ ਇਸ ਵਾਸਤੇ ਹੋਏ ਕਿ ਫ਼ਰੀਦ ਵਰਗੇ ਸੂਫ਼ੀਆਂ ਅਤੇ ਕਬੀਰ ਵਰਗੇ ਭਗਤਾਂ ਦੇ ਸੱਚ ਦਾ ਮੁਹਾਣ ਫਿਊਡਲ ਪੈਂਤੜੇ ਦੇ, ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁੱਧ, ਬੰਦੇ ਦੀ ਆਜ਼ਾਦੀ ਵੱਲ ਸੀ। ਇਕ ਤਾਂ ਬੰਦੇ ਦੀ ਆਜ਼ਾਦੀ ਵਾਲੇ ਸਮਾਜ ਵਾਸਤੇ ਪਦਾਰਥਕ ਹਾਲਾਤ ਹੀ ਤਿਆਰ ਨਹੀਂ ਸਨ ਅਤੇ ਦੂਸਰੇ ਕਿਸੇ ਕਾਰਨ ਕਰਕੇ ਸੂਫ਼ੀਆਂ ਤੇ ਭਗਤਾਂ ਨੇ ਸਿੱਖ ਲਹਿਰ ਵਾਂਗ ਆਪਣੇ ਸੱਚ ਨੂੰ ਸੰਸਥਾਈ ਰੂਪ ਨਾ ਦਿੱਤਾ ਅਤੇ ਨਾ ਹੀ ਉਸ ਵਾਂਗ ਇਨਕਲਾਬੀ ਪੈਂਤੜੇ ਤੋਂ ਸਿਆਸੀ, ਫੌਜੀ ਮੈਦਾਨ ਵਿਚ ਉਤਰੇ। ਸੋ ਸੂਫ਼ੀਆਂ ਅਤੇ ਭਗਤਾਂ ਦਾ ਆਪਸ ਵਿਚ ਨੇੜ ਸਾਡੀ ਕਲਚਰ ਦਾ ਭਾਰੂ ਰੌਂ ਨਾ ਬਣ ਸਕਿਆ। ਦੋਹਾਂ ਤੌਰ ਤਰੀਕਿਆਂ ਦੀ ਆਪਸ ਵਿਚ ਰਸਾਈ ਦੀ ਸੰਭਾਵਨਾ ਅਸਲੀਅਤ ਦੀ ਸ਼ਕਲ ਇਖ਼ਤਿਆਰ ਨਾ ਕਰ ਸਕੀ। ਹਿੰਦੂ ਦਾਇਰੇ ਵਿਚ ਬ੍ਰਾਹਮਣੀ ਜ਼ਾਤਪਾਤੀ ਕਲਚਰ ਹੀ ਕਾਬਜ਼ ਰਹੀ ਅਤੇ ਇਸਲਾਮੀ ਦਾਇਰੇ ਵਿਚ ਕਾਜ਼ੀ ਵਾਲੀ ਸ਼ਰੱਈ। ਸਾਡੇ ਸਭਿਆਚਾਰਕ ਦ੍ਰਿਸ਼ ਦਾ ਉਭਰਦਾ ਮੂਲ ਅੰਗ ਇਨ੍ਹਾਂ ਦੋਹਾਂ ਤੌਰ ਤਰੀਕਿਆਂ ਦਾ ਆਪਸ ਵਿਚ ਅਣਜੋੜ ਤੇ ਵਿਰੋਧ ਹੀ ਰਿਹਾ।

(ਚਲਦਾ)



## ਫਿਰਕੇਦਾਰੀ ਦਾ ਜ਼ਹਿਰੀ ਨਾਗ ਕਿ ਰੱਸੀਆਂ ਦੇ ਸੱਪ ?

ਗੁਰਮੇਜ ਸਿੰਘ ਸ਼ਾਹਬਾਜ਼ਪੁਰੀ

**ਫਿਰਕੇਦਾਰੀ** ਕੀ ਹੈ ? ਘੱਟ-ਗਿਣਤੀਆਂ ਵੱਲੋਂ ਆਪਣੇ ਬਚਾਅ ਅਤੇ ਜੀਵਨ ਦੇ ਅਧਿਕਾਰਾਂ ਦੀ ਲੜਾਈ ਜਾਂ ਬਹੁਗਿਣਤੀ ਵੱਲੋਂ ਘੱਟ-ਗਿਣਤੀਆਂ ਨੂੰ ਦਬਾ ਕੇ ਰੱਖਣ ਅਤੇ ਉਹਨਾਂ ਦੇ ਧਰਮ, ਸਭਿਆਚਾਰ ਤੇ ਬੋਲੀ ਉਤੇ ਹਮਲਾ ਅਤੇ ਉਹਨਾਂ ਦੀ ਲੁੱਟ-ਖਸੁੱਟ ਕਰਨਾ ? ਅੱਜ ਦੇ ਸਿਆਸੀ ਹਾਲਾਤ ਨੂੰ ਮੁੱਖ ਰੱਖਦਿਆਂ ਦੇਸ਼ ਵਿਚ ਵਾਪਰਦੀਆਂ ਘਟਨਾਵਾਂ ਅਤੇ ਵੱਖ ਵੱਖ ਸੂਬਿਆਂ ਵਿਚ ਚੱਲ ਰਹੇ ਸੰਘਰਸ਼ ਇਸ ਮੁੱਖ ਸਵਾਲ ਦਾ ਜਵਾਬ ਮੰਗਦੇ ਹਨ। ਅਸਾਮ ਵਿੱਚ ਚਲ ਰਿਹਾ ਆਸੂ ਅਤੇ ਗਣਸੰਗਰਾਮ ਪ੍ਰੀਸ਼ਦ ਵੱਲੋਂ ਮੋਰਚਾ, ਕਸ਼ਮੀਰ ਦਾ ਮਸਲਾ, ਦਰਵੇਡਸਤਾਨ ਦੀ ਮੰਗ, ਅਜੋਕੇ ਵੱਧ ਅਧਿਕਾਰਾਂ ਲਈ ਚਲ ਰਹੇ ਅਕਾਲੀ ਮੋਰਚੇ ਦੀ ਸਹੀ ਸਮਝ ਇਸ ਸਵਾਲ ਦੇ ਨਿਰਣੇ ਬਗੈਰ ਨਹੀਂ ਆ ਸਕਦੀ। 1935 ਵਿੱਚ ਕਾਂਗਰਸ ਵੱਲੋਂ ਮੁਸਲਮਾਨਾਂ ਨੂੰ ਵੱਖਰੀ ਕੌਮ ਮੰਨ ਕੇ ਕਮਊਨਿਲ ਅਵਾਰਡ ਮੰਨ ਲੈਣਾ ਚੰਗੀ ਤਰ੍ਹਾਂ ਸਪਸ਼ਟ ਕਰਦਾ ਹੈ ਕਿ ਉਸ ਸਮੇਂ ਤੋਂ ਪਹਿਲਾਂ ਮੁਸਲਮ ਲੀਗ ਦੇ ਨਾਂ ਹੇਠ ਮੁਸਲਮਾਨਾਂ ਵੱਲੋਂ ਚਲ ਰਹੇ ਅੰਦੋਲਨ ਦੀ ਵਸਤੂ ਠੀਕ ਹੀ ਸੀ; ਮੁਸਲਮਾਨਾਂ ਨੂੰ ਆਪਣੇ ਜੀਵਨ ਲਈ ਅਧਿਕਾਰ ਚਾਹੀਦਾ ਸੀ। ਇਸ ਨੂੰ ਅੰਗਰੇਜ਼ ਆਪਣੇ ਫਾਇਦੇ ਲਈ ਹਿੰਦੁਸਤਾਨ ਦੇ ਵੱਖ ਵੱਖ ਫਿਰਕਿਆਂ ਵਿਚ ਧਰਮ ਦੇ ਨਾਂ 'ਤੇ ਪਾੜਾ ਪਾ ਕੇ ਵਰਤ ਰਿਹਾ ਸੀ। ਕਾਂਗਰਸ, ਜਿਸ ਦੀ ਵਾਗਡੋਰ ਉਸ ਸਮੇਂ ਦੇ ਕਾਂਗਰਸੀ ਨੇਤਾਵਾਂ, ਖਾਸ ਕਰਕੇ ਮਹਾਤਮਾ ਗਾਂਧੀ ਨੂੰ ਇਹ ਗੱਲ ਸਪਸ਼ਟ ਸੀ ਕਿ ਉਹਨਾਂ ਦੀ ਆਜ਼ਾਦੀ ਦੀ ਲੜਾਈ ਚਾਹੇ ਉਸ ਨੂੰ ਕੋਈ ਨਾਂ ਕਿਉਂ ਨਾ ਦਿੱਤਾ ਜਾਵੇ, ਸਹੀ ਅਰਥਾਂ ਵਿਚ ਲੋਕਾਂ ਦੀ ਬੰਦ ਖਲਾਸੀ ਕਰਵਾਉਣ ਲਈ ਨਹੀਂ ਸੀ ਲੜੀ ਜਾ ਰਹੀ, ਉਹ ਤਾਂ ਕੁਝ ਪੂੰਜੀਪਤੀਆਂ ਦੇ ਆਰਥਕ ਲਾਭਾਂ ਲਈ ਹੀ ਜੂਝ ਰਹੇ ਸਨ। ਮੁਸਲਮਾਨ ਪੂੰਜੀਪਤੀ ਉਸ ਆਰਥਕ ਲੁੱਟ ਨੂੰ ਕੇਵਲ ਹਿੰਦੂ ਪੂੰਜੀਪਤੀ ਤੱਕ ਹੀ ਸੀਮਤ ਨਹੀਂ ਸੀ ਰਹਿਣ ਦੇਣਾ ਚਾਹੁੰਦੇ। ਇਸ ਲਈ ਉਸ ਨੇ ਉਸ ਪਰਾਉਂਠੇ ਵਿਚੋਂ ਆਪਣੇ ਟੁਕੜੇ (ਜਿਹੜਾ ਸਾਨੂੰ ਅੰਗਰੇਜ਼ ਨੇ ਆਜ਼ਾਦੀ ਦੇ ਨਾਂ ਹੇਠ ਬਖਸ਼ਣਾ ਸੀ) ਦੀ ਮੰਗ ਕੀਤੀ।

ਮਹਾਤਮਾ ਗਾਂਧੀ ਜੋ ਇਮਾਨਦਾਰੀ ਨਾਲ ਦੇਸ਼ ਵਿੱਚ ਸਿਆਸੀ ਇਨਕਲਾਬ ਦੇ ਨਾਲ

ਨਾਲ ਆਰਥਕ, ਸਭਿਆਚਾਰਕ ਤੇ ਸਮਾਜੀ ਇਨਕਲਾਬ ਵੀ ਚਾਹੁੰਦੇ ਹੁੰਦੇ ਤਾਂ ਉਹ ਉਸ ਸਮੇਂ ਦੇ ਲੋਕਾਂ ਦੇ ਜੋਸ਼ ਨੂੰ ਲਗਾਮਾਂ ਪਾ ਪਾ ਕੇ ਨਾ ਰੱਖਦੇ ਅਤੇ ਇੱਥੋਂ ਦੇ ਅਣਖੀਲੇ ਨੌਜਵਾਨ ਆਪਣੀ ਕੁਰਬਾਨੀ ਦੇ ਜ਼ੋਰ 'ਤੇ ਅੰਗਰੇਜ਼ ਨੂੰ ਮਾਰ ਮਾਰ ਕੇ ਸਮੁੰਦਰ ਵਿਚ ਡੋਬ ਦਿੰਦੇ। ਪਰ ਗਾਂਧੀ ਜੀ ਦਾ ਮੰਤਵ ਕੁਝ ਹੋਰ ਸੀ ਤਾਂ ਹੀ ਜਦ ਵੀ ਆਜ਼ਾਦੀ ਸੰਗਰਾਮ ਅੰਗਰੇਜ਼ ਨੂੰ ਜ਼ਬਰਦਸਤੀ ਕੱਢਣ ਵਾਲੇ ਪਾਸੇ ਤੁਰਿਆ ਤਾਂ ਗਾਂਧੀ ਜੀ ਉਸ ਅੱਗੇ ਕੰਧ ਬਣ ਕੇ ਖਲੋ ਗਏ। 1932 ਦਾ ਡੰਡੀ ਮਾਰਚ, ਚੌਰਾ ਚੌਰੀ ਲਹਿਰ, ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਫਾਂਸੀ ਦੇ ਰਸਿਆਂ ਨੂੰ ਚੁੰਮਣਾ ਤੇ ਗਾਂਧੀ ਜੀ ਦਾ ਸੁਭਾਸ਼ ਚੰਦਰ ਬੋਸ ਦੇ ਪਟਾਬਈ ਸੀਤਾ-ਰਮਈਆ ਨੂੰ ਹਰਾ ਕੇ ਕਾਂਗਰਸ ਦਾ ਪ੍ਰਧਾਨ ਚੁਣੇ ਜਾਣ ਨੂੰ ਆਪਣੀ ਨਿੱਜੀ ਹਾਰ ਸਮਝ ਕੇ ਸੁਭਾਸ਼ ਚੰਦਰ ਬੋਸ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰਨਾ—ਇਹ ਸਾਰੀਆਂ ਇੱਕੋ ਹੀ ਸੰਗਲ ਦੀਆਂ ਵੱਖ ਵੱਖ ਕੜੀਆਂ ਸਨ। ਗਾਂਧੀ-ਇਰਵਨ ਸਮਝੌਤੇ ਦੀ; ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੇਣੀ ਮੰਨ ਲੈਣੀ ਇਕ ਸੀਕਰੇਟ ਕਲਾਜ਼ ਸੀ, ਜਿਹੜੀ ਅੱਜ ਵੀ ਬ੍ਰਿਟਿਸ਼ ਆਰਕਾਈਵਜ਼ ਵਿਚ ਪਈ ਵੇਖੀ ਜਾ ਸਕਦੀ ਹੈ। ਗਾਂਧੀ ਜੀ ਦਾ 1942 ਦੀ ਸਿੱਖਰਾਂ 'ਤੇ ਗਈ ਲੋਕ-ਲਹਿਰ ਥੱਲਿਉਂ ਪੌੜੀ ਖਿੱਚ ਲੈਣਾ ਅਤੇ ਆਗ਼ਾ ਖਾਂ ਪੈਲਿਸ ਪੂਨੇ 'ਚੋਂ ਰਿਹਾ ਹੋ ਕੇ ਇਸ ਅੰਦੋਲਨ ਨੂੰ ਵਾਪਸ ਲੈ ਲੈਣ ਨਾਲੋਂ ਦੇਸ਼ ਨਾਲ ਹੋਰ ਕੀ ਵੱਡਾ ਧਰੋਹ ਹੋ ਸਕਦਾ ਸੀ?

ਬੰਗਾਲ ਵਿਚ 1945 ਦੇ ਪਏ ਕਾਲ ਸਮੇਂ 35 ਲੱਖ ਲੋਕਾਂ ਦਾ ਕੀੜਿਆਂ ਦੀ ਤਰ੍ਹਾਂ ਮਰ ਜਾਣਾ ਅਤੇ 20 ਲੱਖ ਲੋਕਾਂ ਦਾ ਉਸ ਕਾਲ ਦੇ ਕਾਰਨ ਉਤਪੰਨ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਜਾਨਾਂ ਗੰਵਾਂ ਬੈਠਣਾ ਨਹਿਰੂ ਦੇ ਸ਼ਬਦਾਂ ਅਨੁਸਾਰ "ਇਹ 55 ਲੱਖ ਲੋਕਾਂ ਦੀਆਂ ਜਾਨਾਂ ਬਚ ਸਕਦੀਆਂ ਸਨ ਜੇ ਲੋਕ ਇਕ ਦਰਜਨ ਜ਼ਖ਼ੀਰੇਬਾਜ਼ਾਂ, ਮੋਨਾਫ਼ਾਖੋਰਾਂ ਨੂੰ ਗਲ ਵਿਚ ਰੱਸੇ ਪਾ ਕੇ ਧੂਹ ਧੂਹ ਕੇ ਮਾਰ ਕੇ ਬਾਜ਼ਾਰਾਂ ਵਿਚ ਬੱਤੀਆਂ ਦੇ ਖੰਬਿਆਂ ਨਾਲ ਟੰਗ ਦਿੰਦੇ।" ਉਹੀ ਨਹਿਰੂ ਰਾਜ-ਸਤਾ ਹੱਥ ਵਿਚ ਆ ਜਾਣ 'ਤੇ ਉਹਨਾਂ ਜ਼ਖ਼ੀਰੇਬਾਜ਼ਾਂ ਤੇ ਮੁਨਾਫ਼ਾਖੋਰਾਂ ਨੂੰ ਧੂਹ ਕੇ ਬਿਜਲੀ ਦੇ ਖੰਬਿਆਂ ਨਾਲ ਲਟਕਾਉਣ ਦੀ ਥਾਂ ਉਹਨਾਂ ਦੀਆਂ ਜੜ੍ਹਾਂ ਪਾਤਾਲ ਤੱਕ ਡੂੰਘੀਆਂ ਗੱਡ ਗਿਆ ਹੈ। ਪਾਰਲੀਮੈਂਟ ਦੀ ਰਿਪੋਰਟ ਅਨੁਸਾਰ 1982 ਵਿਚ ਦੇਸ਼ ਦੇ 75 ਘਰਾਣਿਆਂ ਕੋਲ ਦੇਸ਼ ਦੀ ਕੁਲ ਧਨ ਰਾਸ਼ੀ ਦਾ 52.3% ਹਿੱਸਾ ਸੀ। ਹੁਣ 100 ਘਰਾਣਿਆਂ ਕੋਲ 75% ਹੈ। ਇਕ ਸਾਲ ਵਿਚ ਬਿਰਲਾ ਪਰਵਾਰ ਦੀ ਪੂੰਜੀ ਸੱਤ ਹਜ਼ਾਰ ਕਰੋੜ ਤੋਂ ਵੱਧ ਕੇ 11 ਹਜ਼ਾਰ ਕਰੋੜ ਹੋ ਗਈ ਹੈ ਅਤੇ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਜਿਸ ਨੇ ਇੰਦਰਾ ਗਾਂਧੀ ਨੂੰ 1977 ਦੀਆਂ ਚੋਣਾਂ ਸਮੇਂ ਜੀਪਾਂ ਦੇ ਕੇ ਨਿਵਾਜਿਆ ਸੀ, ਉਹਨਾਂ ਦੀ ਧਨ ਰਾਸ਼ੀ ਇੱਕੋ ਸਾਲ ਵਿਚ ਚੌਣੀ ਹੋ ਗਈ ਹੈ। ਗਾਂਧੀ ਜੀ ਨੇ ਨਹਿਰੂ ਨੂੰ ਆਪਣੇ ਜੀਉਂਦੇ ਜੀਅ ਆਪਣਾ ਉਤਰ-ਅਧਿਕਾਰੀ ਥਾਪ ਦਿੱਤਾ ਸੀ ਅਤੇ 1947 ਵਿਚ ਲੋਕਾਂ ਦਾ ਨਹਿਰੂ ਵੱਲ ਏਨਾ ਪਿਆਰ ਸੀ ਕਿ ਜੇ ਉਹ ਇਮਾਨਦਾਰੀ ਨਾਲ ਗਰੀਬ ਤੇ ਦਲਤ ਲੋਕਾਂ ਦਾ ਰਖਵਾਲਾ ਹੁੰਦਾ ਤਾਂ ਉਹ ਕਲਮ ਦੀ ਇਕ ਨੋਕ ਨਾਲ ਇਹ ਸਭ ਕੁਝ ਕਰ ਸਕਦਾ ਸੀ ਅਤੇ ਹਿੰਦੁਸਤਾਨ ਵਿਚ ਉਸ ਸਮੇਂ ਕੋਈ ਮਾਈ ਦਾ ਲਾਲ ਉਸ ਨੂੰ ਇਹ ਕਰਨੋਂ ਨਹੀਂ ਸੀ ਰੋਕ ਸਕਦਾ। ਲੋਕ ਉਹਨਾਂ ਪੂੰਜੀਪਤੀਆਂ ਨੂੰ ਕੀਮਾ ਕੀਮਾ ਕਰ ਦਿੰਦੇ ਜੇ ਉਹ ਨਹਿਰੂ ਵੱਲੋਂ ਉਹਨਾਂ ਦੇ ਅਧਿਕਾਰ ਖੋਹਣ ਦੇ ਯਤਨਾਂ ਦੀ ਵਿਰੋਧਤਾ ਕਰਦੇ। ਪਰ ਨਹਿਰੂ ਤਾਂ ਆਪਣੇ "ਬਾਪੂ" ਮਹਾਤਮਾ ਗਾਂਧੀ ਵਾਂਗ ਉਹਨਾਂ ਪੂੰਜੀਪਤੀਆਂ ਦਾ ਹੋ ਕੇ ਰਹਿ ਗਿਆ ਜੋ ਮਹਾਤਮਾ ਗਾਂਧੀ ਨੂੰ ਕੋਰੇ ਚੈਕ ਦੇ ਦਿੰਦੇ ਰਹੇ



ਕਿ ਜਿੰਨੀ ਚਾਹੇ ਉਹ ਉਸ 'ਤੇ ਰਕਮ ਲਿਖ ਕੇ ਉਹਨਾਂ ਦੇ ਖਾਤਿਆਂ 'ਚੋਂ ਪੈਸੇ ਕਢਵਾ ਕੇ ਅੰਦੋਲਨ ਨੂੰ ਚਲਦਾ ਰੱਖੇ ਤੇ ਅੰਗਰੇਜ਼ਾਂ ਕੋਲੋਂ ਤਾਕਤ ਦਾ ਪੁਰਅਮਨ ਵਟਾਂਦਰਾ ਕਰਵਾ ਦੇਵੇ। ਤਾਕਤ ਕਿਸੇ ਹਾਲਤ ਵਿਚ ਵੀ ਲੋਕਾਂ ਦੇ ਹੱਥ ਵਿਚ ਨਾ ਚਲੀ ਜਾਵੇ। ਗਾਂਧੀ ਉਹਨਾਂ ਪੂੰਜੀ-ਪਤੀਆਂ ਦਾ ਏਨਾ ਵਫ਼ਾਦਾਰ ਸੇਵਕ ਸੀ ਕਿ 1946-47 ਵਿਚ ਜਦ ਗੋਰਖਿਆਂ ਦੀ ਪੁਲੀਸ ਤੇ ਸਮੁੰਦਰੀ ਸੈਨਾ ਵੱਲੋਂ ਬਗਾਵਤ ਕੀਤੀ ਗਈ ਤਾਂ ਗਾਂਧੀ ਨੇ ਉਹਨਾਂ ਦੇਸ਼ ਭਗਤਾਂ ਨੂੰ ਗੁੰਡੇ ਕਿਹਾ। ਭਾਵਕਤਾ ਵਿਚ ਆਏ ਲੋਕ ਗਾਂਧੀ ਦੀ ਇਸ ਕੁਟਲ ਨੀਤੀ ਨੂੰ ਸਮਝਣ ਤੋਂ ਅਸਫਲ ਰਹੇ। ਐਦੁਆਰਦ ਬਗਰਾਮੋਵ ਦੇ ਇਹ ਸ਼ਬਦ ਸਪਸ਼ਟ ਹਨ ਕਿ "ਲੋਟੂ ਜਮਾਤ ਦੇ ਆਰਥਕ ਹਿੱਤ ਕੌਮਾਂ ਵਿਚਕਾਰ ਅਤੇ ਇਕੋ ਦੇਸ਼ ਦੀਆਂ ਵੱਖ ਵੱਖ ਨਸਲਾਂ ਤੇ ਕੌਮੀਅਤਾਂ ਦੇ ਪ੍ਰਤੀਨਿਧਾਂ ਵਿਚਕਾਰ ਝਗੜਿਆਂ ਅਤੇ ਟੱਕਰਾਂ ਨੂੰ ਜਨਮ ਦਿੰਦੇ ਰਹੇ ਹਨ।" ਕਾਂਗਰਸ ਤੇ ਮੁਸਲਿਮ ਲੀਗ ਦਾ ਝਗੜਾ ਸਮਝਣ ਲਈ ਇਸ ਤੋਂ ਵੱਧ ਸਪਸ਼ਟਤਾ ਦੀ ਲੋੜ ਨਹੀਂ ਪਰ ਗਾਂਧੀ ਜੀ ਦੀ ਕੁਟਲਤਾ ਸਮਝਣ ਲਈ ਇਸ ਤੋਂ ਥੋੜ੍ਹਾ ਅੱਗੇ ਜਾਣਾ ਪਵੇਗਾ। ਬਗਰਾਮੋਵ ਦੇ ਇਹ ਸ਼ਬਦ ਇਕ ਸੱਚ ਹਨ ਕਿ "ਜਦੋਂ ਕੌਮੀ ਸੁਆਧੀਨਤਾ ਜਿੱਤ ਲਈ ਜਾਂਦੀ ਹੈ ਅਤੇ ਸਮਾਜਕ ਬੰਦ-ਖਲਾਸੀ ਲਈ ਸੰਗਰਾਮ ਦਾ ਇਕ ਨਵਾਂ ਪੜਾਅ ਸ਼ੁਰੂ ਹੁੰਦਾ ਹੈ, ਕੌਮਵਾਦ ਕਈ ਵਾਰ ਕਿਰਤੀ ਲੋਕਾਂ ਦੇ ਸਮੂਹਾਂ ਨੂੰ ਆਪਣੀ ਕੌਮ ਦੇ ਲੋਕਾਂ ਵਿਚੋਂ ਲੁਟੇਰੇ ਪਛਾਨਣੋਂ ਰੋਕਦਾ ਹੈ। ਇਸ ਢੰਗ ਨਾਲ ਕੌਮਵਾਦ ਅਗੇ-ਵਧੂ ਤਾਕਤਾਂ ਦਾ ਹਥਿਆਰ ਨਹੀਂ ਰਹਿ ਜਾਂਦਾ ਅਤੇ ਪਿੱਛੇ-ਖਿਚੂ ਤਾਕਤਾਂ ਦਾ ਸੰਦ ਬਣ ਜਾਂਦਾ ਹੈ, ਜੋ ਉਹਨੂੰ ਲਟੇਰਿਆਂ ਦਾ ਗ਼ਲਬਾ ਮਜ਼ਬੂਤ ਕਰਨ ਲਈ ਵਰਤਦੀਆਂ ਹਨ ਅਤੇ ਕੌਮ ਦੇ ਅੰਦਰ ਜਮਾਤੀ ਅਮਨ ਦਾ ਸੱਦਾ ਦਿੰਦੀਆਂ ਹਨ। ਅਜਿਹੀਆਂ ਹਾਲਤਾਂ ਵਿਚ ਕੌਮੀਵਾਦੀ ਤਾਕਤਾਂ ਦਾ ਸਮਰਥਨ ਕਰਨਾ ਬੰਦ ਕਰਨ ਲਈ ਅਤੇ ਪਿੱਛੇ-ਖਿੱਚੂਆਂ ਨਾਲ ਉਹਨਾਂ ਦੇ ਗੱਠ-ਜੋੜ ਦੀ ਆਲੋਚਨਾ ਤੇ ਨਿੰਦਿਆ ਕਰਨ ਲਈ ਕਮਿਊਨਿਸਟ ਮਜਬੂਰ ਹੁੰਦੇ ਹਨ।"

ਅੱਜ ਦੇਸ਼ ਦੀ ਸਵਾਧੀਨਤਾ ਤੋਂ 35 ਸਾਲ ਉਪਰੰਤ ਵੀ ਜਦ ਦੇਸ਼ ਦੀਆਂ ਘੱਟ-ਗਿਣਤੀਆਂ ਆਪਣੇ ਬਚਾਅ ਅਤੇ ਜੀਊਣ ਦੇ ਅਧਿਕਾਰਾਂ ਦੀ ਤੇ ਸਵੈ-ਨਿਰਣੇ ਦੇ ਅਧਿਕਾਰ ਦੀ ਮੰਗ ਕਰਦੀਆਂ ਹਨ ਤਾਂ ਇਸ ਨੂੰ ਫਿਰਕੇਦਾਰੀ ਕਿਹਾ ਜਾਂਦਾ ਹੈ। ਪਰ ਦੇਸ਼ ਦੀ ਬਹੁਗਿਣਤੀ ਵੱਲੋਂ ਘੱਟ-ਗਿਣਤੀਆਂ ਦੇ ਧਰਮ, ਸਭਿਆਚਾਰ ਤੇ ਬੋਲੀ 'ਤੇ ਜੋ ਇਸ ਵੇਲੇ ਹਮਲੇ ਕੀਤੇ ਜਾ ਰਹੇ ਹਨ ਕੀ ਉਹ ਫਿਰਕਾ-ਪ੍ਰਸਤੀ ਨਹੀਂ? ਗੱਲ ਤਾਂ ਇਹ ਹੈ "ਉਸ ਦੀ ਬੰਦੂਕ ਵੀ ਚਲੇ ਤਾਂ ਅਮਨ ਖਾਤਰ, ਸਾਡਾ ਤਾ ਇੱਕ ਹਰਫ਼ ਵੀ ਬਗਾਵਤ ਹੈ।" (ਬਲਬੀਰ ਆਤਿਸ਼)।

ਪੰਜਾਬ ਵਿਚ ਹੋਏ ਬੇਦੋਸ਼ੇ ਹਿੰਦੂਆਂ ਦੇ ਕਤਲਾਂ ਨੂੰ ਕੋਈ ਵੀ ਸੂਝਵਾਨ ਵਿਅਕਤੀ ਠੀਕ ਨਹੀਂ ਕਹਿ ਸਕਦਾ ਤੇ ਉਹਨਾਂ ਦੀ ਨਿੰਦਿਆ ਕਰਦਾ ਹੈ। ਪਰ ਉਹਨਾਂ ਨੂੰ ਕਿਸੇ ਘੱਟ ਗਿਣਤੀ ਦੇ ਫ਼ਿਰਕੇ ਦੇ ਨਾਂ ਬਦੋਬਦੀ ਮੜ੍ਹੀ ਜਾਣਾ ਅਤੇ ਉਸ ਦੀ ਕਿਸੇ ਸੁਪਰੀਮ ਕੋਰਟ ਦੇ ਜੱਜ ਪਾਸੋਂ ਜਾਂਚ ਕਰਵਾ ਕੇ ਲੋਕਾਂ ਸਾਹਮਣੇ ਸਰਕਾਰ ਵੱਲੋਂ ਤੱਥ ਪੇਸ਼ ਨਾ ਕਰਨਾ ਸਰਕਾਰ ਦੀ ਨੀਅਤ 'ਤੇ ਮੱਲੋ-ਮੱਲੀ ਸ਼ੱਕ ਕਰਨ ਲਈ ਹਰ ਇਮਾਨਦਾਰ ਵਿਅਕਤੀ ਨੂੰ ਮਜਬੂਰ ਕਰਦੇ ਹਨ। ਚਲੋ ਇਹ ਵੀ ਛੱਡੋ। ਅੱਜ ਮੇਰਠ ਦੇ ਫਸਾਦ, ਜਿਹਨਾ ਵਿਚ ਗਰੀਬ ਮੁਸਲਮਾਨ ਤੇ ਹਰੀਜਨ ਮਾਰੇ ਜਾ ਰਹੇ ਹਨ ਤੇ ਉਹਨਾਂ ਦੇ ਘਰ-ਬਾਰ ਫੂਕੇ ਜਾ ਰਹੇ ਹਨ, ਕੌਣ ਕਰ ਰਿਹਾ ਹੈ? ਕੀ ਹੁਣ ਵੀ ਇਹ ਕਿਸੇ ਪਾਸੋਂ ਗੁੱਝੀ ਹੋਈ ਗੱਲ ਹੈ ਕਿ ਉਥੋਂ ਦੀ ਬਹੁ-ਗਿਣਤੀ ਵੱਲੋਂ, ਰਾਜ ਸਰਕਾਰ ਦੀ ਸ਼ਹਿ ਨਾਲ ਇਹ ਸਭ ਕੁਝ ਹੋ ਰਿਹਾ ਹੈ। ਬਿਹਾਰ ਵਿਚ ਹਰੀਜਨਾਂ ਦੇ ਕਤਲੇਆਮ ਦਾ

ਕੌਣ ਜ਼ਿੰਮੇਵਾਰ ਹੈ ? ਜੰਮੂ ਵਿਚ ਪਿਛਲੇ ਕੁਝ ਦਿਨਾਂ ਵਿਚ ਫਸਾਦ ਕਿਸ ਵਲੋਂ ਕੀਤੇ ਜਾ ਰਹੇ ਹਨ ? ਸਪਸ਼ਟ ਹੈ ਕਿ ਇਹ ਸਭ ਕੁਝ ਵੱਖੋ ਵੱਖ ਧਰਮਾਂ ਤੇ ਇੱਕ ਧਰਮ ਦੇ ਵੱਖ ਵੱਖ ਤਬਕਿਆਂ ਵਿਚ ਪਾੜਾ ਪਾਉਣ ਲਈ ਸਰਕਾਰ ਦੇ ਵਿਉਂਤ-ਬੱਧ ਯਤਨ ਹਨ । ਨਹੀਂ ਤਾਂ ਕੋਈ ਕਾਰਨ ਨਹੀਂ ਕਿ ਬਿਹਾਰ ਵਿਚ ਕਾਂਗਰਸੀ ਸਰਕਾਰ ਦੇ ਹੁੰਦਿਆਂ ਉਥੋਂ ਦੀ ਹਿੰਦੂ ਬਹੁ-ਗਿਣਤੀ ਉਥੋਂ ਦੇ ਹਿੰਦੂ ਹਰੀਜਨਾਂ ਨੂੰ ਮਾਰ ਕੇ ਇਸ ਤਰ੍ਹਾਂ ਖ਼ੂਨ ਦੀਆਂ ਨਦੀਆਂ ਵਹਾ ਦੇਂਦੀ ।

ਮੈਂ ਮਾਰਕਸੀ ਵਿਚਾਰਧਾਰਾ ਦਾ ਧਾਰਨੀ ਹੁੰਦਿਆਂ ਹੋਇਆਂ ਕਿਸੇ ਹਾਲਤ ਵਿਚ ਵੀ ਧਰਮ ਦੇ ਆਧਾਰ 'ਤੇ ਰਾਜ ਦਾ ਹਾਮੀ ਨਹੀਂ ਹੋ ਸਕਦਾ ਪਰ ਜੇ ਘੱਟ-ਗਿਣਤੀਆਂ ਨੂੰ ਅੰਗਰੇਜ਼ੀ ਦੇ ਅਖਾਣ ਵਾਂਗ ਕੁੱਤੇ ਨੂੰ ਹਲਕਾ ਆਖ ਕੇ ਮਾਰਨ ਲਈ ਹੀ ਕੀਤਾ ਜਾ ਰਿਹਾ ਹੋਵੇ ਤਾਂ ਫਿਰ ਕੀ ਕੀਤਾ ਜਾਵੇ ? ਠੀਕ ਹੈ ਲੋਟੂ ਜਮਾਤਾਂ ਵੱਲੋਂ ਖੜੀਆਂ ਕੀਤੀਆਂ ਗਈਆਂ ਕੌਮੀ ਰੋਕਾਂ, ਕੌਮਾਂ ਤੇ ਕੌਮੀਅਤਾਂ ਵਿਚਕਾਰ ਅਣਬਣ ਤੇ ਬੇਵਿਸਾਹੀ ਨੇ ਅਤੇ ਕੌਮ ਦੀ ਨਾ-ਬਰਾਬਰੀ ਨੇ ਬਹੁਤ ਤਿੱਖੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ ਜਿੰਨ੍ਹਾਂ ਨੇ ਕੌਮੀ ਤਰੱਕੀ ਦਾ ਰਾਹ ਰੋਕ ਲਿਆ ਹੈ । ਪਰ ਕੀ ਇਸ ਰੋਕ ਲਈ ਜ਼ਿੰਮੇਵਾਰ ਦੇਸ਼ ਦੀਆਂ ਘੱਟ ਗਿਣਤੀਆਂ ਹਨ ਜਾਂ ਦੇਸ਼ ਦੀ ਬਹੁ-ਗਿਣਤੀ ? ਪੰਜਾਬ ਵਿਚ ਅਕਾਲੀਆਂ ਵੱਲੋਂ ਸੂਬਿਆਂ ਦੇ ਵਧ ਅਧਿਕਾਰਾਂ ਲਈ ਚਲਾਏ ਜਾ ਰਹੇ ਅੰਦੋਲਨ ਕਾਰਨ ਸੂਬੇ ਦੇ ਵਿਉਪਾਰ ਤੇ ਇੰਡਸਟਰੀ 'ਤੇ ਕਝ ਮਾੜਾ ਅਸਰ ਜ਼ਰੂਰ ਪਿਆ ਹੈ, ਜਿਸ ਦੀ ਸਾਰੀ ਜ਼ਿੰਮੇਵਾਰੀ ਅੰਦੋਲਨ ਚਲਾ ਰਹੇ ਅਕਾਲੀ ਦਲ ਦੇ ਸਿਰ ਮੜ੍ਹੀ ਜਾ ਰਹੀ ਹੈ, ਪਰ ਮਹਾਂਰਾਸ਼ਟਰ ਵਿਚ ਕਿੰਨੇ ਚਿਰ ਤੋਂ ਕਪੜਾ ਮਿੱਲਾਂ ਵਿਚ ਹੜਤਾਲ ਹੋਈ ਹੋਈ ਹੈ, ਉਸ ਲਈ ਕੌਣ ਜ਼ਿੰਮੇਵਾਰ ਹੈ ? ਕੀ ਉਸ ਹੜਤਾਲ ਲਈ ਉਥੋਂ ਦੇ ਦਿਹਾੜੀਦਾਰਾਂ/ਮਜ਼ਦੂਰਾਂ ਨੂੰ, ਜੋ ਭੁੱਖੇ ਮਰ ਕੇ ਅਤੇ ਆਪਣੇ ਬੱਚਿਆਂ ਨੂੰ ਭੁੱਖੇ ਮਾਰ ਕੇ ਉਹ ਅੰਦੋਲਨ ਚਲਾ ਰਹੇ ਹਨ, ਦੋਸ਼ੀ ਠਹਿਰਾਈਏ ਜਾਂ ਉਥੋਂ ਦੇ ਪੂੰਜੀਪਤੀਏ ਮਿਲ-ਮਾਲਕਾਂ ਨੂੰ ਜੋ ਆਪਣੇ ਲਾਲਚ ਲਈ ਉਥੋਂ ਦੀ ਮਜ਼ਦੂਰ ਜਮਾਤ ਨਾਲ ਜ਼ੁਲਮ ਕਰ ਰਹੇ ਹਨ ਅਤੇ ਉਹਨਾਂ ਨੂੰ ਜੀਊਣ ਲਈ ਚਾਹੀਦਾ ਘੱਟ ਤੋਂ ਘੱਟ ਵੇਤਨ ਦੇਣ ਤੋਂ ਵੀ ਇਨਕਾਰ ਕਰਦੇ ਹਨ ! ਮਹਾਂਰਾਸ਼ਟਰ ਵਿਚ ਤਾਂ ਕੋਈ ਅਕਾਲੀ ਦਲ ਅੰਦੋਲਨ ਨਹੀਂ ਚਲਾ ਰਿਹਾ !

ਪਹਿਲੀ ਗੱਲ ਕਿ ਪੰਜਾਬੀ ਲੋਕ ਆਪਣੇ ਲਈ ਸਵੈਨਿਰਣੇ ਅਤੇ ਸੂਬਾਈ ਖ਼ੁਦਮੁਖ਼ਤਾਰੀ ਦੇ ਅਧਿਕਾਰਾਂ ਦੀ ਮੰਗ ਕਰ ਕੇ ਸਮੁੱਚੇ ਪੰਜਾਬ ਦੇ ਭਲੇ ਦੀ ਗੱਲ ਕਰ ਰਹੇ ਹਨ । ਜੇ ਇਹ ਗੱਲ ਕਰਦਿਆਂ ਕੁਝ ਸਮੇਂ ਲਈ ਵਿਉਪਾਰ ਤੇ ਸਨਅਤ 'ਤੇ ਬੁਰਾ ਪ੍ਰਭਾਵ ਪਿਆ ਹੈ ਤਾਂ ਇਸ ਨੂੰ ਅਕਾਲੀਆਂ ਦੇ ਸਿਰ ਮੜ੍ਹਨ ਨਾਲੋਂ ਡਾਕਟਰਾਂ ਦੇ ਕਿਸੇ ਦੀ ਹੱਡੀ ਟੁਟ ਜਾਣ ਤੇ ਉਸਨੂੰ ਸਿੱਧੇ ਰੱਖਣ ਲਈ ਪਹਿਲਾਂ ਭਾਰ ਬੰਨ੍ਹਕੇ ਖਿੱਚੀ ਰਖਣਾ ਤੇ ਪਿਛੋਂ ਪਲਸਤਰ ਕਰ ਦੇਣ ਵਾਂਗ, ਜੋ ਕੇਵਲ ਮਰੀਜ਼ ਦੇ ਹਿਤ ਲਈ ਕੀਤਾ ਜਾਂਦਾ ਹੈ, ਡਾਕਟਰ ਦਾ ਮਰੀਜ਼ ਨੂੰ ਮਾਰਨ ਦਾ ਇਰਾਦਾ ਨਹੀਂ ਹੁੰਦਾ ਅਤੇ ਨਾ ਹੀ ਡਾਕਟਰ ਦੇ ਦਿਲ ਵਿੱਚ ਉਸ ਮਰੀਜ਼ ਪ੍ਰਤੀ ਕੋਈ ਮੰਦੀ ਭਾਵਨਾ ਹੁੰਦੀ ਹੈ, ਇਸ ਅੰਦੋਲਨ ਕਾਰਨ ਆਈ ਕਠਨਾਈ ਨੂੰ ਲੈਣਾ ਚਾਹੀਦਾ ਹੈ । ਪੰਜਾਬ ਨੂੰ ਖ਼ੁਦ-ਮੁਖਤਾਰੀ ਮਿਲ ਜਾਣ 'ਤੇ ਸਾਡਾ ਬਿਉਪਾਰ ਤੇ ਸਨਅਤ ਇੰਨੀ ਵਧੇ ਫੁੱਲੇਗੀ ਕਿ ਉਹ ਹਿੰਦੁਸਤਾਨ ਵਿਚ ਜਪਾਨ ਜਾਂ ਹਾਂਗਕਾਂਗ ਵਾਂਗ ਸਭ ਤੋਂ ਵੱਧ ਉਨਤ ਖਿੱਤਾ ਬਣ ਜਾਵੇਗਾ । ਪਰ ਜੇ ਸਰਕਾਰ ਰੱਸੀਆਂ ਦੇ ਸੱਪਾਂ ਨੂੰ ਫਨੀਅਰ ਨਾਗ ਦੱਸ ਕੇ ਲੋਕਾਂ ਦੇ ਸਾਹਮਣੇ ਇਸ ਲਈ ਪੇਸ਼ ਕਰ ਰਹੀ ਹੈ ਤਾਂ ਜੋ ਉਹਨਾਂ ਅਜਾਰੇਦਾਰਾਂ ਦੇ **100** ਟੱਬਰ ਜੋ ਦੇਸ਼ ਦੇ **75%** ਧਨ ਰਾਸ਼ੀ



'ਤੇ ਜੱਫਾ ਮਾਰੀ ਬੈਠੇ ਹਨ ਉਹਨਾਂ ਨੂੰ ਤੱਤੀ ਵਾ' ਨਾ ਲੱਗੇ, ਗਰੀਬ ਪੈਣ ਢੱਠੇ ਖੂਹ ਵਿੱਚ ਤਾਂ ਫਿਰ ਇਸ ਨਾਲੋਂ ਵੱਡੀ ਬਦਕਿਸਮਤੀ ਕੀ ਹੋ ਸਕਦੀ ਹੈ ?

ਸੂਬਿਆਂ ਦੀ ਖ਼ੁਦਮੁਖਤਾਰੀ ਦੀ ਮੰਗ ਸਮੇਂ ਦੇ ਦੁਵੰਦ ਦੀ ਉਪਜ ਹੈ ਅਤੇ ਇਹ ਮਿਕਦਾਰ ਤੇ ਮੇਲ ਦੀ ਤਬਦੀਲੀ ਸਮੇਂ ਦਾ ਵੇਗ ਲਿਆ ਰਿਹਾ ਹੈ । ਇਹ ਵੇਗ ਰੁਕਣਾ ਨਹੀਂ । ਦੇਸ਼ ਦੇ ਅਜ ਰੇਦਾਰਾਂ ਦੀ ਕਠਪੁਤਲੀ ਸਰਕਾਰ ਘਟ-ਗਿਣਤੀਆਂ ਤੇ ਸੂਬਿਆਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਮੰਨਣ ਦੀ ਥਾਂ ਆਪ ਫ਼ਿਰਕੇਦਾਰੀ ਦੀ ਅੱਗ ਨੂੰ ਤੇਲ ਪਾ ਪਾ ਬਾਲ ਰਹੀ ਹੈ ਅਤੇ ਉਲਟੀ ਉਹਨਾਂ ਮਜ਼ਲੂਮ ਘਟ-ਗਿਣਤੀਆਂ 'ਤੇ ਫਿਰਕੇਦਾਰੀ ਦੇ ਵਿਸ਼ੀਅਰ ਨਾਗਾਂ ਨੂੰ ਖੁਲ੍ਹੇ ਛੱਡਣ ਦਾ ਦੋਸ਼ ਲਾ ਰਹੀ ਹੈ । ਇਹ ਤਾਂ ਚੋਰ ਦੇ ਕੋਤਵਾਲ ਨੂੰ ਡਾਂਟਣ ਵਾਲੀ ਗੱਲ ਹੈ । ਮਾਰਕਸ ਦੇ ਇਹ ਸ਼ਬਦ ਕਿ ਦੁਨੀਆਂ ਦੇ ਅਜਾਰੇਦਾਰੋ, ਇਹ ਕਦੀ ਨਾ ਭੁੱਲੋ ਕਿ ਤੁਹਾਡੀਆਂ ਕਬਰਾਂ ਪੁੱਟਣ ਵਾਲੇ ਤੁਹਾਡੇ ਬੂਹਿਆਂ ਅੱਗੇ ਖੜੇ ਹਨ; ਦੇਸ਼ ਦੀ ਅਜੋਕੀ ਹਾਲਤ 'ਤੇ ਚੰਗੀ ਤਰ੍ਹਾਂ ਢੁਕਦੇ ਹਨ । ਮੈਂ ਦੇਸ਼ ਦੇ ਸਾਰੇ ਸੂਬਿਆਂ ਦੇ ਬੁੱਧੀਜੀਵੀਆਂ ਤੇ ਅਗਾਂਹ-ਵਧੂ ਵਿਚਾਰਧਾਰਾ ਰੱਖਣ ਵਾਲਿਆਂ ਨੂੰ ਅਤੇ ਉਚੇਚੇ ਤੌਰ 'ਤੇ ਆਪਣੇ ਪੰਜਾਬੀ ਹਿੰਦੂ ਵੀਰਾਂ ਨੂੰ ਇਹਨਾਂ ਅਜਾਰੇਦਾਰਾਂ ਦੇ ਲੋਕਾਂ ਦੀਆਂ ਸਹੀ ਮੰਗਾਂ ਨੂੰ ਮੰਨਣ ਦੀ ਥਾਂ ਉਹਨਾਂ ਨੂੰ ਫਿਰਕੂ ਕਹਿ ਕੇ ਰੱਸੀਆਂ ਦੇ ਸੱਪ ਬਣਾਉਣ ਦੀ ਸਾਜ਼ਸ਼ ਤੋਂ ਸੁਚੇਤ ਕਰਦਾ ਹਾਂ ਅਤੇ ਆਸ ਰਖਦਾ ਹਾਂ ਕਿ ਉਹ ਪੰਜਾਬੀਆਂ ਤੋਂ ਪਰੇਰਨਾ ਲੈਂਦੇ ਹੋਏ ਹਰ ਸੂਬੇ ਵਿਚ ਅੰਦਰੂਨੀ ਖ਼ੁਦਮੁਖਤਾਰੀ ਤੇ ਸਵੈ-ਨਿਰਣੇ ਦੇ ਅਧਿਕਾਰਾਂ ਦੇ ਅੰਦੋਲਨਾਂ ਦੇ ਰਾਹ ਤੁਰਨਗੇ, ਤਾਂ ਜੋ ਦੇਸ਼ ਦੇ ਗਰੀਬ ਕਿਸਾਨ ਤੇ ਮਜ਼ਦੂਰਾਂ ਦੀ ਛੇਤੀ ਤੋਂ ਛੇਤੀ ਬੰਦ-ਖਲਾਸੀ ਹੋ ਸਕੇ ।

ਜੇ ਸਰਕਾਰ ਅਕਾਲੀਆਂ ਦੇ ਸੂਬਾਈ ਖ਼ੁਦਮੁਖਤਾਰੀ ਦੇ ਅੰਦੋਲਨ ਨੂੰ ਦਬਾਉਣ ਅਤੇ ਲੋਕਾਂ ਵਿਚ ਫਿਰਕੇਦਾਰੀ ਅੱਤਿਵਾਦ ਜਾਂ ਵੱਖਵਾਦ ਦਾ ਭੁਲੇਖਾ ਪਾ ਕੇ ਫੇਲ੍ਹ ਕਰਨ ਵਿਚ ਸਫਲ ਹੋ ਗਈ ਤਾਂ ਇਹ ਸਮੁੱਚੇ ਦੇਸ਼ ਦੀ ਬਦ-ਕਿਸਮਤੀ ਹੋਵੇਗੀ । ਅਤੇ ਪਤਾ ਨਹੀਂ ਫਿਰ ਦੇਸ਼ 'ਚ ਕਿੰਨੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸ਼ਹੀਦੀਆਂ ਉਹਨਾਂ ਦੀ ਬੰਦਖਲਾਸੀ ਲਈ ਉਹਨਾਂ ਨੂੰ ਦੇਣੀਆਂ ਪੈਣ ।

ਇਕਬਾਲ ਕਹਿੰਦਾ ਹੈ :—"ਅਗਰ ਇਸਫਹਾਨਿਓਂ ਪੈ ਕੋਹੇ ਗਮ ਟੂਟਾ ਤੋ ਕਿਆ ਡਰ ਹੈ, ਖ਼ੂਨੇ ਸਦ ਹਜ਼ਾਰ ਅੰਜਮ ਸੇ ਹੋਤੀ ਹੈ ਸਹਰ ਪੈਦਾ" ਕਿ ਲਖ੍ਹਾ ਤਾਰਿਆਂ ਦੀ ਮੌਤ ਕਰ ਕੇ ਦਿਨ ਨਿਕਲਦਾ ਹੈ । ਸੋ ਮੈਨੂੰ ਮਜ਼ਦੂਰਾਂ ਤੇ ਕਿਸਾਨਾਂ ਦੀ ਮੌਤ ਤੋਂ ਘਬਰਾ ਤਾਂ ਪੈਂਦਾ ਹੈ ਪਰ ਸਿਰ ਦਿਤਿਆਂ ਬਾਝ ਨ ਇਸ਼ਕ ਪੱਕੇ"––ਵੀ ਗਲਤ ਨਹੀਂ ਅਤੇ ਬਹੁਤ ਵਡੇ ਪੈਮਾਨੇ 'ਤੇ ਕੁਰਬਾਨੀਆਂ ਦਿਤਿਆਂ ਬਿਨਾਂ, ਗ਼ਰੀਬਾਂ ਕਿਸਾਨਾਂ,ਮਜ਼ਦੂਰਾਂ ਤੇ ਦਲਿਤ ਵਰਗਾਂ ਪਾਸ ਕਦੀ ਰਾਜ-ਸੱਤਾ ਨਹੀਂ ਆਈ । ਚੀਨ, ਵੀਤਨਾਮ ਤੇ ਕੋਰੀਆ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ । ਆਪਣੇ ਸਮੇਂ ਦੇ ਸਭ ਤੋਂ ਵੱਡੇ ਅਹਿੰਸਾਵਾਦੀ ਗੁਰੂ ਨਾਨਕ ਦੇਵ ਜੀ ਦਾ ਇਹ ਕਥਨ' ਜੋ ਤੋ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੇਰੀ ਆਉ." ਅਤੇ ਗੁਰੂ ਅਰਜਨ ਦੇਵ, ਫਿਰ ਗੁਰੂ ਤੇਗ ਬਹਾਦਰ ਤੇ ਉਨ੍ਹਾਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦੀ ਸਰਬੰਸ ਸ਼ਹਾਦਤ ਇਸ ਦੀ ਸਪਸ਼ਟ ਪ੍ਰੋੜਤਾ ਕਰਦੇ ਹਨ । ਪਰ ਜੇ ਇਹ ਗੱਲ ਬਿਨਾਂ ਇਸ ਤੋਂ ਬਣ ਸਕਦੀ ਹੋਵੇ ਤਾਂ ਐਵੇਂ ਹਠ-ਧਰਮੀ ਕਰ ਕੇ ਖੂਹ ਵਿਚ ਛਾਲ ਮਾਰਨ ਨਾਲੋਂ ਇਹ ਚੰਗਾ ਹੈ ਕਿ ਅਜ ਹਰ ਸੂਬੇ ਵਿਚ ਸੂਬਾਈ ਖ਼ੁਦਮੁਖਤਾਰੀ ਦਾ ਅੰਦੋਲਨ ਚਲਾ ਕੇ ਇਹ ਨਿਸ਼ਾਨਾ ਫੁੰਡ ਲਿਆ ਜਾਵੇ ।

## ਸਿੱਖ ਸਿਆਸਤ ਅਤੇ ਗੈਰ-ਅਕਾਲੀ

ਹਿੰਮਤ ਸਿੰਘ ਸੋਢੀ

[ਇਹ ਲੇਖ ਡਾਕ ਵਿਚ ਦੋ ਕੁ ਮਹੀਨੇ ਰੁਕਣ ਤੋਂ ਬਾਅਦ ਸਾਨੂੰ ਹੁਣ ਪ੍ਰਾਪਤ ਹੋਇਆ ਹੈ। ਸਾਡੇ ਵਿਚਾਰ ਵਿਚ ਹਾਲੇ ਵੀ ਇਸ ਲੇਖ ਦੀ ਸਾਰਥਕਤਾ ਕਾਇਮ ਹੈ। ਬਾਕੀ, ਪਾਠਕ ਇਸ ਬਾਰੇ ਦਸਣ।—ਸੰਪਾਦਕ]

ਮੇਰੇ ਸਾਹਮਣੇ ਇਕ ਬੜੇ ਪ੍ਰਸਿਧ ਅਤੇ 'ਜ਼ਿੰਮੇਵਾਰ' ਸਪਤਾਹਕ ਅਗਰੇਜ਼ੀ ਪਰਚੇ **Illustrated Weekly**) ਦੇ 24-10-80 ਵਾਲੇ ਅੰਕ ਦਾ ਲੇਖ ਹੈ "ਉਹ ਬੰਦਾ ਜਿਸਨੇ ਪੰਜਾਬ ਵਿਚ ਅੱਗ ਲਾਈ" (**The Man who set Punjab Aflame**); ਇਸ ਸਿਰਲੇਖ ਦੇ ਹੇਠਾਂ ਸੰਤ ਭਿੰਡਰਾਂ ਵਾਲੇ ਦੇ ਚੇਹਰੇ ਦਾ ਚਿਤਰ ਹੈ। ਉਸ ਦੇ ਸਾਹਮਣੇ ਪੰਨੇ ਉਤੇ ਇਕ ਹੋਰ ਤਸਵੀਰ ਵਿਚ ਸੰਤ ਆਪਣੇ ਗੁਰਦਵਾਰੇ ਵਿਚ ਸੰਗਤ ਦੇ ਸਨਮੁਖ ਬੈਠਾ ਦਿਖਾਇਆ ਗਿਆ ਹੈ। ਹੇਠਾਂ ਲਿਖਿਆ ਹੈ ਕਿ ' ਇਹ ਬੰਦਾ ਆਪਣੇ ਆਪ ਨੂੰ ਗੁਰੂ ਨਾਨਕ ਤੇ ਗੁਰੂ ਤੇਗ ਬਹਾਦਰ ਦੀ 'ਕੈਟੇਗਰੀ' ਵਿਚ ਗਿਣਦਾ ਹੈ।" ਏਸੇ ਲੇਖ ਦਾ ਇਕ ਸਿਰਲੇਖ ਹੈ; 'ਸਿੱਖਾਂ ਦਾ ਇਸ ਤੁਅਸਬੀ ਲਹਿਰ ਦੀਆਂ ਦਿਮਾਗੀ ਗੁੰਝਲਾਂ" ਜਿਸ ਵਿਚ ਹੋਰ ਕੁਝ ਤੋਂ ਛੁਟ ਇਹ ਵੀ ਲਿਖਿਆ ਹੈ ਕਿ ਸੰਤ ਕਰਤਾਰ ਸਿੰਘ ਨੇ ਇਸ ਨੂੰ ਮੁਤੱਸਬੀ ਬਣਾਇਆ।" ਏਸੇ ਲੇਖ ਵਿਚ ਇਹ ਵੀ ਬਿਆਨ ਹੈ ਕਿ "ਅਕਾਲੀ ਸਿਖਾਂ ਨੂੰ ਭੜਕਾਉਂਦੇ ਰਹੇ ਹਨ ਤੇ ਉਹਨਾਂ ਨੇ ਇਹਨਾਂ ਨੂੰ ਕੌਮੀ ਧਾਰਾ ਦਾ ਹਿੱਸਾ ਨਹੀਂ ਬਣਨ ਦਿੱਤਾ।"

ਛੱਤੀ ਸਾਲ ਪਹਿਲਾਂ (1946) ਦੀ ਗੱਲ ਯਾਦ ਆਉਂਦੀ ਹੈ। ਅਮਰੀਕਾ ਦੇ ਪ੍ਰਸਿਧ ਅਤੇ 'ਜ਼ਿੰਮੇਵਾਰ' ਸਪਤਾਹਕ ਰਸਾਲੇ 'ਲਾਈਫ' (Life) ਵਿਚ ਸ਼ਾਇਦ ਪਹਿਲੀ ਵੇਰ ਮਾਉ-ਜ਼ੇ-ਤੁੰਗ ਦੀ ਤਸਵੀਰ ਛੱਪੀ ਸੀ। ਹੇਠਾਂ ਲਿਖਿਆ ਹੋਇਆ ਸੀ : "ਚੀਨ ਦੇ ਬਦਮਾਸ਼ਾਂ ਦਾ ਲੀਡਰ।" ਪਰ ਦੋ ਸਾਲ ਬਾਦ ਹੀ ਏਸੇ ਲੀਡਰ ਦੀ ਅਗਵਾਈ ਵਿਚ ਵੀਹਵੀਂ ਸਦੀ ਦਾ ਸਭ ਤੋਂ ਵਡਾ ਮੁਅਜਜ਼ਾ ਹੁੰਦਾ ਵੀ ਦੁਨੀਆਂ ਨੇ ਦੇਖਿਆ। ਇਸ ਤਸਵੀਰ ਵਿਚ ਮਾਉ-ਜ਼ੇ-ਤੁੰਗ ਦੀ ਠੋਡੀ ਉਤੇ ਦੋ ਤਿੰਨ ਨਿੱਕੇ ਨਿੱਕੇ ਵਾਲ ਵੀ ਸਨ—ਉਸ ਨੂੰ ਗੁੰਡਾ ਦਰਸਾਉਣ ਲਈ ਜਿਵੇਂ ਕਿ ਪੱਛਮੀ ਆਚਾਰ-ਵਿਹਾਰ ਵਿਚ ਕਿਸੇ ਗੁੰਡੇ ਦਾ ਹੁਲੀਆ ਹੁੰਦਾ ਹੈ, ਜਿਸ ਨੇ ਠੀਕ ਤਰ੍ਹਾਂ ਸ਼ੇਵ



ਨਹੀਂ ਕੀਤੀ ਹੁੰਦੀ ਜਾਂ ਸਿਰ ਦੇ ਵਾਲ ਠੀਕ ਤਰ੍ਹਾਂ ਵਾਹੇ ਨਹੀਂ ਹੁੰਦੇ। ਜ਼ਾਹਿਰ ਹੈ ਜਾਣ-ਬੁਝ ਕੇ ਹੀ ਇਸ ਤਰ੍ਹਾਂ ਦੀ ਤਸਵੀਰ ਪੇਸ਼ ਕੀਤੀ ਗਈ ਸੀ। [ਏਥੇ ਸਾਡਾ ਮਤਲਬ ਇਹਨਾਂ ਦੋਹਾਂ ਸ਼ਖ਼ਸੀਅਤਾਂ ਨੂੰ ਕਿਸੇ ਇਕ ਲੜੀ ਵਿਚ ਪਰੋਣ ਦਾ ਨਹੀਂ ਹੈ]

ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਸਮਾਜ ਜਾਂ ਇਲਾਕੇ ਵਿਚ ਜਦ ਕੋਈ ਵਰਤਾਰਾ ਜਨਮ ਲੈਂਦਾ ਹੈ ਤਾਂ ਲੋੜ ਉਸ ਨਵੇਂ ਵਰਤਾਰੇ ਨੂੰ ਯਥਾਰਥ ਰੂਪ ਵਿਚ ਸਮਝਣ ਦੀ ਹੈ, ਜਾਂ ਉਸ ਬਾਰੇ, ਉਸ ਦੇ ਕਿਸੇ ਪ੍ਰਤੀਨਿਧ ਰੂਪ ਬਾਰੇ ਚਿੱਕੜ ਉਛਾਲ ਕੇ, ਉਸ ਨੂੰ ਅਣਦੇਖਿਆ ਕਰਕੇ; ਉਸਦਾ ਧੁੰਦਲਾ ਰੂਪ ਦੇਖਣਾ ਤੇ ਲੋਕਾਂ ਨੂੰ ਦਿਖਾ ਕੇ, ਕਿਸੇ ਖੁਸ਼-ਫਹਿਮੀ ਜਾਂ ਗਲਤ-ਫਹਿਮੀ ਦਾ ਸ਼ਿਕਾਰ ਹੋਣ ਦੀ ? ਸਿੱਖ ਧਰਮ, ਇਸ ਦੇ ਇਤਿਹਾਸ, ਇਸ ਦੀ ਸਮਰਥਾ ਅਤੇ ਸਿੱਖ ਮਾਨਸਿਕਤਾ (**Sikh p yche**) ਤੋਂ ਅਨਜਾਣ ਸਾਡੀਆਂ ਸਾਰੀਆਂ ਹੀ ਸਰਬ-ਭਾਰਤੀ ਪਾਰਟੀਆਂ ਅਤੇ ਲਗ-ਭਗ [illegible] ਹੀ "ਕੌਮੀ" ਪ੍ਰੈਸ ਇਹੀ ਕੁਝ ਕਰ ਰਿਹਾ ਹੈ। ਅਸੀਂ ਪਹਿਲਾਂ ਇਸ ਸਿਲਸਲੇ ਵਿਚ ਪਾਰਟੀਆਂ ਦੇ ਲੀਡਰਾਂ ਦੇ ਬਿਆਨ ਦੇਖਾਂਗੇ ਅਤੇ ਫੇਰ ਦੋ ਜ਼ਿੰਮੇਵਾਰ ਪੱਤਰਕਾਰਾਂ ਦੀ ਚਰਚਾ ਕਰਾਂਗੇ :—

(1) ਜਨਤਾ ਪਾਰਟੀ ਦੇ ਲੀਡਰ ਮੁਰਾਰ ਜੀ ਡੇਸਾਈ ਨੇ ਸਿੱਖਾਂ ਬਾਰੇ ਇਕ ਸਾਲ ਵਿਚ ਦੋ ਦੋ-ਟੂਕ ਬਿਆਨ ਦਿਤੇ ਹਨ। ਇਕ ਸਾਲ ਪਹਿਲਾਂ, ਅਕਾਲੀਆਂ ਦੇ ਦਿੱਲੀ ਦਿਖਾਵੇ ਸਮੇ ਉਸ ਨੇ ਕਿਹਾ ਸੀ ਕਿ ਜੇ ਸਿੱਖ ਭਾਰਤ ਵਿਚ ਨਹੀਂ ਰਹਿਣਾ ਚਾਹੁੰਦੇ, ਵੱਖਰਾ ਦੇਸ਼ ਚਾਹੁੰਦੇ ਹਨ, ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਭਾਰਤ ਵਿਚੋਂ ਬਾਹਰ ਚਲੇ ਜਾਣ। ਹੁਣ ਨਵੰਬਰ 1982 ਵਿਚ ਉਸ ਨੇ [illegible] ਦਿਤਾ ਹੈ ਕਿ ਅਕਾਲੀਆਂ ਦੀਆਂ ਸਾਰੀਆਂ ਹੀ ਮੰਗਾਂ ਬਿਲਕੁਲ ਬੇ-ਬੁਨਿਆਦ ਅਤੇ ਫਜ਼ੂਲ ਹਨ। ਸ਼ੁਕਰ ਹੈ ਕਿ ਅੱਜ ਮੁਰਾਰ ਜੀ ਪ੍ਰਧਾਨ ਮੰਤਰੀ ਨਹੀਂ ਹੈ।

(2) ਲੋਕ-ਦਲ ਦੇ ਚਰਨ ਸਿੰਘ ਨੇ ਪਿਛੇ ਜਿਹੇ ਕਿਹਾ ਕਿ ਅਕਾਲੀਆਂ ਦੀ ਕਿਸੇ ਮੰਗ ਉਤੇ [illegible] ਵਿਚਾਰ ਨਹੀਂ ਕਰਨੀ ਚਾਹੀਦੀ, ਸਗੋਂ ਇਹਨਾਂ ਫ਼ਿਰਕੂ ਪਾਰਟੀਆਂ ਜਿਵੇਂ ਅਕਾਲੀ ਦਲ, ਮੁਸਲਿਮ ਲੀਗ, ਹਿੰਦੂ ਮਹਾਂ ਸਭਾ, ਤੇਲਗੂ ਦੇਸਮ, ਦਲਿਤ ਪਾਂਥਰ ਉਤੇ ਪਾਬੰਦੀ ਲਗਾ ਦੇਣੀ ਚਾਹੀਦੀ ਹੈ। ਇਹਨਾਂ ਫਿਰਕੂ ਪਾਰਟੀਆਂ ਵਿਚ ਉਸ ਨੇ ਆਰ. ਐਸ. ਐਸ. ਜਾਂ ਭਾਰਤੀ ਜਨਤਾ ਪਾਰਟੀ ਨੂੰ ਨਹੀਂ ਗਿਣਿਆ। ਇਹ ਹੈ ਉਸ ਦੀ ਸੈਕੂਲਰਤਾ ਤੇ ਦੇਸ ਦੀਆਂ ਸਮੱਸਿਆਵਾਂ ਪ੍ਰਤੀ ਸੁਜਗਤਾ !

(3) ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਕਿਹਾ ਹੈ ਕਿ 19-11-1982 ਨੂੰ ਦਿੱਲੀ [illegible] ਸਾਹਮਣੇ ਹੋਣ ਵਾਲੇ ਅਕਾਲੀ ਸਤਿਆਗ੍ਰਹਿ ਵਿਚ ਜਾਣ ਵਾਲਿਆਂ ਨੂੰ ਹਰਿਆਣੇ [illegible] ਲੰਘਣ ਨਹੀਂ ਦਿੱਤਾ ਜਾਵੇਗਾ। ਇਕ ਪਾਸੇ ਅਕਾਲੀਆਂ ਦੀਆਂ ਮੰਗਾਂ ਵਿਚੋਂ ਇਹਨਾਂ ਪਾਰਟੀਆਂ ਤੇ ਸਰਕਾਰਾਂ ਨੂੰ 'ਵੱਖਵਾਦ' ਦੀ ਬਾਸ ਆਉਂਦੀ ਹੈ, 'ਜਨਵਾਦ' ਅਤੇ 'ਕੌਮੀ ਏਕਤਾ' ਨੂੰ ਖਤਰਾ ਭਾਸਦਾ ਹੈ, ਦੂਜੇ ਪਾਸੇ 'ਡੈਮੋਕਰੇਸੀ' ਅਤੇ 'ਕੌਮੀ ਏਕਤਾ' ਨੂੰ ਅਮਲ ਵਿਚ ਲਿਆਉਣ ਦੀ ਸਰਗਰਮੀ ਭਜਨ ਲਾਲ ਜਿਹੇ ਮੁਖ ਮੰਤਰੀਆਂ ਅਤੇ ਕੌਮੀ ਪਾਰਟੀਆਂ ਦੇ ਲੀਡਰਾਂ ਦੇ ਬਿਆਨਾਂ ਵਿਚੋਂ ਟਪਕਦੀ ਹੈ ! ਮਲੋ-ਮੱਲੀ ਵਾਰਸ ਸ਼ਾਹ ਯਾਦ ਆਉਂਦਾ ਹੈ :—

"ਅਲੀ ਹੇਠ ਤੇ ਜਿੰਨ੍ਹਾਂ ਦੇ ਫਤੂ ਦੇਵਰ, ਡੁਬ ਮੋਈਆਂ ਉਹ ਭਰਜਾਈਆਂ ਨੇ !"

(4) ਇਕ ਪਾਸੇ ਭਜਨ ਲਾਲ ਦੀ ਸਰਕਾਰ ਹਰਿਆਣੇ ਦੇ ਸਿੱਖਾਂ ਦੇ ਹਥਿਆਰਾਂ ਦੇ ਲਾਈਸੰਸ ਜ਼ਬਤ ਕਰਕੇ ਉਹਨਾਂ ਬਾਰੇ ਸ਼ੱਕ, ਵਿਤਕਰੇ ਅਤੇ ਮੰਦ-ਭਾਵਨਾ ਦਾ ਪ੍ਰਗਟਾਵਾ ਕਰ

ਰਹੀ ਹੈ, ਦੂਜੇ ਪਾਸੇ ਉਮਰਾਨੰਗਲ ਦਾ ਬਿਆਨ ਹੈ (ਸਟੇਟਸਮੈਨ 7-11-1982) ਕਿ ਮਦਦ ਅਮਰੀਕਾ ਤੇ ਪਾਕਿਸਤਾਨ ਤੋਂ ਬਥੇਰੀ ਮਿਲ ਜਾਏਗੀ, ਹਥਿਆਰ ਵੀ ਮਿਲਣਗੇ। ਸ਼ਾਇਦ ਏਸੇ ਕਰਕੇ ਰੂਸ ਦੀ ਸਰਕਾਰ ਸੱਚੀ ਹੀ ਪਿੱਟਦੀ ਹੈ ਕਿ "ਭਾਰਤ ਦੇ ਵਖਵਾਦੀਆਂ ਨੂੰ ਬਾਹਰ ਦੀਆਂ ਤਾਕਤਾਂ ਦੀ ਸ਼ਹਿ ਹੈ।" ਉਹ ਤਾਂ ਚਲੋ ਬਾਹਰ ਦੀਆਂ ਤਾਕਤਾਂ ਦੀ, ਬਦੇਸੀਆਂ ਦੀ ਗੱਲ ਹੈ। ਉਹਨਾਂ ਤਾਂ ਸ਼ਹਿ ਵੀ ਦੇਣੀ ਹੈ, ਚੱਕਣਾ ਵੀ ਹੈ। ਮੌਕਾ ਆਏ ਤੇ ਸਿੱਧਾ ਦਖਲ ਵੀ ਦੇਣਾ ਹੈ, ਪਰ ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਆਪਣੇ ਘਰ ਦੇ ਸੂਬੇਦਾਰਾਂ ਤੇ ਘੜੰਮ ਚੌਧਰੀਆਂ ਨੂੰ ਅਜਿਹੀ ਸ਼ਹਿ ਕਿਵੇਂ ਮਿਲੀ ਹੈ ਕਿ ਵਾਤਾਵਰਨ ਨੂੰ ਹੋਰ ਦੂਸ਼ਤ ਕੀਤਾ ਜਾਵੇ ? ਕੀ ਡੈਮੋਕ੍ਰੇਸੀ ਅਤੇ ਕੌਮੀ ਏਕਤਾ ਜੀ ਕੇ ਬੋਲ-ਬਾਲੇ ਏਸੇ ਤਰ੍ਹਾਂ ਕਾਇਮ ਹੋਣੇ ਹਨ ?

ਸਿਆਸਤਦਾਨਾਂ ਅਤੇ ਬਾਹਰਲਿਆਂ-ਅੰਦਰਲਿਆਂ ਖਤਰਿਆਂ ਨੂੰ ਛਡ ਕੇ ਅਸੀਂ ਹੁਣ 'ਜ਼ਿੰਮੇਵਾਰ' ਪੱਤਰਕਾਰਾਂ ਦੀ ਗੱਲ ਕਰਦੇ ਹਾਂ। ਇਹਨਾਂ ਵਿਚੋਂ ਇਕ ਪੱਤਰਕਾਰ ਤਾਂ ਅਜਿਹਾ ਹੈ ਜਿਸ ਨੂੰ ਸਿੱਖਾਂ ਤੇ ਸਿੱਖੀ ਬਾਰੇ ਧੇਲੇ ਦਾ ਵੀ ਪਤਾ ਨਹੀਂ ਹੈ, ਪਰ ਉਹ ਲੰਡਨ ਵਿਖੇ ਇੰਡੀਅਨ ਐਕਸਪ੍ਰੈਸ ਜਿਹੇ ਪ੍ਰਭਾਵਸਾਲੀ ਰੋਜ਼ਾਨਾ ਅਖਬਾਰ ਦਾ ਪ੍ਰਤੀਨਿਧ ਹੈ, ਬੀ. ਕੇ. ਤਿਵਾਰੀ, ਦੂਸਰਾ ਜਰਨਲਿਸਟ ਇਕ ਪ੍ਰਸਿਧ ਅੰਗ੍ਰੇਜ਼ੀ ਲੇਖਕ, ਪ੍ਰਸਿਧ ਅੰਗ੍ਰੇਜ਼ੀ ਅਖਬਾਰ ਦਾ ਸੰਪਾਦਕ, ਸਿੱਖ ਇਤਹਾਸ ਉਤੇ ਕਿਤਾਬਾਂ ਲਿਖਣ ਵਾਲਾ ਅਤੇ ਨਾਮਜ਼ਦ ਹੋਇਆ ਮੈਂਬਰ ਪਾਰਲੀਮੈਂਟ— ਖੁਸ਼ਵੰਤ ਸਿੰਘ ਹੈ।

ਪਿੱਛੇ ਜਿਹੇ ਇੰਗਲੈਂਡ ਦੇ ਵਾਸੀ ਇਕ ਸਿੱਖ ਲੜਕੇ ਗੁਰਿੰਦਰ ਸਿੰਘ ਨੂੰ ਬਰਮਿੰਘਮ ਸ਼ਹਿਰ ਦੇ ਇਕ ਸਕੂਲ ਵਿਚ ਇਸ ਕਰਕੇ ਦਾਖਲਾ ਨਾ ਮਿਲ ਸਕਿਆ ਕਿ ਉਸਦੇ ਸਿਰ ਉੱਤੇ ਕੇਸ ਅਤੇ ਪਗੜੀ ਸੀ। ਇਸ ਬਾਰੇ ਜਦ ਉਪਰ ਅਪੀਲ ਕੀਤੀ ਗਈ ਤਾਂ ਲਾਰਡ ਡੈਨਿੰਗ (**Denning**) ਨੇ ਇਸ ਬਿਨਾ ਉਤੇ ਇਹ ਖਾਰਜ ਕਰ ਦਿਤੀ ਕਿ ਸਿੱਖ ਲੋਕ ਇਕ ਵਖਰੀ ਨਸਲੀ ਘਟ-ਗਿਣਤੀ (**ethnic minority**) ਨਹੀਂ ਹਨ, ਸਗੋਂ ਹੋਰ ਸਾਰੇ ਪੰਜਾਬੀਆਂ ਦੇ ਸਮਾਨ ਹੀ ਹਨ। ਵਿਦਵਾਨ ਵਿਸ਼ੇਸ਼ੱਗ ਸ਼ਾਇਦ ਇਹ ਭੁਲ ਗਿਆ ਕਿ ਪੰਜਾਬ ਦੇ ਕਿਸੇ ਹਿੰਦੂ, ਮੁਸਲਮਾਨ ਜਾਂ ਇਸਾਈ ਦੇ ਪ੍ਰਸੰਗ ਵਿਚ ਇਕ ਸਿੱਖ ਲਈ ਕੇਸਾਂ ਦਾ ਕੀ ਮਹੱਤਵ ਹੈ। ਬੀ. ਕੇ. ਤਿਵਾਰੀ ਨੇ ਇਹ ਖਬਰ ਆਪਣੇ ਅਖਬਾਰ ਨੂੰ ਇਸ ਸਿਰਲੇਖ ਹੇਠ ਭੇਜੀ : "ਅਦਾਲਤ ਦੇ ਵਿਸ਼ੇਸ਼ੱਗ ਨੇ ਸਿੱਖਾਂ ਨੂੰ ਇਕ ਝਟਕਾ ਦਿੱਤਾ" (**"Don of Bench gives a jolt to Sikhs"**)। ਇਸ ਖਬਰ ਦੇ ਅੰਤਰ-ਗਤ ਹੀ ਤਿਵਾਰੀ ਸਾਹਿਬ ਨੇ ਸਿੱਖ ਧਰਮ ਅਤੇ ਇਤਿਹਾਸ ਬਾਰੇ ਵੀ ਆਪਣੀ ਵਡਮੁਲੀ ਜਾਣਕਾਰੀ ਦਾ ਸਬੂਤ ਇਹ ਲਿਖ ਕੇ ਦਿਤਾ ਕਿ ਡਾ: ਭਾਈ ਵੀਰ ਸਿੰਘ ਦੀ ਕਿਤਾਬ "ਖਾਲਿਸਤਾਨ ਚਮਤਕਾਰ" (**'Khalistan Chamatkar**) ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਜਦ ਨਿਰਮਲੇ ਵਿਦਵਾਨਾਂ ਨੂੰ ਹਿੰਦੂ ਧਰਮ-ਗ੍ਰੰਥਾਂ ਦੀ ਪੜ੍ਹਾਈ ਲਈ ਬਨਾਰਸ ਭੇਜਿਆ ਸੀ ਤਾਂ ਪੰਡਤਾਂ ਨੇ ਇਹ ਕਹਿ ਕੇ ਉਹਨਾਂ ਨੂੰ ਮੋੜ ਦਿਤਾ ਸੀ ਕਿ ਪਹਿਲਾਂ ਆਪਣੇ ਵਾਲ ਕਟਾ ਕੇ ਆਉ, ਤਾਂ ਗੁਰੂ ਜੀ ਨੇ ਉਹਨਾਂ ਨੂੰ ਵਾਲ ਕਟਾ ਕੇ ਬਨਾਰਸ ਜਾਣ ਦੀ ਆਗਿਆ ਦੇ ਦਿੱਤੀ ਸੀ। ਭਾਈ ਵੀਰ ਸਿੰਘ ਦੀਆਂ ਸਿੱਖ ਗੁਰੂਆਂ ਬਾਰੇ ਤਿੰਨ ਪੁਸਤਕਾਂ 'ਗੁਰੂ ਨਾਨਕ ਚਮਤਕਾਰ', 'ਕਲਗੀਧਰ ਚਮਤਕਾਰ' ਅਤੇ 'ਅਸ਼ਟ ਗੁਰੂ ਚਮਤਕਾਰ' ਹਨ, ਪਰ ਤਿਵਾਰੀ ਨੇ 'ਖਾਲਿਸਤਾਨ ਚਮਤਕਾਰ' ਵਾਲਾ ਅਤੇ ਇਸ ਮਨਘੜ੍ਹਤ



ਘਟਨਾ ਵਾਲਾ ਚਮਤਕਾਰ ਪਤਾ ਨਹੀਂ ਕਿਵੇਂ ਪੈਦਾ ਕਰ ਦਿੱਤਾ ? ਅਸਲ ਵਿਚ ਸਾਡੇ ਉਤਰੀ ਭਾਰਤ ਦੇ ਪੜ੍ਹੇ-ਲਿਖੇ ਲੋਕਾਂ ਦੇ ਮਨਾਂ ਉਤੇ ਅਜ ਕਲ ਲਫਜ਼ 'ਖਾਲਿਸਤਾਨ' ਦਾ ਭੂਤ ਸਵਾਰ ਹੈ।

ਖੁਸ਼ਵੰਤ ਸਿੰਘ ਹੋਰੀਂ ਸਿੱਖ-ਸਿਆਸਤ ਨੂੰ ਖੂਬ ਚੰਗੀ ਤਰ੍ਹਾਂ ਸਮਝਦੇ ਹਨ। ਪਰ ਉਹ ਇਹ ਵੀ ਨਹੀਂ ਭੁਲਦੇ ਕਿ ਉਹ ਕਿਸ ਦੇ ਨਾਮਜ਼ਦ ਕੀਤੇ ਹੋਏ ਮੈਂਬਰ ਹਨ। ਪਿਛੇ ਜਿਹੇ ਉਹਨਾਂ ਨੇ ਅਕਾਲੀਆਂ ਨੂੰ ਨੇਕ ਸਲਾਹ ਦੇਂਦੇ ਹੋਏ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਤਾਂ ਕਦੇ ਵੱਖਰੇ ਦੇਸ਼ ਜਾਂ ਵੱਖਰੇ ਇਲਾਕੇ ਦੀ ਗੱਲ ਨਹੀਂ ਸੀ ਕਹੀ। (ਅਕਾਲੀਆਂ ਨੂੰ ਤੇ 'ਵੱਖਵਾਦੀਆਂ' ਨੂੰ ਉਹ ਕਹਿਣਾ ਇਹ ਚਾਹੁੰਦੇ ਸਨ ਕਿ 'ਤੁਸੀਂ ਚੰਗੇ ਗੁਰੂ ਕੇ ਸਿੱਖ ਹੋ ?') ਤੇ ਅਸੀਂ ਖੁਸ਼ਵੰਤ ਸਿੰਘ ਜੀ ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਤੁਸੀਂ ਤਿੰਨ ਸੌ ਸਾਲ ਪਹਿਲਾਂ ਦੀ ਗੱਲ ਕਿਉਂ ਕਰਦੇ ਹੋ ? ਤੁਸੀ ਸਿਰਫ **36** ਸਾਲ ਪਹਿਲਾਂ (**1946**) ਦੀ ਗੱਲ ਕਿਉਂ ਨਹੀਂ ਕਰਦੇ, ਜਦ ਆਜ਼ਾਦੀ ਮਿਲਣ ਦੀ ਸੰਧਿਆ ਸਮੇਂ ਹੀ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ : "ਪੰਜਾਬ ਦੇ ਬਹਾਦਰ ਸਿੱਖਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਮੈਂ ਇਸ ਵਿਚ ਕੋਈ ਮਾੜੀ ਗੱਲ ਨਹੀਂ ਸਮਝਦਾ ਕਿ ਉੱਤਰ ਵਿਚ ਉਹਨਾਂ ਲਈ ਕੋਈ ਅਜਿਹਾ ਇਲਾਕਾ ਜਾਂ ਸਿਲਸਿਲਾ ਬਣਾਇਆ ਜਾਵੇ ਜਿਥੇ ਸਿੱਖ ਵੀ ਆਜ਼ਾਦੀ ਦੀ ਲੋਅ ਨੂੰ ਮਾਣ ਸਕਣ।" (**"The brave Sikhs of the Punjab are entitled to special consideration. I see nothing wrong in an area and a set up in the North wherein the Sikhs can also experience the glow of freedom."**)

ਖੁਸ਼ਵੰਤ ਸਿੰਘ ਹੋਰਾਂ ਦੇ ਮਿੱਤਰ ਕਹਿਣਗੇ ਕਿ ਇਹ ਤਾਂ ਬਹੁਤ ਪਹਿਲਾਂ ਦੀ ਗੱਲ ਹੈ, ਹੁਣ ਸਮਾਂ ਬਹੁਤ ਬਦਲ ਗਿਆ ਹੈ। ਏਸੇ ਲਈ ਖੁਸ਼ਵੰਤ ਸਿੰਘ ਨੂੰ ਚਾਹੀਦਾ ਸੀ ਕਿ ਉਹ ਤਿੰਨ ਸੌ ਸਾਲ ਪਹਿਲਾਂ ਦੇ ਪ੍ਰਸੰਗ ਦੀ ਗੱਲ ਨਾ ਕਰਦੇ ਕਿਉਂਕਿ ਤਿੰਨ ਸੌ ਸਾਲ ਵਿਚ ਸਮਾਂ ਬਹੁਤ ਬਦਲ ਗਿਆ ਹੈ। ਅੱਜ ਲੋੜ ਇਹ ਹੈ ਕਿ ਅਕਾਲੀ ਮੋਰਚੇ ਨੂੰ ਅੱਜ ਦੇ ਸਹੀ ਪ੍ਰਸੰਗ ਵਿਚ ਸਮਝਣ ਦੀ ਕੋਸ਼ਸ਼ ਕੀਤੀ ਜਾਵੇ, ਜਿਵੇਂ ਕਿ ਬਹੁਤ ਘੱਟ ਲੋਕ ਕਰ ਰਹੇ ਹਨ। ਇਹਨਾਂ ਥੋੜੇ ਵਿਚਾਰਵਾਨ ਲੋਕਾਂ ਵਿਚੋਂ ਇਕ ਸੇਂਟ ਨਿਹਾਲ ਸਿੰਘ, ਮੁੱਖ ਸੰਪਾਦਕ 'ਇੰਡੀਅਨ ਐਕਸਪ੍ਰੈਸ' ਦਾ ਲੇਖ ਹੈ : 'ਸਿੱਖ ਨਾਰਾਜ਼ ਕਿਉਂ ਹਨ ?' ਉਹ ਕਹਿੰਦੇ ਹਨ : 'ਖਾਲਿਸਤਾਨ ਦੀ ਸਮੱਸਿਆ ਇਹ ਨਹੀਂ ਕਿ ਬਾਹਰ ਇਸ ਦੇ ਹਮੈਤੀ ਕਿਹੜੇ ਸਿੱਖ ਤੇ ਕਿਹੜੀਆਂ ਤਾਕਤਾਂ ਹਨ ਸਗੋਂ ਇਹ ਹੈ ਕਿ ਪੰਜਾਬ ਅੰਦਰਲੇ ਸਿੱਖ ਇਸ ਬਾਰੇ ਕੀ ਸੋਚਦੇ ਹਨ। ਖਾਲਿਸਤਾਨ-ਪੱਖੀਆਂ ਨੂੰ ਗੱਦਾਰ ਕਹਿਣ ਨਾਲ ਇਸ ਸਮੱਸਿਆ ਦਾ ਹੱਲ ਨਹੀਂ ਹੋਵੇਗਾ। 'ਖਾਲਿਸਤਾਨ' ਹੁਣ ਸਿੱਖਾਂ ਦੇ ਸ਼ਿਕਵਿਆਂ ਦਾ ਚਿੰਨ੍ਹ ਬਣ ਗਿਆ ਹੈ।" (**'Sikh Review', Sept. 1982, P. 36**).

ਦਸ ਸਾਲ ਤੱਕ ਭਾਰਤ ਦੇ ਯੂਨੀਅਨ ਮਨਿਸਟਰ ਅਤੇ ਫੇਰ ਰੂਸ ਵਿਚ ਰਹਿ ਚੁਕੇ ਭਾਰਤ ਦੇ ਸਫੀਰ ਇੰਦਰ ਕੁਮਾਰ ਗੁਜਰਾਲ ਨੇ ਇੰਗਲੈਂਡ ਦੇ ਪੱਤਰ 'ਟੈਲੀਗ੍ਰਾਫ' ਵਿਚ 'ਪੰਜਾਬ ਦੀ ਆਰਥਕਤਾ ਦਾ ਸਿਆਸਤ' (**The Politics of Punjab Economics**) ਨਾਮ ਦੇ ਆਪਣੇ ਲੇਖ ਵਿਚ ਅਕਾਲੀਆਂ ਦੀਆਂ ਰਾਜਸੀ ਤੇ ਆਰਥਕ ਮੰਗਾਂ ਨੂੰ ਬੜੀ ਸਿਆਣਪ ਨਾਲ ਸਮਝਣ ਦਾ ਜਤਨ ਕੀਤਾ ਹੈ। ਉਸ ਦਾ ਕਹਿਣਾ ਹੈ : "ਕੇਂਦਰ ਤੇ ਰਾਜਾਂ ਦੇ ਸੰਬੰਧ ਇਕ ਗੰਭੀਰ ਵਿਵਾਦ ਦਾ ਮਸਲਾ ਬਣ ਗਿਆ ਹੈ। ਕੁਝ ਸਮੇਂ ਤੋਂ ਭਾਰਤ ਦਾ ਫੈਡਰਲ ਢਾਂਚਾ ਕਮਜ਼ੋਰ ਹੋ

ਰਿਹਾ ਹੈ। ਕੇਂਦਰੀ ਸਰਕਾਰ ਨੇ (ਸਾਫ਼-ਸਿਧੀ ਤਰ੍ਹਾਂ ਨਹੀਂ, ਸਗੋਂ ਗੁਝੇ ਢੰਗ ਨਾਲ) ਬਹੁਤੀ ਤਾਕਤ ਆਪ ਹੀ ਹਥਿਆ ਲਈ ਹੈ। ਇਹ ਝੁਕਾਉ ਸਾਡੇ ਕੌਮੀ ਜੀਵਨ ਦੇ ਢਾਂਚੇ ਨੂੰ ਕਮਜ਼ੋਰ ਕਰ ਰਿਹਾ ਹੈ। ਕਈ ਸਮੱਸਿਆਵਾਂ ਇਸ ਝੂਠੇ ਵਿਸ਼ਵਾਸ ਤੋਂ ਪੈਦਾ ਹੋਈਆਂ ਹਨ ਕਿ ਸੱਤਾ ਦਾ ਕੇਂਦਰੀਕਰਨ ਦੇਸ਼ ਨੂੰ ਤਾਕਤਵਰ ਬਣਾਉਂਦਾ ਹੈ। ਇਸ ਦੇ ਉਲਟ, ਇਸ ਨਾਲ ਤਾਂ ਇਕ ਜ਼ਾਲਮ ਨੌਕਰਸ਼ਾਹੀ ਹੋਂਦ ਵਿਚ ਆਉਂਦੀ ਹੈ। ਸਥਾਨਕ ਲੀਡਰਾਂ ਦਾ ਆਪਣੀਆਂ ਜੜ੍ਹਾਂ ਨਾਲ ਤਾਲ-ਮੇਲ ਟੁੱਟ ਜਾਂਦਾ ਹੈ ਅਤੇ ਉਹ ਦਿੱਲੀ ਦੀ ਤਾਕਤਵਰ ਜੁੰਡਲੀ ਨੂੰ ਸਲਾਮਾਂ ਕਰਨ ਲਈ ਤੁਰੇ ਰਹਿੰਦੇ ਹਨ...... ।" (**ਸਿੱਖ ਰੀਵੀਊ**, ਅਕਤੂਬਰ 1982, ਪੰਨਾ **64**) ਇੰਦਰ ਕੁਮਾਰ ਗੁਜਰਾਲ ਦਾ ਇਕ ਲੇਖ 'ਹਿੰਦੁਸਤਾਨ ਟਾਈਮਜ਼' ਦੇ ਅੰਕ 1-11-82 ਵਿਚ ਵੀ ਛਪਿਆ ਹੈ।

ਸੋ ਲੋੜ ਇਸ ਗੱਲ ਦੀ ਹੈ ਕਿ ਸਿੱਖ ਸਿਆਸਤ ਅਤੇ ਸਿੱਖ ਮਾਨਸਿਕਤਾ ਦੀਆਂ ਅਜੋਕੀਆਂ ਸਮਸਿਆਵਾਂ ਨੂੰ ਨਿਰਪੱਖ ਹੋ ਕੇ ਫਿਰਕੂ ਭਾਵਨਾ ਅਤੇ ਦਲ-ਗਤ ਰਾਜਨੀਤੀ ਤੋਂ ਉਪਰ ਉਠਕੇ ਸਮਝਿਆ-ਸੋਚਿਆ ਜਾਵੇ। (12-11-**82**)

---

## ਵਿਸ਼ੇਸ਼ ਰਿਆਇਤ

**ਸੇਧ** ਦੀ ਲਾਈਫ਼ ਮੈਂਬਰੀ (ਰੁ. 250) ਭੇਜਣ ਵਾਲੇ ਪਹਿਲੇ 50 ਸਜਣਾਂ ਨੂੰ ਭਗਵਾਨ ਜੋਸ਼ ਦੀ ਪੁਸਤਕ '**Communist Movement in Punjab** (1926-47) —ਮੁੱਲ 60 ਰੁਪੈ ਤੁਹਫ਼ੇ ਵਜੋਂ' ਮੁਫ਼ਤ ਭੇਜੀ ਜਾਵੇਗੀ।

---

'ਕਾਰੋਬਾਰ ਨਾਲ ਸਬੰਧਿਤ ਚਿੱਠੀ-ਪੱਤਰ ਲਈ ਅਤੇ ਡਾਕ ਦੀਆਂ ਸ਼ਿਕਾਇਤਾਂ ਆਦਿ ਬਾਰੇ ਦਫ਼ਤਰ **ਸੇਧ**, 140, ਸੇਵਕ ਕਲੋਨੀ, ਪਟਿਆਲਾ ਦਾ ਪਤਾ ਨੋਟ ਕੀਤਾ ਜਾਵੇ।

---

ਨੋਟ : **ਸੇਧ** ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ **ਸੇਧ** ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



---

## ਜਦੋਂ ਰਕਮ ਡੁਬਦੀ ਹੈ

ਮੁਸ਼ਤਾਕ ਅਹਿਮਦ ਯੂਸਫ਼ੀ (ਪਾਕਿਸਤਾਨ)

---

ਸਾਰੇ ਬੈਂਕ ਵਿਚ ਖਲਬਲੀ ਮੱਚੀ ਹੋਈ ਸੀ। ਅਸਾਂ ਅਹਿਮਦ ਨਿਵਾਜ਼ ਚੀਮਾ ਨੂੰ ਪੁਛਿਆ, "ਇਹ ਕੀ ਸ਼ੋਰ ਸ਼ਰਾਬਾ ਏ ?" ਕਹਿਣ ਲਗੇ, "ਇਥੇ ਤਾਂ ਆਏ ਦਿਨ ਕੋਈ ਨ ਕੋਈ ਸਿਆਪਾ ਹੁੰਦਾ ਹੀ ਰਹਿੰਦਾ ਏ। ਕਬਰ ਖੋਦਣ ਵਾਲਾ ਜੇ ਹਰ ਮੌਤ 'ਤੇ ਅਥਰੂ ਵਹਾਉਣ ਬਹਿ ਜਾਏ, ਤਾਂ ਕੀ ਰੋ ਰੋ ਕੇ ਅੰਨ੍ਹਾ ਨਾ ਹੋ ਜਾਏ ? ਮਿੱਟੀ ਪਾਓ, ਪਾਤਸ਼ਾਹੋ।" ਮਿਸਟਰ ਕੈਂਟਨਟੀਨਵਾਲਾ ਨੂੰ ਪੁਛਿਆ "ਸਾਹਿਬ, ਇਹ ਕੀ ਹੱਲਾ-ਗੁੱਲਾ ਏ ?" ਫ਼ੁਰਮਾਇਆ : "ਇਧਰ ਤੋਂ ਚੌਬੀਸ ਕਲਾਕ ਹਾਹਾਕਾਰ ਮਚੇਲਾ ਹੈ। ਅੱਜਨ ਜੂਨਾ (ਪੁਰਾਣਾ) ਟੰਟਾ ਖਤਮ ਨਹੀਂ ਹੂਆ ਕਿ ਨਵਾਂ ਫੱਡਾ ਹੋ ਗਿਆ। ਬੈਂਕ ਕਾ ਭੱਠਾ ਬੈਠ ਗਿਆ। ਜਬ ਤਲਕ ਸਾਲਾ ਲੋਗ ਹਮਾਰਾ ਪਗਾਰ (ਤਨਖਾਹ) ਨਹੀਂ ਬੜਾਏਂਗਾ, ਅੱਖਾ (ਸਾਰਾ) ਦਿਨ, ਡੇਲੀ, ਇਸੀ ਮਾਫਕ ਲਫ਼ੜਾ ਰਹੇਂਗਾ। ਅਭੀ ਤੋਂ ਤੁਮ ਸਾਲਾ ਇੰਸਪੈਕਟਰ ਆਫ਼ ਬਰਾਂਚਿਜ਼ ਹੂਆ ਹੈ, ਆਗੇ ਆਗੇ ਦੇਖੀਏ, ਹੋਏਂਗਾ ਕਿਆ।"

ਹੋਇਆ ਇਹ ਕਿ ਇਕ ਬਰਾਂਚ ਮਨੇਜਰ ਨੇ ਜੰਜੀਬਾਰ ਅਲੈਕਟ੍ਰਿਕ ਕੰਪਨੀ ਨੂੰ, ਇਕ ਰੇਡੀਓ-ਗਰਾਮ ਤੇ ਇਕ ਇਸਤਰੀ ਦਾ ਨਜ਼ਰਾਨਾ ਲੈ ਕੇ, ਸਾਢੇ ਚਾਰ ਲੱਖ ਰੁਪੈ, ਹੈੱਡ ਆਫ਼ਿਸ ਦੀ ਇਜਾਜ਼ਤ ਤੇ ਮੰਨਜ਼ੂਰੀ ਤੋਂ ਬਿਨਾਂ, ਚੁਪ-ਚਾਪ ਕਰਜ਼ ਦੇ ਦਿਤੇ ਅਤੇ ਇਸ ਕਰਜ਼ੇ ਦਾ ਜ਼ਿਕਰ ਮਾਹਵਾਰੀ ਰਿਪੋਰਟਾ ਵਿਚ ਵੀ ਨਾ ਕੀਤਾ। ਅਠ ਨੌਂ ਮਹੀਨਿਆਂ ਪਿਛੋਂ ਜਦ ਲਾਸ਼ ਬੂ ਮਾਰਨ ਲਗੀ, ਤਫ਼ਤੀਸ਼ ਕੀਤਿਆਂ ਪਤਾ ਲਗਾ ਕਿ ਜੰਜੀਬਾਰ ਅਲੈਕਟ੍ਰਿਕ ਕੰਪਨੀ ਨੇ ਜਾਹਲੀ ਇਨਵਾਇਸ ਅਤੇ ਸ਼ਿਪਿੰਗ ਕੰਪਨੀ ਦੇ ਬਿੱਲ ਆਫ਼ ਲੈਂਡਿੰਗ । (ਜਿੰਨ੍ਹਾ ਤੋਂ ਜ਼ਾਹਿਰ ਹੁੰਦਾ ਸੀ ਕਿ ਇਸ ਨੇ ਸਾਢੇ ਚਾਰ ਲਖ ਰੁਪੈ ਦੀ ਮਾਲੀਅਤ ਦਾ ਸਾਮਾਨ ਆਪਣੇ ਢਾਕਾ ਆਫ਼ਿਸ ਨੂੰ ਭੇਜਿਆ ਹੈ) ਨਾਲ ਧੋਖਾ ਦੇ ਕੇ ਬੈਂਕ ਕੋਲੋਂ ਸਾਢੇ ਚਾਰ ਲਖ ਰੁਪੈ ਹਥਿਆ ਲਏ ਸਨ। ਢਾਕੇ ਵਿਚ ਜਦ ਨੌਂ ਮਹੀਨਿਆਂ ਤਕ ਹੁੰਡੀ ਨਾ ਛੁੜਾਈ ਗਈ ਤਾਂ ਮਾਲ ਦੀ ਢੂੰਡ-ਢਾਂਡ ਹੋਈ। ਬੈਂਕ ਦੀ ਚਿਟਾਂਗਾਂਗ ਬਰਾਂਚ ਨੇ ਇਤਲਾਹ ਦਿਤੀ ਕਿ ਜੋ ਕਰੇਟ, ਬੋਰੀਆਂ ਤੇ ਪੇਟੀਆਂ ਬੰਦਰਗਾਹ 'ਚ ਪਈਆਂ ਸਨ, ਉਹਨ੍ਹਾਂ ਨੂੰ ਖੋਲ੍ਹਿਆ ਗਿਆ ਤਾਂ ਵਿਚੋਂ ਪੱਥਰ, ਕੋਲਾ, ਲੋਹੇ ਦੇ

ਟੁਕੜੇ ਅਤੇ 'ਡਾਨ' ਅਖਬਾਰ ਦੀ ਰੱਦੀ ਨਿਕਲੀ। ਕੁਝ ਲਾਸ਼ਾਂ ਵੀ ਬਰਾਮਦ ਹੋਈਆਂ, ਪਰ ਉਹਨਾਂ ਚੂਹਿਆਂ ਦੀਆਂ ਸਨ ਜਿਹੜੇ ਇਸ ਅਖਬਾਰ ਦੇ ਸੰਪਾਦਕੀ ਖਾਂਦਿਆਂ ਹੀ ਢੇਰ ਹੋ ਗਏ ਸਨ। ਹੋਰ ਤਹਿਕੀਕਾਤ ਕੀਤਿਆਂ ਪਤਾ ਲਗਿਆ ਕਿ ਇਸ ਕੰਪਨੀ ਨੇ ਏਸੇ ਤਰ੍ਹਾਂ ਤਿੰਨ ਹੋਰ ਬੈਂਕਾਂ ਨਾਲ ਵੀ ਧੋਖਾ ਕੀਤਾ ਹੈ ਅਤੇ ਹੁਣ ਇਸ ਦਾ ਮਾਲਕ ਨੂਰ-ਉਲ-ਹਸਨ ਸ਼ੇਖ ਮਕਾਨ ਤੇ ਦੁਕਾਨ ਬਦਲ ਢਾਕੇ ਚਲਿਆ ਗਿਆ ਹੈ। ਉਥੇ ਉਸ ਨੇ ਇਕ ਬੰਗਾਲੀ ਲੀਡਰ ਨੂੰ ਆਪਣਾ "ਸਲੀਪਿੰਗ ਪਾਰਟਨਰ" ਬਣਾ ਕੇ ਪੂਰਬੀ ਪਾਕਿਸਤਾਨ ਦੀ ਸਰਕਾਰ ਕੋਲੋਂ ਬਿਜਲੀ ਦਾ ਸਾਮਾਨ ਬਣਾਉਣ ਦੀ ਫੈਕਟਰੀ ਲਾਉਣ ਲਈ ਪੰਜਾਹ ਲਖ ਰੁਪੈ ਦੇ ਦਰਾਮਦੀ ਲਸੰਸ ਹਾਸਿਲ ਕਰ ਲਏ ਹਨ ਜਿਹਨਾਂ ਨੂੰ ਧੜਾ-ਧੜ ਬਲੈਕ 'ਚ ਵੇਚ ਕੇ ਰਾਤੋ ਰਾਤ ਉਹ ਕ੍ਰੋੜਪਤੀ ਬਣ ਗਿਆ ਹੈ। ਪਿਛੇ ਜਿਹੇ ਹੀ ਇਕ ਹੋਰ ਸਲੀਪਿੰਗ ਪਾਰਟਨਰ ਮਿਸਿਜ਼......ਨੂੰ ਪੰਜ ਲਖ ਰੁਪੈ ਦਾ ਸੁੰਦਰ ਸੁਫਨਿਆਂ ਦਾ ਨਜ਼ਰਾਨਾ ਦੇ ਕੇ ਉਸ ਨੇ ਪਟਸਨ ਮਿੱਲ ਦਾ ਲਸੰਸ ਹਾਸਿਲ ਕੀਤਾ, ਜਿਸ ਨੂੰ 15 ਲਖ ਰੁਪੈ 'ਚ ਵੇਚ ਕੇ, ਪਾਕਿਸਤਾਨ ਤੋਂ ਬਦੇਸ਼ਾਂ ਨੂੰ ਜਾਣ ਵਾਲੇ ਵਡੇ ਅਫ਼ਸਰਾਂ ਲਈ ਰੋਮ ਵਿਚ ਇਕ ਕੈਡਲਿਕ ਕਾਰ, ਸ਼ਾਨਦਾਰ ਫਲੈਟ ਅਤੇ ਯਾਤਰੀ ਨੂੰ "ਹੋਮ ਸਿੱਕ" ਹੋਣ ਤੋਂ ਬਚਾਉਣ ਲਈ ਇਕ ਸੁੰਦਰ ਸੈਕਰੇਟਰੀ ਦਾ ਪ੍ਰਬੰਧ ਕੀਤਾ, ਜਿਸ ਦੀ ਅੰਗ੍ਰੇਜ਼ੀ ਉਸ ਦੇ ਚਾਲ-ਚਲਣ ਨਾਲੋਂ ਵੀ ਵਧੇਰੇ ਟੁਟੀ-ਫੁਟੀ ਸੀ। ਪਰ ਉਸ ਨੂੰ ਫਜ਼ੂਲ ਖਰਚੀ ਨਹੀਂ ਕਿਹਾ ਜਾ ਸਕਦਾ। ਵੇਖਿਆ ਗਿਆ ਹੈ ਕਿ ਬਿਜ਼ਨੈਸ ਵਿਚ ਇਕ ਚੌਥਾਈ ਸਰਮਾਏ ਨਾਲ ਜੇ ਤਿੰਨ ਚੌਥਾਈ ਸੈਕਸ ਦਾ "ਇਨਵੈਸਟਮੈਂਟ" ਕਰ ਦਿਤਾ ਜਾਵੇ ਤਾਂ ਫਿਰ ਮਿੱਲਾਂ ਤੇ ਫੈਕਟਰੀਆਂ ਹਰ ਸਾਲ ਬੱਚੇ ਦੇਈ ਚਲੀਆਂ ਜਾਂਦੀਆਂ ਨੇ।

ਇਹ ਸਭ ਗੱਲਾਂ ਭਾਵੇਂ ਆਪਣੀ ਥਾਂ ਠੀਕ ਸਨ, ਪਰ ਨੂਰ-ਉਲ-ਹਸਨ ਸ਼ੇਖ ਬੈਂਕਾਂ ਦੀਆਂ ਰਕਮਾਂ ਵਾਪਸ ਨਹੀਂ ਸੀ ਕਰਦਾ। ਉਹ ਕਹਿੰਦਾ : ਉਤਾਵਲਾ, ਸੁ ਬਾਵਲਾ ! ਰਕਮਾਂ ਮਹਿਫੂਜ਼ ਹਨ (ਇਸ ਵਿਚ ਝੂਠ ਵੀ ਕੋਈ ਨਹੀਂ। ਰਕਮਾਂ ਸਵਿੱਟਜ਼ਰਲੈਂਡ ਦੇ ਬੈਂਕ ਵਿਚ ਨੰਬਰੀ ਖਾਤੇ ਵਿਚ ਸੱਚ-ਮੁੱਚ ਹੀ ਮਹਿਫੂਜ਼ ਸਨ। ਜਦੋਂ ਮੇਰੇ ਬਣਾਏ ਹੋਏ ਰੇਡੀਓ, ਪੱਖੇ, ਫਰਿਜ ਅਤੇ ਏਅਰ ਕੰਡੀਸ਼ਨਰਜ਼ ਬਾਜ਼ਾਰ 'ਚ ਗਰਮਾ ਗਰਮ ਪਕੌੜਿਆਂ ਵਾਂਗ ਵਿਕੱਣ ਲਗਣਗੇ ਤਾਂ ਇਹਨਾਂ ਸੂਦ-ਖੋਰਾਂ ਦੀ ਪਾਈ ਪਾਈ ਚੁਕਾ ਦਿਆਂਗਾ।" ਨੂਰ-ਉਲ ਉਹਨਾਂ ਲੋਕਾਂ ਵਿਚੋਂ ਸੀ ਜਿਹਨਾਂ ਦਾ ਸਭ ਤੋਂ ਵੱਡਾ ਸਰਮਾਇਆ ਉਹਨਾਂ ਦੀ ਜ਼ਬਾਨ ਹੁੰਦੀ ਹੈ। ਜਦੋਂ ਤਕ ਇਹ ਚਲਦੀ ਰਹੇ, ਪੈਸਾ ਵਰ੍ਹਦਾ ਹੀ ਰਹਿੰਦਾ ਹੈ। ਉਸ ਨੇ ਬੈਂਕਾਂ ਦੀਆਂ ਅਖਾਂ 'ਚ ਘੱਟਾ ਨਹੀਂ ਸੀ ਪਾਇਆ ਬੜੀ ਸਫਾਈ ਨਾਲ ਸੁਰਮਾ ਲਾਇਆ ਸੀ। ਇਹੋ ਜਿਹੀਆਂ ਵਾਰਦਾਤਾਂ ਪਰ ਬੈਂਕਾਂ ਨਾਲ ਹੁੰਦੀਆਂ ਹੀ ਰਹਿੰਦੀਆਂ ਹਨ। ਬੈਂਕ ਦੇ ਵੱਡੇ ਅਫਸਰਾਂ ਦੇ ਚਿਹਰਿਆਂ 'ਤੇ ਫਿਕਰ ਤੇ ਪਰੇਸ਼ਾਨੀ ਦੇ ਕੋਈ ਚਿੰਨ੍ਹ ਨਹੀਂ ਸਨ। ਵੈਸੇ ਵੀ ਬੈਂਕ ਦੀ ਨੌਕਰੀ ਕਰ ਲੈਣ ਤੋਂ ਪਿਛੋਂ ਕ੍ਰੋੜ-ਪਤੀਆਂ ਦੀ ਦੌਲਤ ਦਾ ਹਿਸਾਬ ਰਖਦੇ ਰਖਦੇ ਅੱਠ ਹਿੰਦਸਿਆਂ ਤੋਂ ਘਟ ਦੀ ਰਕਮ ਅਖਾਂ ਨੂੰ ਜਚਦੀ ਹੀ ਨਹੀਂ। ਅਤੇ ਆਪਣੀ ਤਨਖਾਹ ਤਾਂ ਐਵੇਂ ਭੰਨਘੜ ਹੀ ਲਗਣ ਲਗ ਪੈਂਦੀ ਹੈ।

ਤਾਂਹ ਵੀ ਸਾਡੀ ਖੱਲ ਅਜੇ ਲੋੜ ਅਨੁਸਾਰ ਮੋਟੀ ਨਹੀਂ ਸੀ ਹੋਈ। ਅਸੀਂ ਹਰ ਵਕਤ ਉਸ 'ਸੀਸਮੋਗਰਾਫ਼' ਦੀ ਤਰ੍ਹਾਂ ਲਰਜ਼ਦੇ ਰਹਿੰਦੇ ਸਾਂ ਜਿਸ ਦਾ ਕੰਮ ਭੁਚਾਲ ਦੇ ਝਟਕਿਆਂ ਨੂੰ ਰੀਕਾਰਡ ਕਰਨਾ ਹੁੰਦਾ ਹੈ। ਇਸ ਪੇਸ਼ੇ ਨਾਲ ਤੇਈ ਸਾਲ ਵਾਸਤਾ ਰਖਣ ਤੋਂ ਪਿਛੋਂ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਆਦਮੀ ਆਪਣੀਆਂ ਅੱਖਾਂ ਦੇ ਸਾਹਮਣੇ ਕਿਸੇ ਨੂੰ ਕ੍ਰੋੜਪਤੀ



ਬਣਦਿਆਂ ਵੇਖ ਲਵੇ ਤਾਂ ਇਨਸਾਨੀਅਤ ਅਤੇ ਚੰਗੇ ਕਰਦਾਰ ਤੋਂ ਜੇ ਬੰਦੇ ਦਾ ਈਮਾਨ ਬਿਲਕੁਲ ਉਠ ਨਹੀਂ ਜਾਂਦਾ ਤਾਂ ਘਟੋ-ਘਟ ਡੋਲ ਜ਼ਰੂਰ ਜਾਂਦਾ ਹੈ। ਬੈਂਕਰ ਦੀਆਂ ਪੱਥਰਾਈਆਂ ਅਖਾਂ ਹਰ ਦ੍ਰਿਸ਼ ਹਰ ਰੋਜ਼ ਵੇਖਦੀਆਂ ਹਨ ਅਤੇ ਉਸ ਵਿਚਾਰੇ ਨੂੰ, ਬਕੌਲ ਮਿਰਜ਼ਾ, ਹਰ ਰੋਜ਼ ਆਪਣੇ ਈਮਾਨ ਨੂੰ ਹੁੱਕੇ ਦੀ ਤਰ੍ਹਾਂ ਤਾਜ਼ਾ ਕਰਨਾ ਪੈਂਦਾ ਹੈ। ਸਹਿਜੇ ਸਹਿਜੇ ਫਿਰ ਇਸ ਦੀ ਵੀ ਲੋੜ ਨਹੀਂ ਰਹਿੰਦੀ। ਤਾਕਤ ਅਤੇ ਦੌਲਤ ਦੇ ਵਰਤਾਰੇ ਦਾ ਇਹੀ ਅੰਦਾਜ਼ ਰਿਹਾ ਹੈ। ਸਦਾ ਤੋਂ ਇੰਜ ਹੀ ਹੁੰਦਾ ਆਇਆ ਹੈ। ਜਿਸ ਮਿੱਟੀ 'ਚੋਂ ਫੁਲ ਖਿਲ ਸਕਦੇ ਹਨ, ਜਿਸ ਕੁੱਖ 'ਚੋਂ ਅਨਾਜ ਫੁਟ ਸਕਦਾ ਹੈ..... ਉਹ ਤਪਦੀ ਜ਼ਮੀਨ ਜਿਹੜੀ ਇਸ ਉਡੀਕ 'ਚ ਹੈ ਕਿ ਕੋਈ ਪਿਆਸਾ ਇਸਮਾਈਲ ਅੱਡੀਆਂ ਰਗੜੇ ਅਤੇ ਉਸ ਦੀ ਛਾਤੀ ਵਿਚੋਂ ਅੰਮ੍ਰਿਤ ਦੀਆਂ ਧਾਰਾਂ ਫੁਟ ਪੈਣ—ਇਸ ਨੂੰ ਅਸਾਂ ਪੱਥਰ ਹੁੰਦਿਆਂ ਵੇਖਿਆ ਹੈ ਅਤੇ ਫਿਰ ਇਸ ਪੱਥਰ ਨੂੰ ਹੀਰਾ ਬਣਦਿਆਂ ਤਕਿਆ ਹੈ, ਜਿਸ ਨਾਲ ਹਰ ਸ਼ੈਅ ਕਟ ਜਾਂਦੀ ਹੈ, ਪਰ ਉਸ ਨੂੰ ਕੋਈ ਚੀਜ਼ ਨਹੀਂ ਕੱਟ ਸਕਦੀ।

ਉਸ ਵੇਲੇ ਸਾਡੇ ਸਾਥੀ ਗਿਲਾਨੀ ਸਾਹਿਬ ਮਦਰਾਸ ਦੀ ਛਪੀ ਕਿਤਾਬ "ਬੈਂਕ ਫਰਾਡਜ਼ ਐਂਡ ਫੋਰਜਰੀਜ਼" ਦਰਾਜ਼ 'ਚੋਂ ਕਢ ਕੇ ਪੜ੍ਹ ਰਹੇ ਸਨ। ਕਿਤਾਬ ਕੀ ਸੀ ਜਾਅਲਸਾਜ਼ੀ ਅਤੇ ਫਰੇਬਦੇਹੀ ਦੀ ਮੁਕੰਮਲ "ਗਾਈਡ" ਸੀ। ਇਸ ਵਿਚ ਬੈਂਕ ਦੇ ਬਾਰੇ ਹਰ ਤਰ੍ਹਾਂ ਦੇ ਫਰਾਡ ਅਤੇ ਧੋਖਾ-ਦੇਹੀ ਦੀ ਵਾਰਦਾਤ ਇਸ ਤਰ੍ਹਾਂ ਵਿਸਥਾਰ ਅਤੇ ਦਿਲਚਸਪ ਢੰਗ ਨਾਲ ਬਿਆਨ ਕੀਤੀ ਗਈ ਸੀ ਕਿ ਬੈਂਕ ਵਿਚ ਜਿਹੜੇ ਵਿਚਾਰੇ ਇਹ ਵੀ ਨਹੀਂ ਸੀ ਜਾਣਦੇ ਕਿ ਗਬਨ ਕੀ ਹੁੰਦਾ ਹੈ, ਉਹ ਵੀ ਦਸ ਪੰਦਰਾਂ ਮਿੰਟਾਂ ਵਿਚ ਫਨ-ਸ਼ਰੀਫ਼ ਦੀਆਂ ਨਜ਼ਾਕਤਾਂ 'ਚ ਕੰਮ-ਚਲਾਊ ਵਾਕਫ਼ੀਅਤ ਪੈਦਾ ਕਰ ਕੇ ਆਪਣੇ ਆਪ ਨੂੰ ਗਬਨ ਦੀ ਚਾਲ ਵਿਚ ਗ੍ਰਿਫ਼ਤਾਰ ਕਰਵਾ ਸਕਦੇ ਸਨ। ਪੰਜ ਛੇ ਮਿੰਟ ਵਰਕੇ ਉੱਥਲਣ ਤੋਂ ਪਿਛੋਂ ਗਿਲਾਨੀ ਸਾਹਿਬ ਨੇ ਐਲਾਨ ਕੀਤਾ ਕਿ ਅਗਰ ਬੈਂਕ ਦੇ ਹਰ ਅਫ਼ਸਰ ਨੂੰ ਇਸ ਕਿਤਾਬ ਦਾ ਸਫ਼ਾ 43 ਪੜ੍ਹਵਾ ਦਿਤਾ ਗਿਆ ਹੁੰਦਾ ਤਾਂ ਅਜ ਬੈਂਕ ਦੀ ਤਜੌਰੀ ਵਿਚ ਸਾਢੇ ਚਾਰ ਲਖ ਰੁਪੈ ਵਧ ਹੁੰਦੇ। ਪੰਜਾਬ ਬੈਂਕ ਲਿਮਿਟਿਡ, ਅੰਮ੍ਰਿਤਸਰ ਦੇ ਇਕ ਕੈਸ਼ੀਅਰ ਨੇ ਇਸ ਤਰ੍ਹਾਂ 25 ਹਜ਼ਾਰ ਦਾ ਗਬਨ ਕੀਤਾ ਸੀ, ਸ: ਮੋਹਨ ਸਿੰਘ ਸਬ-ਇਨਸਪੈਕਟਰ ਨੇ ਕਿਤਾਬ ਦੇ ਜਾਹਲਸਾਜ਼ੀ ਦੇ ਇਸ ਗੁਰ ਦੀ ਮਦਦ ਨਾਲ ਉਸ ਦੇ ਘਰੋਂ 35 ਹਜ਼ਾਰ ਰੁਪੈ ਬਰਾਮਦ ਕਰ ਲਏ ਸਨ। ਇਸ ਤੋਂ ਪਿਛੋਂ ਅੰਮ੍ਰਿਤਸਰ 'ਚ ਕੋਈ ਫਰਾਡ ਨਹੀਂ ਹੋਇਆ।

ਸ਼ਾਮ ਤਕ ਹੁਕਮ ਹੋਇਆ ਕਿ ਇਸ ਕੇਸ ਦੀ ਤਹਿਕੀਕਾਤ ਅਤੇ ਰਕਮ ਦੀ ਵਸੂਲਗੀ ਲਈ ਸਾਨੂੰ ਪਹਿਲੀ ਫਲਾਈਟ ਪਕੜ ਕੇ ਢਾਕੇ ਜਾਣਾ ਪਵੇਗਾ। ਤੇ ਅਸੀਂ ਅਗਲੇ ਦਿਨ ਹੀ ਢਾਕੇ ਪਹੁੰਚ ਗਏ। ਤਾਰੀਖ ਤਾਂ ਹੁਣ ਯਾਦ ਨਹੀਂ; ਬਸ ਇਤਨਾ ਯਾਦ ਹੈ ਕਿ ਪਹਿਲੀ ਵਾਰ ਹੋਟਲ ਸ਼ਾਹਬਾਗ਼ ਦੀ ਬਾਰੀ ਥਾਣੀ ਬਾਹਰ ਵੇਖਿਆ ਤਾਂ ਕ੍ਰਿਸ਼ਨਾਚੂਰਾ ਦੇ ਦਰਖਤਾਂ ਨੂੰ ਅੱਗ ਜਿਹੀ ਲਗੀ ਵੇਖੀ। ਇਕ ਇਕ ਪੱਤੀ ਫੁਲ ਅਤੇ ਹਰ ਫੁਲ ਅੰਗਾਰਾ ਬਣ ਗਿਆ ਸੀ। ਥਲੇ ਹਰ ਥਾਂ ਹਰਿਆਵਲ ਹੀ ਹਰਿਆਵਲ ਸੀ ਅਤੇ ਜਾਂ ਕਾਈ ਦੀ ਮਖ਼ਮਲੀ ਚਾਦਰ ਤਾਣੀ ਖਲੋਤਾ ਹੋਇਆ ਪਾਣੀ। ਜ਼ਮੀਨ ਕਿਤੇ ਨਜ਼ਰ ਨਹੀਂ ਸੀ ਆਉਂਦੀ। ਇੰਜ ਲਗਦਾ ਸੀ ਕਿ ਜੇ ਕਿਸੇ ਪੱਤੀ ਜਾਂ ਪੱਤੇ ਨੂੰ ਹਥ ਲਾਇਆ ਤਾਂ ਪਾਣੀ ਟਪਕ ਪਏਗਾ। ਹਰਿਆਲੀ ਦੇ ਇਤਨੇ ਵੱਖ ਵੱਖ ਸ਼ੇਡ ਅਸਾਂ ਜ਼ਿੰਦਗੀ ਵਿਚ ਕਦੀ ਨਹੀਂ ਸੀ ਵੇਖੇ। ਇਸ ਖੁਸ਼ਬਾਸ਼ ਦ੍ਰਿਸ਼ ਦੇ ਜਿਹਨਾਂ ਹਿੱਸਿਆਂ

ਵਿਚ ਜਾਨ ਪੈ ਗਈ ਸੀ, ਉਹ ਚਿੜੀਆਂ ਦੀ ਸ਼ਕਲ ਵਿਚ ਚਹਿਚਹਾਣ ਲਗ ਪਏ ਸਨ। ਵਰਖਾ ਰੁਕਣ ਤੋਂ ਪਿਛੋਂ ਬਿਜਲੀ ਦੀਆਂ ਤਾਰਾਂ 'ਤੇ ਉਪਰ ਥਲੇ ਬੈਠੀਆਂ ਚਿੜੀਆਂ ਇੰਜ ਲਗ ਰਹੀਆਂ ਸਨ ਜਿਵੇਂ ਪਛਮੀ ਸੰਗੀਤ ਦੀ 'ਨੋਟੇਸ਼ਨ'। ਸ਼ਾਮੀਂ ਮਿੱਟਫੋਰਡ ਰੋਡ ਅਤੇ ਨਵਾਬਗੰਜ ਦੀ ਸੈਰ ਨੂੰ ਜਾਣ ਲਗੇ ਤਾਂ ਇਕ ਦੋਸਤ ਨੇ ਖਬਰਦਾਰ ਕੀਤਾ ਕਿ "ਰਾਹ ਭੁਲ ਜਾਉ ਤਾਂ ਕਿਸੇ ਨੂੰ ਉਰਦੂ 'ਚ ਨਹੀਂ ਪੁਛਣਾ। ਸਮਝਦੇ ਸਾਰੇ ਹਨ ਪਰ ਜੁਆਬ ਕੋਈ ਨਹੀਂ ਦੇਵੇਗਾ। ਅੰਗ੍ਰੇਜ਼ੀ ਵਿਚ ਪੁਛਣਾ। ਢਾਕਾ ਸ਼ਹਿਰ ਨੂੰ ਇਹ ਫ਼ਖ਼ਰ ਹਾਸਿਲ ਹੈ ਕਿ ਇਸ ਨੇ ਮਾੜੇ ਯੁਗ ਦੇ ਸਭ ਤੋਂ ਉਘੇ ਅਤੇ ਸਰਵੋਤਮ ਵਿਦਵਾਨ ਨੂੰ ਉਰਦੂ ਦੀ ਹਿਮਾਇਤ ਕਰਨ ਕਰਕੇ ਸ਼ਰੇ ਬਾਜ਼ਾਰ ਛਿਤਰਾਂ ਦਾ ਹਾਰ ਪਹਿਨਾਇਆ ਸੀ।"

ਗਾਂ ਬਕਰੀ ਦੇ ਅਤੇ ਬਕਰੀ ਬਿੱਲੀ ਦੇ ਬਰਾਬਰ ਵੇਖ ਕੇ ਬੜਾ ਪਿਆਰ ਆਇਆ। ਬਿੱਲੀਆਂ ਨਜ਼ਰ ਨਹੀਂ ਆਈਆਂ। ਪਰੰਤੂ ਮੱਛਰ ਬਹੁਤ ਤੰਦਰੁਸਤ ਅਤੇ ਜ਼ੋਰਦਾਰ ਨਿਕਲੇ। ਜ਼ਰਾ ਧਿਆਨ ਨਾਲ ਵੇਖਿਆ ਤਾਂ ਹਰ ਸ਼ੋਰ ਪਾਉਣ ਵਾਲੀ ਚੀਜ਼—ਡੱਡੂ, ਮੈਨਾ, ਨਦੀ, ਕਾਂ, ਬੱਦਲ, ਲੀਡਰ—ਆਪਣੇ ਸਾਈਜ਼ ਨਾਲੋਂ ਵਡੇਰੇ ਦਿਖਾਈ ਦਿਤੇ। ਢਾਕਾ ਮਸਜਦਾਂ ਦਾ ਸ਼ਹਿਰ ਅਖਵਾਉਂਦਾ ਹੈ। ਫ਼ਜ਼ਰ ਦੀ ਬਾਂਗ ਤੋਂ ਪਿਛੋਂ ਹਰ ਤੀਸਰੇ ਘਰ ਵਿਚੋਂ ਲੜਕੀਆਂ ਦੇ ਗੌਣ ਅਤੇ ਹਰਮੋਨੀਅਮ ਦੀ ਆਵਾਜ਼ ਸੁਣਾਈ ਦਿਤੀ। ਦਫ਼ਤਰ ਪੁਜੇ ਤਾਂ ਬੈਂਕ ਦੇ ਜਰਨਲ ਮਨੇਜਰ ਨੇ ਸ਼ਿਕਾਇਤ ਕੀਤੀ ਕਿ ਸਟੇਟ ਬੈਂਕ ਆਫ਼ ਪਾਕਿਸਤਾਨ ਦਾ ਬੰਗਾਲੀ ਮਨੇਜਰ ਕਮਰਸ਼ਲ ਬੈਂਕਾਂ ਦੀਆਂ ਰੋਜ਼ ਮੱਰਾ ਦੀਆਂ ਲੋੜਾਂ ਲਈ ਵੀ ਢਾਕੇ ਤੋਂ ਕਰਾਚੀ ਰੁਪੈ ਭੇਜਣ ਵਲੋਂ ਔਖਾ ਹੁੰਦਾ ਹੈ। ਕਹਿੰਦਾ ਬੰਗਾਲ ਦਾ ਰੁਪੈ ਬੰਗਾਲ ਵਿਚ ਹੀ ਰਹਿਣਾ ਚਾਹੀਦਾ ਹੈ। ਯਾਦ ਰਹੇ ਪਾਕਿਸਤਾਨ ਨੂੰ ਬਣਿਆਂ ਹਾਲੀ ਦਸ ਸਾਲ ਵੀ ਨਹੀਂ ਸੀ ਹੋਏ।

ਨੂਰ-ਉਲ-ਹਸਨ ਸ਼ੇਖ਼ ਦਾ ਵਿਸ਼ਵਾਸ਼ ਅਤੇ ਖੁਸ਼ ਖੁਲਕ ਤਬੀਅਤ ਵੇਖ ਕੇ ਖਿਆਲ ਆਇਆ ਕਿ ਸ਼ਾਇਦ ਅਸੀਂ ਹੀ ਸਰੀਰਕ ਕਮਜ਼ੋਰੀ ਦਾ ਸ਼ਿਕਾਰ ਹਾਂ ਜੋ ਖਾਹ-ਮਖਾਹ ਘਬਰਾਏ ਫਿਰ ਰਹੇ ਹਾਂ! ਮਸ਼ਹੂਰ ਅਰਥ-ਵਿਗਿਆਨੀ ਲਾਰਡ ਕੇਂਨਜ਼ ਨੇ ਬੜੇ ਪਤੇ ਦੀ ਗੱਲ ਕਹੀ ਸੀ ਕਿ ਜੇਕਰ ਤੁਸੀਂ ਬੈਂਕ ਕੋਲੋਂ ਇਕ ਹਜ਼ਾਰ ਪੌਂਡ ਕਰਜ਼ ਲਵੋ ਤਾਂ ਤੁਸੀਂ ਬੈਂਕ ਦੇ ਰਹਿਮੋਕਰਮ 'ਤੇ ਹੋ ਜਾਂਦੇ ਹੋ, ਪਰ ਜੇ ਦਸ ਲਖ ਪੌਂਡ ਕਰਜ਼ ਲੈ ਲਵੋ ਤਾਂ ਫਿਰ ਬੈਂਕ ਤੁਹਾਡੇ ਰਹਿਮੋਕਰਮ 'ਤੇ ਹੋ ਜਾਵੇਗਾ। ਇਹ ਕੇਸ ਵੀ ਕੁਝ ਏਸੇ ਹੀ ਤਰ੍ਹਾਂ ਦਾ ਸੀ। ਨੂਰ-ਉਲ ਦਾ ਦਫ਼ਤਰ ਅਤੇ ਸ਼ੋ-ਰੂਮ ਬਹੁਤ ਸ਼ਾਨਦਾਰ ਅਤੇ ਬੈਂਕ ਦੇ ਹੈੱਡ-ਆਫ਼ਿਸ ਨਾਲੋਂ ਵੀ ਕਈ ਗੁਣਾਂ ਚੰਗਾ ਸੀ। ਉਹਨਾਂ ਨੇ ਆਪਣੇ ਗੁਦਾਮ ਦਾ ਮੁਆਇਨਾ ਕਰਵਾਉਣੋਂ ਸਾਫ਼ ਇਨਕਾਰ ਕਰ ਦਿਤਾ। ਕਹਿਣ ਲਗੇ ਤੁਸੀਂ ਇਸ ਦੇ ਯੋਗ ਨਹੀਂ ਹੋ। ਮੈਂ ਦਰਜ਼ੀ ਨੂੰ ਨਾਈ ਦਾ ਕੰਮ ਕਰਨ ਦੀ ਇਜਾਜ਼ਤ ਨਹੀਂ ਦੇ ਸਕਦਾ। ਹਾਂ, ਆਪਣੀ ਫੈਕਟਰੀ ਦਾ ਮੁਆਇਨਾ ਉਹਨਾਂ ਜ਼ਰੂਰ ਕਰਵਾਇਆ। ਇਸ ਨੂੰ ਉਹ ਆਪਣੀ ਪ੍ਰਯੋਗਸ਼ਾਲਾ ਕਹਿੰਦੇ ਸਨ, ਪਰ ਜੋ ਅਸਲ ਵਿਚ ਬੈਂਕ ਦੇ ਰੁਪੈ ਦੀ ਆਖਰੀ ਆਰਾਮਗਾਹ ਸੀ। ਫਰਿਜਾਂ ਦੇ ਵੀਹ ਪੱਚੀ ਖੋਲ ਪਏ ਸਨ ਜਿਹਨਾਂ ਦੀ ਈਜਾਦ ਹੋ ਚੁਕੀ ਸੀ। ਇਹਨਾਂ ਲਈ ਮਸ਼ੀਨ ਈਜਾਦ ਕਰਨੀ ਬਾਕੀ ਸੀ। ਏਸੇ ਤਰ੍ਹਾਂ ਏਅਰ ਕੰਡੀਸ਼ਨਰਜ਼ ਦੇ ਸਵਿੱਚ ਈਜਾਦ ਕਰ ਲਏ ਗਏ ਸਨ। ਉਹਨਾਂ ਦੇ ਕਹਿਣ ਅਨੁਸਾਰ ਸਵਿੱਚ ਹੀ ਸਾਰੀ ਮਸ਼ੀਨ ਦੀ ਜਾਨ ਹੁੰਦੇ ਹਨ। ਤੁਸਾਂ ਕਦੀ, ਕੁਦਰਤ ਦੇ ਕਾਰਖਾਨੇ ਨੂੰ ਛਡ ਕੇ, ਕੋਈ ਹੋਰ ਕਾਰਖਾਨਾ ਸਵਿੱਚ ਤੋਂ ਬਿਨਾਂ ਚਲਦਿਆਂ ਵੇਖਿਆ ਹੈ? ਬਸ, ਦਸ ਲਖ ਰੁਪੈ ਦੇ ਹੋਰ ਕਰਜ਼ੇ ਦੀ ਲੋੜ ਹੈ।



ਕਰਜ਼ੇ ਨੂੰ ਪੁਰਜ਼ੇ ਵਿਚ ਢਾਲਣਾ ਇਸ ਈਜਾਦਕਾਰ ਦੇ ਖੱਬੇ ਹਥ ਦੀ ਖੇਡ ਹੈ। ਪਰ ਕਰਜ਼ਾ ਹੋਵੇ, ਬਿਨਾਂ ਸੂਦ ਦੇ। ਇਹ ਨਹੀਂ ਕਿ ਰਕਮ ਵਧਦੀ ਗਈ ਜੂੰ ਜੂੰ ਅਦਾ ਕੀ। ਮੈਂ ਇਸ ਵੇਲੇ ਏਸ਼ੀਆ ਦਾ ਸਭ ਤੋਂ ਵੱਡਾ ਕਰਜ਼ਾਈ ਹਾਂ। ਮੈਨੂੰ ਤਾਂ ਰਹਿਣ, ਮਾਲ ਅਤੇ ਜ਼ਮਾਨਤ ਦੀ ਵੀ ਪਾਬੰਦੀ ਨਹੀਂ ਲਗਣੀ ਚਾਹੀਦੀ। ਅਰੇ ਸਾਹਿਬ, ਅਮਰੀਕਾ ਵਿਚ ਤਾਂ ਬੈਂਕ ਮੁਸਕ੍ਰਾਹਟ 'ਤੇ ਵੀ ਕਰਜ਼ਾ ਦੇ ਦੇਂਦੇ ਹਨ।

ਹਾਂ, ਨੂਰ-ਉਲ ਸਾਹਿਬ ਇਕ ਅਲੈਕਟ੍ਰਿਕ ਸ਼ੇਵਰ ਮੁਕੰਮਲ ਈਜਾਦ ਕਰ ਚੁਕੇ ਸਨ। ਇਸ ਦੀ ਲੰਮਾਈ ਛੇ ਫੁਟ ਹੋਵੇਗੀ। ਇਸ ਨਾਲ ਖੜੇ ਖੜੋਤੇ ਊਠ ਦੀ ਹਿਜਾਮਤ ਆਸਾਨੀ ਨਾਲ ਕੀਤੀ ਜਾ ਸਕਦੀ ਸੀ। "ਕੁਝ ਹੋਰ ਰੁਪਿਆ ਹੁੰਦਾ ਤਾਂ ਇਸ ਜੰਤਰ ਨੂੰ ਸੰਖੇਪ ਕਰਕੇ ਬੰਦਿਆਂ ਦੀ ਹਿਜਾਮਤ ਲਈ ਇਸ ਨੂੰ ਰਜ਼ਾਮੰਦ ਕੀਤਾ ਜਾ ਸਕਦਾ ਸੀ।"......

ਨੂਰਉਲ ਦੇਰ ਤਕ ਕੌਮ ਦੀ ਬਦਨਸੀਬੀ 'ਤੇ ਅਫ਼ਸੋਸ ਕਰਦੇ ਰਹੇ ਜਿਹੜੀ ਉਹਨਾਂ ਦੇ ਦਿਮਾਗ਼ ਦਾ ਪੂਰਾ ਫਾਇਦਾ ਉਠਾਣ ਤੋਂ ਗੁਰੇਜ਼ ਕਰ ਰਹੀ ਸੀ। ਪ੍ਰਾਂਤਕ ਅਦਾਰਿਆਂ ਨੇ ਪਰੰਤੂ ਇਹਨਾਂ ਦੀ ਭਰਪੂਰ ਮਾਲੀ ਅਮਦਾਦ ਕੀਤੀ ਸੀ, ਜਿਸ ਕਰਕੇ ਉਹਨਾਂ ਦੀ ਬਰਬਾਦੀ ਵਿਚ ਭਰਪੂਰ ਵਾਧਾ ਹੋਇਆ ਸੀ। ਉਹਨਾਂ ਨੇ ਇਕ ਹੋਰ ਜ਼ਿਕਰ ਯੋਗ ਕਾਢ ਬਾਰੇ ਵੀ ਦਸਿਆ। ਇਹ ਇਕ ਨਿਕੀ ਜਿਹੀ ਡੱਬੀ ਸੀ ਜੋ ਆਪਣੇ ਆਪ ਵਿਚ ਯਕ ਖੂਬੀ ਅਤੇ ਸੌ ਖਰਾਬੀ ਦਾ ਮਜਮੂਆ ਸੀ। ਇਸ ਦੀ ਤਾਰੀਫ਼ ਵਿਚ ਇਹ ਦਸਿਆ ਗਿਆ ਕਿ ਜੇ ਇਸ ਨੂੰ ਤੁਸੀਂ ਆਪਣੇ ਟੈਲੀਫੋਨ ਦੀਆਂ ਤਾਰਾਂ ਨਾਲ ਜੋੜ ਦੇਵੋ ਤਾਂ ਜੋ ਸ਼ਖਸ ਵੀ ਤੁਹਾਨੂੰ ਫੋਨ ਕਰੇਗਾ, ਉਸ ਦਾ ਫੋਨ 'ਡੈੱਡ' ਹੋ ਜਾਵੇਗਾ। ਪੁਛਿਆ: ਇਸ ਦਾ ਫਾਇਦਾ? ਫੁਰਮਾਇਓ ਨੇ: ਸਾਇੰਸ ਦਾ ਕੰਮ ਈਜਾਦ ਕਰਨਾ ਹੈ; ਦੁਨੀਆਂ ਆਪਣੇ ਆਪ ਫਾਇਦੇ ਲਭਦੀ ਫਿਰੇ। ਨੋਬੱਲ ਇਨਾਮ ਦੇ ਬਾਨੀ ਅਲਫਰੈਡ ਨੋਬੱਲ ਨੇ ਜਦ ਡਾਈਨਾਮਾਈਟ ਈਜਾਦ ਕੀਤਾ ਸੀ ਤਾਂ ਉਸ ਦੇ ਸੁਪਨੇ ਵਿਚ ਵੀ ਨਹੀਂ ਸੀ ਕਿ ਇਸ ਦੀ ਵਰਤੋਂ ਇੰਜ ਕੀਤੀ ਜਾਵੇਗੀ। ਈਜਾਦ ਤੇ ਔਲਾਦ ਦੇ ਲੱਛਣ ਜੇ ਪਹਿਲਾਂ ਹੀ ਪਤਾ ਲਗ ਜਾਇਆ ਕਰਦੇ ਤਾਂ ਸੰਸਾਰ ਵਿਚ ਨਾ ਕੋਈ ਬੱਚਾ ਹੀ ਜੰਮਦਾ ਅਤੇ ਨਾ ਹੀ ਕੋਈ ਈਜਾਦ ਕਰਦਾ।

ਨੂਰਉਲ ਨੇ ਕਿਸੇ ਜ਼ਮਾਨੇ ਰੂੰ ਦੇ ਸੱਟੇ ਵਿਚ ਵੀ ਬੈਂਕਾਂ ਦੀ ਕਿਸਮਤ ਅਜ਼ਮਾਈ ਸੀ। ਆਪਣਾ ਹੀ ਦੀਵਾਲਾ ਨਹੀਂ ਕਢਿਆ, ਨਾਲ ਤਿੰਨ ਚਾਰ ਹੋਰ ਵਡੀਆਂ ਅਤੇ ਮਜ਼ਬੂਤ ਪਾਰਟੀਆਂ ਨੂੰ ਵੀ ਲੈ ਡੁਬੇ ਸਨ। ਕਾਰਨ ਇਹ ਦਸਦੇ ਸਨ ਕਿ ਬੈਂਕ ਐਵੇਂ ਕਰਜ਼ੇ ਦੇਂਦੇ ਚਲੇ ਜਾਂਦੇ ਹਨ। ਏਸ ਲਈ ਮੇਰੇ ਕੋਲੋਂ ਕਪਾਹ ਖ੍ਰੀਦਣ ਵਿਚ ਜਲਦੀ ਅਤੇ ਵੇਚਣ ਵਿਚ ਦੇਰੀ ਹੋ ਗਈ। ਇਥੋਂ ਤਕ ਕਿ ਜੁਲਾਈ ਦਾ ਮਹੀਨਾ ਆ ਗਿਆ। ਮੁਲਤਾਨ ਦੀ ਗਰਮੀ ਵੜੇਵੇਂ ਦੇ ਜਿਗਰ ਤਕ ਉਤਰ ਗਈ। ਗਰਮੀ ਖਾਧੇ ਰੂੰ ਅਤੇ ਲੜਕੀ ਦਾ ਕੌਣ ਲੈਵਾਲ ਹੁੰਦਾ ਏ? ਨੂਰਉਲ ਨੇ ਸੱਟੇ ਦੀਆਂ ਹੋਰ ਕਈ ਕਿਸਮਾਂ 'ਤੇ ਵੀ ਹਥ-ਅਜ਼ਮਾਈ ਕੀਤੀ ਹੋਈ ਸੀ। ਉਸ ਜ਼ਮਾਨੇ ਵਿਚ ਤਾਂ ਨਿਉਚਾਲੀ ਵਿਚ ਇਸ ਗੱਲ 'ਤੇ ਵੀ ਸ਼ਰਤਾ ਲਾਈਆਂ ਜਾਂਦੀਆਂ ਸਨ ਕਿ ਹੁਣ ਜਿਹੜੀ ਕਾਰ ਸਾਹਮਣਿਓਂ ਲੰਘੇਗੀ ਉਸ ਦਾ ਨੰਬਰ ਜਿਸਤ ਹੋਵੇਗਾ ਜਾਂ ਟਾਂਕ। ਫਲਾਣੀ ਔਰਤ ਗੱਭਣ ਹੈ, ਦਸੋ ਮੁੰਡਾ ਹੋਵੇਗਾ ਜਾਂ ਕੁੜੀ? ਸ਼ਰਤਾਂ ਲਾਉਣ ਲਈ ਜਦ ਜਾਣ ਪਛਾਣ ਦੇ ਹਾਮਲਾ ਘਰ ਨਾਕਾਫ਼ੀ ਸਾਬਤ ਹੋਏ ਤਾਂ ਹਸਪਤਾਲਾਂ ਦੇ 'ਮੈਟਰਨਟੀ ਵਾਰਡਾਂ' ਵਿਚ ਦਾਖਲਾ ਲੈਣ ਵਾਲੀਆਂ ਬਾਰੇ ਸ਼ਰਤਾਂ ਲਗਣ ਲਗੀਆਂ। ਏਸੇ ਵਾਰਡ ਵਿਚ ਕਿਸੇ ਪਠਾਨ 'ਗਨਮੈਨ' ਦੇ ਘਰ ਲੜਕੀ ਜੰਮ ਪਈ ਤਾਂ ਕਿਸੇ ਸੇਠ ਦਾ ਅਜਿਹਾ ਦੀਵਾਲਾ ਨਿਕਲਿਆ ਕਿ ਪ੍ਰਸੂਤ ਮੁਕਣ ਤੋਂ ਪਹਿਲਾਂ ਹੀ ਉਸ ਦੇ ਆਪਣੇ ਬੱਚੇ ਰੋਟੀ ਦੇ ਮੁਹਤਾਜ ਹ ਗਏ।

ਅਸਾਂ ਹਿੰਮਤ ਕਰਕੇ ਨੂਰਉਲ ਨੂੰ ਪੁਛਿਆ, "ਤੁਸਾਂ ਕਰਾਚੀ ਤੋਂ ਜੋ ਸਾਮਾਨ—ਸਵਿੱਚ, ਪਲੱਗ, ਤਾਰਾਂ, ਅਲੈਕਟ੍ਰਿਕ ਮੋਟਰਾਂ ਅਤੇ ਪੰਪ ਆਦਿ ਪੂਰਬੀ ਪਾਕਿਸਤਾਨ ਭੇਜਿਆ ਸੀ, ਉਹ ਕੋਲੇ ਵਿਚ ਕਿਵੇਂ ਬਦਲ ਗਿਆ ?"

"ਇਹ ਸੁਆਲ ਤਾਂ ਮੈਨੂੰ ਕਰਨਾ ਚਾਹੀਦਾ ਹੈ । ਆਖਰ ਬੈਂਕ ਮੇਰੇ ਸਾਹਮਣੇ ਜੁਆਬ ਦੇਹ ਹੈ । ਮੈਂ ਆਪਣੇ ਸਲੀਪਿੰਗ ਪਾਰਟਨਰ ਨੂੰ ਕੀ ਮੂੰਹ ਵਿਖਾਵਾਂਗਾ ? ਤੁਸਾਂ ਚਿਟਾਗਾਂਗ ਪੋਰਟ ਟਰੱਸਟ ਤੋਂ ਵੀ ਪੁਛ ਪੜਤਾਲ ਕੀਤੀ ?"

"ਇਹ ਸੱਚ ਹੈ ਕਿ ਤੁਸਾਂ ਇਸ ਮਾਲ ਦੇ ਬਿੱਲ ਆਫ਼ ਲੈਂਡਿੰਗ 'ਤੇ ਸਾਡੀ ਕਰਾਚੀ ਬਰਾਂਚ ਤੋਂ ਸਾਢੇ ਚਾਰ ਲਖ ਰੁਪੈ ਵਸੂਲ ਕੀਤੇ ?"

"ਤੁਸੀਂ ਠੀਕ ਕਹਿੰਦੇ ਹੋ ।"

"ਅਤੇ ਤੁਸਾਂ ਹੁੰਡੀ ਨਹੀਂ ਛੁਡਾਈ ਅਤੇ ਮਾਲ ਨੌਂ ਮਹੀਨੇ ਚਿਟਾਗਾਂਗ ਵਿਚ ਪਿਆ ਸੜਦਾ ਰਿਹਾ ?"

"ਤੁਸੀਂ ਫਿਰ ਠੀਕ ਕਹਿੰਦੇ ਹੋ । ਮਾਲ ਨੌਂ ਮਹੀਨੇ ਤਕ ਪਿਆ ਸੜਦਾ ਰਿਹਾ ਅਤੇ ਤੁਹਾਡਾ ਬੈਂਕ ਸੁੱਤਾ ਰਿਹਾ । ਤੁਸਾਂ ਸਾਇੰਸ ਪੜ੍ਹੀ ਹੈ ?"

"ਮੈਂ ਫਲਸਫੇ ਦਾ ਵਿਦਿਆਰਥੀ ਹਾਂ ।"

"ਏਸੇ ਲਈ ਹੀ ਨਾ । ਮਤਲਬ ਤੁਸੀਂ ਕੋਲੇ ਦੀ ਖ਼ਾਨ ਵਿਚ ਸੁਰਮਾ ਪਾ ਕੇ ਜਾਂਦੇ ਹੋ । ਜਨਾਬ, ਤੁਹਾਡੇ 'ਤੇ ਸੁਕਰਾਤ ਤੋਂ ਵਧ ਬੁਕਰਾਤ ਦੀ ਛਾਪ ਹੈ । ਬੰਦਾ ਨਿਵਾਜ਼, ਜੇ ਇਹ ਨੂੰ ਨੌਂ ਮਹੀਨੇ ਹੋਰ ਪਿਆ ਰਹਿਣ ਦੇ ਦਿਓ, ਤਾਂ ਅਜਬ ਨਹੀਂ, ਕਾਰਬਨ ਦੇ ਅਮਲ ਨਾਲ ਕੋਲੇ ਹੀਰੇ ਬਣ ਜਾਂਦੇ ।"

"ਕਰੇਟ ਤੇ ਪੇਟੀਆਂ ਤੁਸਾਂ ਬੰਦ ਕੀਤੀਆਂ ਸਨ ।"

"ਪਰ ਖੋਲ੍ਹੀਆਂ ਕਿਸੇ ਹੋਰ ਨੇ । ਬੈਂਕ ਨੇ ਮਾਲ ਬਦਲ ਦਿਤਾ । ਮੇਰੇ ਨਾਲ ਧੋਖਾ ਕੀਤਾ ਗਿਆ । ਮੈਂ ਲੁਟਿਆ ਗਿਆ । ਬਰਬਾਦ ਹੋ ਗਿਆ । ਮੈਂ ਮੁਕੱਦਮਾ ਕਰਾਂਗਾ । (ਇਕ ਫੁਟ ਲੰਮਾ ਕੇਲਾ ਵਧਾਂਦਿਆਂ ਹੋਇਆਂ) ਲਉ, ਗੁੱਸਾ ਥੁਕ ਦਿਉ, ਇਹਨੂੰ ਖਾਉ । ਅਰੇ ਸਾਹਿਬ, ਤਿੰਨ ਚਾਰ ਇੰਚ ਹੀ ਖਾਉ, ਮੁਨਸ਼ੀ ਗੰਜ ਦਾ ਹੈ," ਨੂਰਉਲ ਨੇ ਯਕਦਮ ਆਪਣਾ ਅੰਦਾਜ਼ ਬਦਲਦਿਆਂ ਕਿਹਾ ।

ਕੇਲੇ ਦੀ ਲੰਮਾਈ ਨੂੰ ਚਾਰ ਇੰਚ ਕਰਦਿਆਂ ਹੋਇਆਂ ਕਹਿਣ ਲਗੇ : "ਮੁਕੱਦਮੇ ਤੋਂ ਯਾਦ ਆਇਆ । ਮੁੱਲਾਂ ਨਸੀਰਉਲਦੀਨ 'ਤੇ ਇਕ ਗੁਆਂਢੀ ਨੇ ਮੁਕੱਦਮਾ ਕੀਤਾ ਕਿ ਮੁੱਲਾਂ ਨੇ ਉਸ ਕੋਲੋਂ ਇਕ ਦੁਰਲਭ ਅਤੇ ਬਹੁਤ ਕੀਮਤੀ ਸੁਰਾਹੀ ਹੁਦਾਰ ਲਈ । ਜਦ ਵਾਪਿਸ ਕੀਤੀ ਤਾਂ ਉਹ ਤਿੜਕੀ ਹੋਈ ਸੀ । ਮੁੱਲਾਂ ਨੇ ਜੁਆਬ-ਦਾਹਵੇ ਵਿਚ ਲਿਖਿਆ ਕਿ ਅਵੱਲ ਤਾਂ ਮੈਂ ਮੁਦੱਈ ਕੋਲੋਂ ਸੁਰਾਹੀ ਲਈ ਹੀ ਨਹੀਂ, ਦੋਮ ਇਹ ਕਿ ਜਿਸ ਵਕਤ ਮੈਂ ਸੁਰਾਹੀ ਵਾਪਿਸ ਕੀਤੀ ਸੀ ਤਾਂ ਉਹ ਬਿਲਕੁਲ ਸਾਲਮ ਸਬੂਤ ਸੀ ਅਤੇ ਸਗੋਂ ਇਹ ਕਿ ਜਦ ਮੈਂ ਸੁਰਾਹੀ ਲਈ ਸੀ ਉਹ ਉਸ ਵੇਲੇ ਹੀ ਤਿੜਕੀ ਹੋਈ ਸੀ ।"

ਫੜਕ ਗਏ । ਹਥ 'ਤੇ ਹਥ ਮਾਰ ਕੇ ਕਹਿਣ ਲਗੇ, "ਬੈਂਕ ਵਿਚ ਵੀ ਬੜਾ ਬੜਾ ਮਾਲ ਪਿਆ ਹੋਇਆ ਹੈ । ਏਸੇ 'ਤੇ ਹੀ ਅਨਾਨਾਸ ਦੀ ਫਾਂਗ ਹੋ ਜਾਏ । ਕੋਮਿਲਾ ਤੋਂ ਮੰਗਵਾਇਆ ਹੈ । ਅਤੇ ਇਹ ਕੱਚੇ ਨਾਰੀਅਲ ਦੀ ਟੁਕੜੀ ਤਾਂ ਕਮਾਲ ਹੈ, ਸਰੀਰ ਨੂੰ ਤਾਕਤ, ਮਨ ਨੂੰ ਸ਼ਾਂਤੀ ਅਤੇ ਅੱਖਾਂ ਨੂੰ ਰੋਸ਼ਨੀ ਦੇਂਦੀ ਹੈ । ਤੁਹਾਨੂੰ ਬੰਗਾਲੀ ਨੈਣ ਵਿਖਾਈਏ ? ਨੈਣ ਰਸੀਲੇ, ਬਾਲ ਕਟੀਲੇ......ਚੰਗਾ ਕਲ ਸਹੀ । ਹਾ ਹਾ ਹਾ ! ਮਿਲਾਉ ਹੱਥ, ਯਾਰ !"





## ਆਪਣਾ ਆਪਣਾ ਫਿਕਰ

(ਅਰਧ-ਪ੍ਰੋਲਤਾਰੀ ਦੀਆਂ ਕਹਾਣੀਆਂ)

ਡਾ. ਕੇਸਰ ਸਿੰਘ ਕੇਸਰ

ਚਰਨਜੀਤ ਚੰਨੀ ਦੀਆਂ ਨੌਂ ਕਹਾਣੀਆਂ ਦਾ ਪਲੇਠਾ ਸੰਗ੍ਰਹਿ, "ਆਪਣਾ ਆਪਣਾ ਫਿਕਰ" ਸਾਡੇ ਅਜੋਕੇ ਆਰਥਕ-ਰਾਜਨੀਤਕ-ਸੰਸਕ੍ਰਿਤਕ ਜੀਵਨ ਨੂੰ ਅਜਿਹੇ ਅਰਧ-ਪ੍ਰੋਲਤਾਰੀ ਪਾਤਰਾਂ ਦੀਆਂ ਪਰਿਸਥਿਤੀਆਂ ਦੇ ਨਿੱਗਰ ਰੂਪ ਵਿਚ ਪੇਸ਼ ਕਰਦਾ ਹੈ ਜਿਹੜੇ ਆਪਣੀਆਂ ਮੋਈਆਂ ਪੁਸ਼ਤਾਂ ਦੀ ਸੰਸਕ੍ਰਿਤੀ ਦੇ ਬੋਝ ਹੇਠ ਰੀਂਗਦੇ, ਆਪਣੀ ਵਰਤਮਾਨ ਹੋਂਦ ਦੇ ਮਾਨਵੀ ਤੱਤ ਨੂੰ ਬਚਾਉਣ ਦੇ ਆਹਰ ਵਿਚ ਪੂੰਜੀਵਾਦੀ ਅਰਥਚਾਰੇ ਦਾ ਖਾਜਾ ਬਣ ਜਾਂਦੇ ਹਨ ।

ਰੁਲਦੂ ਜ਼ਮਾਂਦਾਰ ਦਾ ਮੁੰਡਾ, ਬਸੰਤਾ ਚਪੜਾਸੀ, ਕਾਲਾ ਪਾਲਿਸ਼ ਵਾਲਾ, ਦਫ਼ਤਰੀ ਫਾਈਲਾਂ ਦੇ ਬੋਝ ਹੇਠ ਦਬਿਆ ਕਲਰਕ, ਢਾਬੇ ਦੇ ਗਰੀਬ ਮਾਲਕ ਦਾ ਨੌਕਰ, ਆਦਿ ਪਾਤਰ ਵਿਕਾਸੋਂ ਟੁੱਟੇ ਅਰਥ-ਪ੍ਰਬੰਧ ਦੀਆਂ ਅਲਾਮਤਾਂ ਵੀ ਹਨ ਤੇ ਇਸ ਪ੍ਰਬੰਧ ਦੇ ਸ਼ਿਕਾਰ ਵੀ । ਕੁਝ ਕਹਾਣੀਆਂ ਦੇ ਕੇਂਦਰੀ ਪਾਤਰ ਇਸ ਆਰਥਕ ਨੀਂਹ ਉਤੇ ਉਸਰੇ ਭ੍ਰਸ਼ਟ ਰਾਜਨੀਤਕ ਪਰਪੰਚ ਦੀ ਅਸਲੀਅਤ ਨੂੰ ਉਘਾੜਦੇ ਹਨ, ਪਰ ਕੁਰਬਾਨੀ ਦੇ ਬੱਕਰੇ ਬਣ ਕੇ, ਜਿਵੇਂ : ਕਾਮਰੇਡ ਅਮਰ ਸਿੰਘ, ਅਕਾਲੀ ਕੇਹਰ ਸਿੰਘ ਤੇ ਜੰਗੀ ਕੈਦੀ । ਹੋਮਗਾਰਡ ਦੇ ਦਿਹਾੜੀਦਾਰ ਵਲੰਟੀਅਰ, ਕੌਰ ਸਿੰਘ ਤੇ ਬਹਾਦਰ ਸਿੰਘ ਵੀ ਇਸ ਰਾਜਸੀ ਵਰਤਾਰੇ ਦਾ ਹੀ ਇਕ ਅੰਗ ਹਨ ।

ਇਨ੍ਹਾਂ ਕਹਾਣੀਆਂ ਵਿਚ ਪਹਿਲੀ ਪ੍ਰਕਾਰ ਦੇ (ਅਰਥਾਤ ਸਮਾਜ-ਪ੍ਰਬੰਧ ਦੀਆਂ ਨੀਂਹਾਂ ਵਿਚ ਚਿਣੇ) ਪਾਤਰਾਂ ਦਾ ਚਿਤ੍ਰਣ ਬੁਰਜੁਆ, ਨੀਮ-ਬੁਰਜੁਆ, ਲੰਪਨ ਪ੍ਰੋਲਤਾਰੀ ਤੇ ਪਸ਼ੂ ਪਾਤਰਾਂ ਦੇ ਟਾਕਰੇ ਵਿਚ ਹੋਇਆ ਹੈ ਤੇ ਦੂਜੀ ਪ੍ਰਕਾਰ ਦੇ (ਅਰਥਾਤ ਰਾਜਨੀਤਕ ਉਸਾਰ ਦਾ ਅੰਗ ਬਣੇ ਤੇ ਇਸ ਨਾਲ ਗੁੱਥਮ-ਗੁੱਥਾ ਹੋ ਰਹੇ) ਪਾਤਰਾਂ ਨੂੰ ਅੱਡੋ-ਪਾਟ ਹੋਈਆਂ ਖੱਬੀਆਂ ਪਾਰਟੀਆਂ ਦੇ ਲੀਡਰਾਂ, ਹੁਕਮਰਾਨ ਪਾਰਟੀ ਦੇ ਨੇਤਾਵਾਂ, ਧੱਕੜ ਅਫ਼ਸਰਸ਼ਾਹੀ, ਧਰਮ ਦੇ ਨਾਂ 'ਤੇ ਹੋਏ ਫਸਾਦਾਂ ਤੇ ਅਨਿਆਈਂ ਯੁੱਧਾਂ ਦੇ ਪ੍ਰਸੰਗ ਵਿਚ ਚਿਤ੍ਰਿਆ ਗਿਆ ਹੈ ।

ਪਹਿਲੀ ਪ੍ਰਕਾਰ ਦੇ ਪਾਤਰ ਸਾਡੀ ਆਰਥਕ ਮਸ਼ੀਨ ਦੇ ਜੇ ਪੁਰਜ਼ੇ ਨਹੀਂ, ਤਾਂ ਗਰੀਸ ਜ਼ਰੂਰ ਹਨ ਤੇ ਦੂਜੀ ਕਿਸਮ ਦੇ ਪਾਤਰ ਰਾਜਨੀਤੀ ਦੇ ਖੇਤਰ ਵਿਚ ਨੇਤਾ ਜਾਂ ਅਫਸਰ ਨਹੀਂ, ਕੇਵਲ ਵਰਕਰ ਜਾਂ ਸਿਪਾਹੀ ਹਨ । ਪਰ ਇਕ ਗੱਲ ਨਿਸਚਿਤ ਹੈ ਕਿ ਇਹ ਪਾਤਰ ਅਰਥ-ਪ੍ਰਬੰਧ ਦੇ

ਪੈਦਾਵਾਰੀ ਪਾਸਾਰ ਤੇ ਰਾਜਨੀਤਕ ਵਰਤਾਰੇ ਦੇ ਵਿਦਰੋਹੀ ਪਾਸਾਰ ਦਾ ਇਕ ਅਹਿਮ ਅੰਗ ਹਨ। ਇਹ ਸੱਚ ਵੀ ਇਨ੍ਹਾਂ ਕਹਾਣੀਆਂ ਵਿਚੋਂ ਚਿੱਟੇ ਦਿਨ ਵਾਂਗ ਉਦੇ ਹੁੰਦਾ ਹੈ ਕਿ ਪੈਦਾਵਾਰ ਦੇ ਉਪਭੋਗ ਵਿਚ ਹਿੱਸੇਦਾਰ ਹੋਣ ਦੀ ਥਾਂ ਇਹ ਪਾਤਰ ਆਪਣੀ ਪੈਦਾਵਾਰੀ ਸ਼ਕਤੀ ਤੇ ਵਿਦਰੋਹੀ ਖਲ ਦੇ ਰੂਪ ਵਿਚ ਹੌਲੀ ਹੌਲੀ ਆਪ ਖਪ ਰਹੇ ਹਨ। ਆਪਣੀ ਮਿਹਨਤ ਸ਼ਕਤੀ ਤੇ ਵਿਦਰੋਹੀ ਸ਼ਕਤੀ ਕਾਰਨ ਆਪੋ-ਆਪਣੇ ਖੇਤਰ ਵਿਚ ਇਹ ਮਹਾਨ ਹਨ, ਪਰ ਪੂੰਜੀਵਾਦੀ ਆਰਥਕ-ਰਾਜਨੀਤਕ ਪ੍ਰਬੰਧ ਦੇ ਵਿਹੁ-ਚੱਕਰ ਵਿਚ ਉਲਝੇ ਹੋਣ ਕਰਕੇ ਇਹ ਲਘੂ ਹੋ ਨਿਬੜੇ ਹਨ। ਮਹਾਨਤਾ ਤੇ ਲਘੂਤਾ ਦੀ ਸਲੀਬ ਤੇ ਚੜ੍ਹੇ ਇਹ ਹੌਲੀ ਹੌਲੀ 'ਮੌਤ' ਵੱਲ ਸਰਕ ਰਹੇ ਹਨ ਪਰ ਇਹ ਦਿਲਚਸਪ ਕਿੱਸਾ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਮੌਤ ਵਿਅਕਤੀ ਦੀ ਹੁੰਦੀ ਹੈ, ਵਰਗ ਦੀ ਨਹੀਂ; ਤੇ ਸਲੀਬ ਜਿਉਂ-ਦੀ-ਤਿਉਂ ਕ ਇਮ ਰਹਿੰਦੀ ਹੈ। ਰੁਲਦੂ ਮਰ ਗਿਆ ਹੈ, ਉਸ ਦਾ ਮੁੰਡਾ ਜਿਉਂਦਾ ਹੈ; ਬਾਪ ਦੀ ਮੌਤ ਹੋ ਗਈ ਹੈ, ਬਸੰਤਾ ਜੀਵਤ ਹੈ; ਅਮਰ ਦੀ ਅਰਥੀ ਸ਼ਮਸ਼ਾਨ ਵਿਚ ਪਈ ਹੈ, ਪਰ ਪਾਖਰ, ਉਸ ਦਾ ਇਕ ਹੋਰ ਨੌਕਰ ਤੇ ਨੌਕਰਾਂ ਦੀ ਭੀੜ ਕਾਇਮ ਹੈ; ਇਕ ਕਲਰਕ ਖੁਦਕਸ਼ੀ ਕਰ ਗਿਆ ਹੈ, ਪਰ ਇਸ ਨਾਲ ਕਲਰਕ ਤਾਂ ਨਹੀਂ ਮੁੱਕੇ। ਹਰ ਕਹਾਣੀ ਵਿਚ ਜਿਉਂਦੇ ਪਾਤਰਾਂ ਦੀ 'ਕਲ੍ਹ' ਤੇ 'ਅੱਜ', ਭੂਤ ਤੇ ਵਰਤਮਾਨ ਲਗਭਗ ਇਕੋ ਜਿਹੇ ਹਨ। ਕਾਲਕ ਤੇ ਦੇਸ਼ਕ ਸਿਲਸਿਲੇ ਦੀ ਇਸ ਨਿਰੰਤਰਤਾ ਉਤੇ ਕਹਾਣੀਕਾਰ ਦਾ ਜ਼ੋਰ ਇਸ ਕਰਕੇ ਨਹੀਂ ਕਿ ਇਹ ਸਾਧਾਰਣ ਜੀਵਨ-ਧਾਰਾ ਦਾ ਪ੍ਰਤੀਕ ਬਣਦੀ ਹੈ, ਸਗੋਂ ਉਸ ਦਾ ਜ਼ੋਰ ਇਸ ਕਰਕੇ ਹੈ ਕਿ ਇਹ ਸਦੀਆਂ ਤੋਂ ਚਲੀ ਆ ਰਹੀ ਇਕ ਵਿਸ਼ੇਸ਼ ਵਰਗ ਦੀ ਸਮਾਜਕ ਹੋਂਦ ਦੇ, ਤੇ ਉਸ ਹੋਂਦ ਦੇ ਬੁਨਿਆਦੀ ਸਮਾਜਕ ਸੰਕਟਾਂ ਦੇ ਹੁਣ ਤੱਕ ਕਾਇਮ-ਦਾਇਮ ਰਹਿਣ ਦੀ ਪ੍ਰਤੀਕ ਹੈ।

ਕੀ ਇਸ ਸਿਲਸਿਲੇ, (ਅਰਥਾਤ ਕਹਾਣੀਆਂ ਵਿਚ ਪੇਸ਼ ਵਿਸ਼ੇਸ਼ ਵਰਗ ਦੀ ਸੰਕਟਮਈ ਸਮਾਜਕ ਹੋਂਦ), ਦੇ ਸਮਾਪਤ ਹੋਣ ਦੀ ਸੰਭਾਵਨਾ ਵੱਲ ਇਨ੍ਹਾਂ ਕਹਾਣੀਆਂ ਵਿਚ ਕੋਈ ਸੰਕੇਤ ਹੈ? ਉਤਰ ਨਾਂਹ' ਵਿਚ ਵੀ ਹੈ ਤੇ 'ਹਾਂ' ਵਿਚ ਵੀ। 'ਨਾਂਹ' ਵਿਚ ਇਸ ਲਈ ਕਿ ਕਿਸੇ ਵੀ ਕਹਾਣੀ ਵਿਚ ਅਜਿਹਾ ਕੋਈ ਵਾਕ ਨਹੀਂ ਜਿਸ ਵਿਚ ਪ੍ਰੋਲਤਾਰੀ ਜਾਂ ਨੀਮ ਪ੍ਰੋਲਤਾਰੀ ਦੀ ਵਰਗਗਤ ਹੋਂਦ ਦੀ ਸਮਾਪਤੀ ਦੀ ਸੰਭਾਵਨਾ ਤੇ ਇਸਦੇ ਮੌਜੂਦਾ ਸੰਕਟਾਂ ਦੀ ਨਵਿਰਤੀ ਦੇ ਮਾਰਗ ਦਾ ਉਲੇਖ ਹੋਵੇ। 'ਹਾਂ' ਵਿਚ ਇਸ ਲਈ ਕਿ ਕਹਾਣੀਕਾਰ ਨੇ ਇਸ ਵਰਗ ਦੇ ਮੌਜੂਦਾ ਯਥਾਰਥ ਨੂੰ ਅਜਿਹੇ ਠੋਸ ਰੂਪ ਵਿਚ ਸਿਰਜਿਆ ਹੈ ਕਿ ਇਸ ਸਿਲਸਿਲੇ ਦੇ ਸਮਾਪਤ ਹੋਣ ਦੀ ਸੰਭਾਵਨਾ ਇਨ੍ਹਾਂ ਕਹਾਣੀਆਂ ਵਿਚੋਂ ਨਜ਼ਰ ਆ ਜਾਂਦੀ ਹੈ। ਪਾਠਕ ਇਹ ਮਹਿਸੂਸ ਕਰ ਲੈਂਦਾ ਹੈ ਕਿ ਨੀਮ-ਪ੍ਰੋਲਤਾਰੀ ਤੇ ਪ੍ਰੋਲਤਾਰੀ ਵਰਗਾਂ ਦੇ ਸੰਕਟਾਂ ਦਾ ਅੰਤ ਇਨ੍ਹਾਂ ਵਰਗਾਂ ਦੇ ਰਾਜਨੀਤਕ ਸੰਗਠਨ (ਪਾਰਟੀ) ਤੇ ਇਨ੍ਹਾਂ ਦੇ ਸੰਘਰਸ਼ ਵਿਚ ਹੈ। ਇਕ-ਦੋ ਕਹਾਣੀਆਂ ਵਿਚ ਅਜਿਹੇ ਸੰਗਠਨ ਤੇ ਸੰਘਰਸ਼ ਦਾ ਮੱਧਮ ਜਿਹਾ ਰੂਪ ਉਜਾਗਰ ਵੀ ਹੋਇਆ ਹੈ। ਪਰ ਅਸਲ ਵਿਚ ਇਨ੍ਹਾਂ ਸਾਰੀਆਂ ਕਹਾਣੀਆਂ ਦਾ ਸਿੱਧਾ ਸੰਬੰਧ ਉਨ੍ਹਾਂ ਤੱਤਾਂ ਨਾਲ ਹੈ ਜਿਹੜੇ ਕਿਸੇ ਵੀ ਸੰਗਠਨ ਤੇ ਸੰਘਰਸ਼ ਦੀ ਬੁਨਿਆਦ ਹੁੰਦੇ ਹਨ। ਉਹ ਤੱਤ ਹਨ : ਸਰੀਰਕ ਸ਼ਕਤੀ, ਸੁਹਿਰਦਤਾ, ਭਾਵੁਕਤਾ (ਵਿਸ਼ੇਸ਼ ਕਰਕੇ ਪਿਆਰ, ਹਮਦਰਦੀ ਤੇ ਨਫ਼ਰਤ ਦੇ ਭਾਵ), ਸ੍ਵੈਚੇਤਨਾ ਤੇ ਸਿਆਣਪ, ਸੂਝ-ਸੂਝ, ਜੀਉਣ (ਤੇ ਵਿਸ਼ੇਸ਼ ਕਰਕੇ ਚੰਗਾ ਜੀਵਨ ਜੀਉਣ) ਦੀ ਲੋਚਾ, ਭੈੜੀ ਜੀਵਨ-ਸਥਿਤੀ ਤੋਂ ਛੁਟਕਾਰਾ ਹਾਸਲ ਕਰਨ ਦੀ ਰੁਚੀ ਤੇ ਉਸ ਦੇ ਖਿਲਾਫ਼ ਵਿਦਰੋਹ ਤੇ ਸੰਗਠਨ ਦੀ ਅਣਹੋਂਦ



ਦਾ ਅਹਿਸਾਸ : ਇਨ੍ਹਾਂ ਕਹਾਣੀਆਂ ਦੇ ਕੇਂਦਰੀ ਪਾਤਰ, ਅਤਿ ਦੀ ਗਰਮੀ-ਸਰਦੀ, ਅਤਿ ਦੀ ਨੰਗ-ਭੁਖ ਸੰਸਕ੍ਰਿਤਕ ਸੁੰਞ, ਵਹਿਮਾ-ਭਰਮਾਂ-ਧਰਮਾਂ ਦੀ ਧੁੰਦ, ਹਨੇਰੀਆਂ ਤੇ ਮੈਲੀਆਂ ਕੁਚੈਲੀਆਂ ਥਾਂਵਾਂ ਵਿਚ ਰਹਿੰਦੇ ਹੋਏ ਵੀ, ਇਨ੍ਹਾਂ ਮੂਲ ਤੱਤਾਂ ਨੂੰ ਗੁਆਉਣ ਦੀ ਥਾਂ ਬਚਾਉਣ ਦਾ ਜਤਨ ਕਰ ਰਹੇ ਹਨ। ਕਾਮਰੇਡ ਅਮਰ ਸਿੰਘ ਵਿਚ ਵਿਚਾਰਧਾਰਕ ਚੇਤਨਾ, ਸਹੀ ਪਾਰਟੀ ਦੀ ਅਣ-ਹੋਂਦ ਦਾ ਅਹਿਸਾਸ, ਤੇ ਵਿਦਰੋਹ ਦੀ ਸ਼ਕਤੀ ਹੈ; 'ਜੰਗੀ ਕੈਦੀ' ਦਾ 'ਦੋਸਤ' ਵਿਦਰੋਹੀ ਹੋਣ ਕਰਕੇ ਹੀ ਮੌਤ ਦੇ ਘਾਟ ਉਤਰਦਾ ਹੈ, 'ਪਲ ਭਰ ਦਾ ਮਾਤਮ' ਵਿਚ ਸ੍ਵੈ-ਚੇਤੰਨ ਨੌਜਵਾਨ ਦਾ ਵਿਦਰੋਹ ਖੁਦਕਸ਼ੀ ਦਾ ਰੂਪ ਧਾਰਨ ਕਰ ਜਾਂਦਾ ਹੈ। ਇਨ੍ਹਾਂ ਬੁਨਿਆਦੀ ਮਾਨਵੀ ਗੁਣਾਂ ਨੂੰ ਉਭਾਰਨ ਕਰਕੇ ਹੀ ਇਨ੍ਹਾਂ ਕਹਾਣੀਆਂ ਦੀ ਸੈਟਿੰਗ ਤ੍ਰਾਸਦਿਕ ਹੈ, ਨਿਰਾਸ਼ਾਜਨਕ ਨਹੀਂ। ਉਪਰਲੇ ਪ੍ਰਸ਼ਨ ਦੇ ਪ੍ਰਸੰਗ ਵਿਚ ਇਹੋ ਇਨ੍ਹਾਂ ਕਹਾਣੀਆਂ ਦਾ ਹਾਂ-ਵਾਚਕ ਪੱਖ ਹੈ। ਪੰਜਾਬੀ ਗਲਪ ਦੇ ਸੰਦਰਭ ਵਿਚ, ਇਹ ਕਹਾਣੀਆਂ ਯਥਾਰਥਵਾਦੀ ਗਲਪਧਾਰਾ ਦੀ ਇਕ ਮਹੱਤਵਪੂਰਣ ਪ੍ਰਾਪਤੀ ਹਨ।

ਯਥਾਰਥਵਾਦੀ ਕਹਾਣੀ ਦੇ ਕਈ ਰੂਪ ਹੋ ਸਕਦੇ ਹਨ। ਇਨ੍ਹਾਂ ਕਹਾਣੀਆਂ ਦੀ ਰਚਨਾ ਵਿਅੰਗ ਰੂਪ ਵਿਚ ਹੋਈ ਹੈ। ਵਿਅੰਗ-ਰਚਨਾ ਦਾ ਆਧਾਰ ਹੈ ਪਾਤਰਾਂ ਦੀ ਆਲੋਚਨਾਤਮਕ ਯੋਗਤਾ (**critical faculty**), ਘੋਖਵੀਂ ਨੀਝ ਤੇ ਆਪਣੇ ਚੌਗਿਰਦੇ ਦੀ ਸੋਝੀ। ਕੁਝ ਕਹਾਣੀਆਂ ਵਿਚ ਇਹ ਸੋਝੀ ਸਹਿਜ ਵਰਗ-ਚੇਤਨਾ ਦਾ ਰੂਪ ਵੀ ਧਾਰਨ ਕਰ ਗਈ ਹੈ।

'ਵਾਰਿਸ' ਤੇ 'ਲਾਸ਼' ਵਿਚ ਵਿਅੰਗ ਸਥਿਤੀ ਦੇ ਆਰਪਾਰ ਫੈਲਿਆ ਹੋਇਆ ਹੈ। ਇਥੇ ਕਹਾਣੀਕਾਰ ਜਾਂ ਕਹਾਣੀ ਕਹਿਣ ਵਾਲੇ ਪਾਤਰ ਦੀ ਮੁੱਖ ਪਾਤਰ ਨਾਲ ਹਮਦਰਦੀ ਤੇ ਉਸ ਦੀ ਸਥਿਤੀ ਦੇ ਅੰਤਰ-ਦਵੰਦ ਦੀ ਚੇਤਨਾ ਵਿਅੰਗ ਦਾ ਆਧਾਰ ਬਣਦੀ ਹੈ। ਮੁੱਖ ਪਾਤਰ ਕੋਲ ਘੋਖਵੀਂ ਨੀਝ ਤੇ ਸੰਵੇਦਨਾ ਹੈ, ਪਰ ਆਪਣੀ ਸਥਿਤੀ ਨੂੰ ਸਮਝਣ ਦੀ ਸ਼ਕਤੀ ਤੇ ਉਸ ਉਤੇ ਟਿੱਪਣੀ ਕਰਨ ਦੀ ਯੋਗਤਾ ਨਹੀਂ। "ਨੰਗੇ ਪੈਰ" ਕਹਾਣੀ ਦੇ ਕੇਂਦਰੀ ਪਾਤਰ ਦਾ ਬੌਧਿਕ ਸਤੱਰ ਵੀ ਇਹੋ ਹੈ, ਪਰ ਉਹ ਉਨ੍ਹਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੈ ਤੇ ਇਸੇ ਲਈ, ਬਚਪਨ ਦੀ ਅਵਸਥਾ ਵਿਚ ਵਿਚਰਦਾ ਹੋਇਆ ਵੀ ਉਹ ਆਪਣੇ ਚੌਗਿਰਦੇ ਤੋਂ ਬੜੀ ਤੇਜ਼ੀ ਨਾਲ ਚੇਤੰਨ ਹੋ ਰਿਹਾ ਹੈ। ਲੰਪਨ ਪ੍ਰੋਲਤਾਰੀ (ਲੰਗੜੇ ਮੰਗਤੇ) ਦੀ ਦਹਿਸ਼ਤ ਅਤੇ ਆਪਣੇ ਮਾਪਿਆਂ ਤੇ ਆਪਣੇ ਪਿੰਡ ਦਾ ਉਦਰੇਵਾਂ ਵੀ ਉਸਨੂੰ ਸ਼ਹਿਰੋਂ ਭਜਾਉਣ ਵਿਚ ਸਫ਼ਲ ਨਹੀਂ ਹੁੰਦਾ ਕਿਉਂਕਿ ਉਸ ਨੂੰ ਯਾਦ ਹੈ ਕਿ ਮਾਂ ਨੇ ਕਿਹਾ ਸੀ : "ਸ਼ਹਿਰ 'ਚ ਅੰਤਾਂ ਦੇ ਕੰਮ ਨੇ, ਹੁਣ ਇਥੇ ਪਿੰਡਾਂ 'ਚ ਕੀ ਰਹਿ ਗਿਐ। ਭੁੱਖ ... ... ਲੜਾਈ ... ... ਝਗੜੇ" ਤੇ ਆਪਣੀ ਮਾਂ ਦੇ ਇਸ ਕਥਨ ਨਾਲ ਅੰਦਰੋ-ਅੰਦਰੀਂ ਸਹਿਮਤ ਹੋ ਕੇ ਵੀ, ਨਿੱਤ ਨੰਗੇ ਪੈਰਾਂ ਨੂੰ ਘੋਖਦਾ ਉਹ ਜਾਣ ਜਾਂਦਾ ਹੈ ਕਿ ਸ਼ਹਿਰਾਂ ਵਿਚ ਵੀ ਹੁਣ ਕੁਝ ਨਹੀਂ ਰਹਿ ਗਿਆ। ਅਜਿਹੀ ਸਹਿਜ ਸੂਝ ਤੇ ਪੇਟ-ਭੁੱਖ ਹੀ ਉਸ ਨੂੰ ਧਾਰਮਿਕ ਪਖੰਡ ਵਿਚ ਪ੍ਰਵੇਸ਼ ਕਰਨੋਂ ਵਰਜਦੀ ਹੈ ਤੇ ਆਪਣੀ ਕਿਰਤ-ਕਮਾਈ ਵਿਚੋਂ ਮਹਾ-ਰਾਜ ਨੂੰ ਚੜ੍ਹਾਉਣ ਲਈ ਲਿਆ ਕੜਾਹ-ਪ੍ਰਸ਼ਾਦ ਆਪ ਛਕ ਜਾਂਦਾ ਹੈ। ਅਜਿਹੀ ਮਾਨਸਿਕ ਦਸ਼ਾ ਵਿਚ ਹੀ 'ਵਾਰਿਸ' ਕਹਾਣੀ ਦਾ ਸਫਾਈ ਮਜ਼ਦੂਰ ਬੱਚਾ ਦੇਸੀ ਘਿਓ ਦਾ ਪੇੜਾ ਗਊ ਦੇ ਮੂੰਹ ਵਿਚੋਂ ਕੱਢ ਕੇ ਖਾ ਲੈਣਾ ਚਾਹੁੰਦਾ ਹੈ।

'ਪਲ ਭਰ ਦਾ ਮਾਤਮ' ਵਿਚ ਉਪਰੋ-ਥਲੀ ਦੋ ਕਹਾਣੀਆਂ ਚਲਦੀਆਂ ਹਨ। ਇਕ ਕਹਾਣੀ ਖੁਦਕਸ਼ੀ ਕਰ ਗਏ ਪਾਤਰ, ਦੇਵ ਦੀ ਹੈ ਅਤੇ ਦੂਜੀ ਦੇਵ ਦੇ ਦੋਸਤ ਦੀ, ਜਿਹੜਾ ਦਫਤਰ ਵਿਚ ਬੈਠਾ ਆਪਣੇ ਦੋਸਤ ਦੇ ਮਾਤਮ ਲਈ ਵੀ ਜਾਣਾ ਚਾਹੁੰਦਾ ਹੈ ਤੇ ਅੱਧੇ ਦਿਨ ਦੀ ਛੁੱਟੀ ਦਾ

ਸਰਫ਼ਾ ਵੀ ਕਰਨਾ ਚਾਹੁੰਦਾ ਹੈ। ਦੋਹਾਂ ਦੇ ਜੀਵਨ ਤੇ ਚਰਿਤ੍ਰ ਵਿਚ ਸਾਂਝ ਵੀ ਹੈ ਤੇ ਦੁਫੇੜ ਵੀ। ਕਹਾਣੀ ਦੀ ਵਿਅੰਗ-ਰਚਨਾ ਦੀ ਇਕ ਪੱਧਰ ਇਹ ਹੈ। ਦੂਜੀ ਪੱਧਰ ਹੈ ਦੇਵ ਦੇ ਚਰਿਤ੍ਰ ਦੇ ਅੰਤਰ-ਦਵੰਦ ਨੂੰ ਚਿਤ੍ਰਨ ਦੀ। ਇਹ ਦਵੰਦ ਦੇਵ ਦੇ ਆਪਣੇ ਵਿਰਸੇ ਪ੍ਰਤੀ ਉਲਾਰ ਤੇ ਭੁਲੇਖੇ-ਭਰੇ ਨਜ਼ਰੀਏ ਵਿਚੋਂ ਉਤਪੰਨ ਹੁੰਦਾ ਹੈ। ਉਹ ਧਰਮ ਤੇ ਧਾਰਮਕ ਭਾਵਨਾ ਪ੍ਰਤੀ ਵਿਦਰੋਹ ਦੀ ਭਾਵਨਾ ਰੱਖਦਾ ਹੈ ਤੇ ਆਪਣੇ ਧਰਮੀ ਬਾਪ ਨਾਲ ਉਸ ਨੂੰ ਸਖ਼ਤ ਨਫ਼ਰਤ ਹੈ, ਪਰ ਦੂਜੇ ਪਾਸੇ ਉਹ ਆਪਣੇ ਧਾਰਮਿਕ ਗੁਰੂ ਦੇ ਕੌਤਿਕੀ ਰੂਪ ਨੂੰ ਪਿਆਰ ਕਰਦਾ ਹੈ ਤੇ ਉਸ ਨੂੰ ਇਸ ਸਦੀ ਦੇ ਦੋ ਮਹਾਨ ਇਨਕਲਾਬੀ ਨੇਤਾਵਾਂ ਨਾਲ ਜੋੜ ਕੇ ਦੇਖਦਾ ਹੈ। ਦੇਖਣ ਨੂੰ ਇਹ ਨਜ਼ਰੀਆ ਉਲਾਰ ਨਹੀਂ ਲਗਦਾ ਕਿਉਂਕਿ ਧਰਮ ਦੇ ਨਕਾਰਕ ਪੱਖ ਦਾ ਤਿਆਗ ਤੇ ਸਕਾਰਕ ਪੱਖ ਦਾ ਗ੍ਰਹਿਣ ਬੜਾ ਤੰਦਰੁਸਤ ਨਜ਼ਰੀਆ ਹੈ। ਪਰ ਅਸਲ ਗੱਲ ਤਾਂ ਇਹ ਹੈ ਕਿ ਉਹ ਗੁਰੂ ਦੇ ਕੌਤਕ, ਅਰਥਾਤ ਉਸਦੇ ਪਰਾ-ਮਨੁਖੀ ਗੁਣਾਂ ਨੂੰ ਹੀ ਧਰਮ ਦਾ ਸਕਾਰਕ ਪੱਖ ਸਮਝ ਬੈਠਾ ਹੈ ਤੇ ਧਰਮ ਦੇ ਨਕਾਰਕ ਰੂਪ ਨੂੰ ਉਹ ਨਾਰਮਲ ਅਵਸਥਾ ਵਿਚ ਨਹੀਂ, ਨਸ਼ੇ ਦੀ ਲੋਰ ਵਿਚ ਜਾਂ ਕਰੋਧ ਵਿਚ ਨਫ਼ਰਤ ਕਰਦਾ ਹੈ। ਤੇ ਦੇਵ ਦੇ ਦੋਸਤ ਨਾਲ ਸੰਬੰਧਤ ਕਹਾਣੀ ਵਿਚ ਵਿਅੰਗ ਦੀ ਸਥਿਤੀ ਪਾਤਰ ਦੀ ਸੰਵੇਦਨਸ਼ੀਲਤਾ ਤੇ ਸ੍ਵੈਚੇਤਨਾ ਅਤੇ ਬੇਦਰੇਗ ਦਫਤਰੀ ਮਾਹੌਲ ਤੇ ਉਸ ਦੇ ਅਫ਼ਸਰ ਦੀ ਦਹਿਸ਼ਤ ਦੇ ਤਣਾਓ ਦਾ ਰੂਪ ਧਾਰਨ ਕਰਦੀ ਹੈ। ਦੇਵ ਦੇ ਦੋਸਤ ਦੇ ਮਨ ਵਿਚ ਇਹ ਤਣਾਓ ਉਸਦੇ ਚਰਿਤ੍ਰ ਦੇ ਅੰਤਰ-ਦਵੰਦ ਦਾ ਰੂਪ ਧਾਰਨ ਕਰਦਾ ਹੈ: "ਛੁੱਟੀ ਦੀ ਅਰਜ਼ੀ ਦੇਣ ਲੱਗਿਆਂ, ਮੈਨੂੰ ਅਫਸਰ ਅੱਗੇ ਪੂਰੀ ਤਰ੍ਹਾਂ ਝੁਕਣਾ ਵੀ ਪਵੇਗਾ। ਮੈਂ ਸੋਚਿਆ। ਪਰ ਮੇਰਾ ਮਰ ਚੁਕਿਆ ਦੋਸਤ ਤਾਂ ਆਖਦਾ ਹੁੰਦਾ ਸੀ ਅਫਸਰ ਅੱਗੇ ਲੋੜੋਂ ਵਧ ਝੁਕਣਾ ਗੁਲਾਮ ਜ਼ਹਿਨੀਅਤ ਦੀ ਨਿਸ਼ਾਨੀ ਹੈ। ਪਰ ਅਫ਼ਸਰ ਅੱਗੇ ਤਾਂ ਝੁਕਣਾ ਲਾਜ਼ਮੀ ਸੀ। ਨਹੀਂ ਤਾਂ ਦਫ਼ਤਰ ਵਿਚ ਇਕ ਦਿਨ ਵੀ ਆਰਾਮ ਨਾਲ ਨਹੀਂ ਸੀ ਲੰਘਾਇਆ ਜਾ ਸਕਦਾ ... ... ।"

ਲੇਖਕ ਦੀ ਵਿਅੰਗ ਸਾਜਣ ਦੀ ਸਮਰਥਾ ਦੇ ਹੋਰ ਪ੍ਰਮਾਣ ਦੇਣ ਲਈ ਬਾਕੀ ਕਹਾਣੀਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਦੀ ਲੋੜ ਨਹੀਂ। "ਕਾਮਰੇਡ ਅਮਰ ਸਿੰਘ" ਵਿਚੋਂ ਹੇਠ ਲਿਖੀ ਵਾਰਤਾਲਾਪ ਉਸਦੀ ਇਸੇ ਸਮਰਥਾ ਦਾ ਸਬੂਤ ਹੈ। ਇਹ ਵਾਰਤਾਲਾਪ ਮੁੱਖ ਪਾਤਰ ਦੀ ਵਿਚਾਰਧਾਰਕ ਚੇਤਨਾ ਤੇ ਉਸ ਦੀ ਆਲੋਚਨਾਤਮਕ ਯੋਗਤਾ ਨੂੰ ਦਰਸਾਉਂਦੀ ਹੋਈ, ਸਮੁੱਚੀ ਕਹਾਣੀ ਨੂੰ ਡੂੰਘੇਰੇ ਅਰਥ ਪ੍ਰਦਾਨ ਕਰਦੀ ਹੈ:

—ਚਾਚਾ ਤੇਰੀ ਪਾਰਟੀ ਕਿਹੜੀ ਹੈ? ਮੈਂ ਅਕਸਰ ਉਸਨੂੰ ਪੁਛਦਾ।
—ਗਰੀਬਾਂ ਦੀ ਤਾਂ ਪਾਰਟੀ ਇਕ ਹੁੰਦੀ ਹੈ।
—ਫੇਰ ਵੀ ਤੇਰੀ ਪਾਰਟੀ ਦਾ ਕੋਈ ਨਾਮ ਹੋਵੇਗਾ? ਮੈਂ ਜ਼ਿਦ ਕਰਦਾ।
—ਸਾਡਾ ਕਸੂਰ ਹੈ ਕਿ ਸਾਡੀ ਕੋਈ ਪਾਰਟੀ ਨਹੀਂ ਬਣ ਸਕੀ।
—ਨਹੀਂ, ਨਹੀਂ, ਗਰੀਬਾਂ ਦੇ ਹੱਕਾਂ ਲਈ ਲੜਨ ਵਾਲੀਆਂ ਇਥੇ ਕਈ ਪਾਰਟੀਆਂ ਹਨ। ਤੂੰ ਉਹਨਾਂ ਵਿਚੋਂ ਇਕ 'ਚ ਰਲ ਸਕਦੈਂ।

ਮੇਰੀ ਗੱਲ ਸੁਣ ਕੇ ਅਮਰ ਸਿੰਘ ਨੇ ਹੱਸਣ ਦੀ ਕੋਸ਼ਿਸ਼ ਕੀਤੀ। ਪਰ ਛੇਤੀ ਹੀ ਇਕ ਨਫਰਤ ਜਿਹੀ ਉਸ ਦੇ ਚਿਹਰੇ ਤੇ ਖਿੰਡ ਗਈ।

"ਮੇਰੇ, ਹੱਥ ਕਟ ਲਵੋ" ਦੇ ਆਖ਼ਰੀ ਦੋ ਪੈਰੇ ਕਹਾਣੀ ਦੀਆਂ ਮੁੱਖ ਘਟਨਾਵਾਂ (ਪਾਕਿਸਤਾਨ, ਪੰਜਾਬੀ ਸੂਬਾ, ਅਕਾਲੀ-ਨਿਰੰਕਾਰੀ ਝਗੜੇ ਤੇ ਅੰਮ੍ਰਿਤਸਰ ਦੇ ਤਾਜ਼ਾ ਫਸਾਦ) ਨੂੰ ਵਿਅੰਗ-ਅਰਥ



ਦਿੰਦੇ ਹਨ ਤੇ ਸਾਰੀ ਕਹਾਣੀ ਇਕ ਸਫਲ ਵਿਅੰਗ ਦਾ ਰੂਪ ਧਾਰਨ ਕਰ ਜਾਂਦੀ ਹੈ। ਤੇ ਇਹ ਉਸ ਪਾਤਰ ਦੀ ਭਰਮ-ਮੁਕਤੀ (ਚੇਤਨਾ) ਕਾਰਨ ਹੀ ਸੰਭਵ ਹੋਇਆ ਹੈ।

"ਮੌਤ ਤੋਂ ਬਾਅਦ ਦਾ ਦੁਖ" ਦੀ ਵਿਅੰਗਤਾਮਕਤਾ ਇਸ ਦੇ ਪਾਤਰਾਂ ਦੀ ਸਹਿਜ ਵਰਗ-ਚੇਤਨਾ ਦੀ ਨੀਂਹ ਉਤੇ ਖੜ੍ਹੀ ਹੈ। ਪਰ ਇਸ ਸਹਿਜ ਵਰਗ-ਚੇਤਨਾ ਨੂੰ ਪਾਰਟੀ ਸੰਗਠਨ ਤੇ ਰਾਜਨੀਤਕ ਸੰਘਰਸ਼ ਦਾ ਸਰੂਪ ਕਿਉਂ ਨਹੀਂ ਪ੍ਰਾਪਤ ਹੋਇਆ? ਇਹ ਵੀ ਇਨ੍ਹਾਂ ਕਹਾਣੀਆਂ ਦਾ ਇਕ ਵਿਅੰਗਾਤਮਕ ਪਹਿਲੂ ਹੈ ਤੇ ਇਸ ਵਿਅੰਗ ਦਾ ਨਿਸ਼ਾਨਾ ਪਾਤਰ ਤੇ ਲੇਖਕ ਦੋਵੇਂ ਬਣਦੇ ਹਨ। ਲੇਖਕ ਇਸ ਲਈ ਕਿ ਉਸਨੇ ਪਾਰਟੀ ਸੰਗਠਨ ਤੇ ਰਾਜਨੀਤਕ ਸ਼੍ਰੇਣੀ ਸੰਘਰਸ਼ ਦੇ ਵਿਸ਼ੇ ਨੂੰ ਹੀ ਨਹੀਂ ਚੁਣਿਆ। ਇਸ ਦਾ ਕਾਰਨ ਰਾਜਨੀਤਕ ਖੇਤਰ ਦੇ ਅਨੁਭਵ ਦੀ ਘਾਟ, ਆਪਣੀ ਵਰਗਗਤ ਵਿੱਥ ਕਾਰਨ ਨਿਮਨ ਵਰਗਾਂ ਦੇ ਸੰਘਰਸ਼ਾਂ ਤੋਂ ਪਰੇ ਰਹਿਣ ਦੀ ਰੁਚੀ, ਤੇ ਉਸ ਦੀ ਵਿਚਾਰਧਾਰਕ ਅਪ੍ਰੌੜ੍ਹਤਾ ਵਿਚੋਂ ਕੋਈ ਵੀ ਹੋ ਸਕਦਾ ਹੈ, ਜਾਂ ਇਹ ਸਾਰੇ ਹੀ ਕਾਰਨ ਹੋ ਸਕਦੇ ਹਨ। ਚੰਗਾ ਸੀ ਜੇ ਉਹ ਅੱਜ ਦੇ ਰਾਜਨੀਤਕ ਅੰਤਰ ਦਵੰਦਾਂ ਤੇ ਕਿਰਤੀ ਵਰਗਾਂ ਦੇ ਇਨਕਲਾਬੀ ਅਮਲ ਦਾ ਬ੍ਰਿਤਾਂਤ ਤ ਉਨ੍ਹਾਂ ਦੀ ਭਾਵੀ ਸੰਭਾਵਨਾ ਦਾ ਬਿੰਬ ਕੁਝ ਕਹਾਣੀਆਂ ਵਿਚ ਪੇਸ਼ ਕਰਦਾ, ਪਰ ਜੇ ਉਹ ਰਾਜਨੀਤੀ ਦੇ ਉਚਿਤ ਅਨੁਭਵ ਤੇ ਪ੍ਰੌੜ੍ਹ ਵਿਚਾਰਧਾਰਕ ਚੇਤਨਾ ਤੋਂ ਬਿਨਾ ਅਜਿਹਾ ਕਰਦਾ ਤਾਂ ਇਹ ਉਸ ਦੀ ਬਹੁਤ ਵੱਡੀ ਸਾਹਿਤਕ ਬੇਈਮਾਨੀ ਹੁੰਦੀ। ਉਸਨੇ ਅਜਿਹਾ ਨਹੀਂ ਕੀਤਾ, ਸਗੋਂ ਜੀਵਨ-ਯਥਾਰਥ ਦੇ ਅਜਿਹੇ ਪਾਸਾਰਾਂ ਨੂੰ ਹੀ ਚੁਣਿਆ ਹੈ ਜਿਨ੍ਹਾਂ ਦੀ ਉਸ ਨੂੰ ਭਰਪੂਰ ਸੋਝੀ ਹੈ। ਉਹ ਆਪਣੇ ਪਾਤਰਾਂ ਵਾਂਗ ਹੀ ਆਪਣੇ ਕੰਮ ਪ੍ਰਤੀ ਸੁਹਿਰਦ ਹੈ। ਰਾਜਨੀਤਕ ਦ੍ਰਿਸ਼ਟੀ ਤੋਂ ਨਿਰਬਲ ਹੋ ਕੇ ਵੀ ਉਹ ਕਲਾਕਾਰ ਵਜੋਂ ਬਲਵਾਨ ਹੈ। ਇਹ ਬਲ ਉਸ ਦੀ ਰਚਨਾ-ਸ਼ਕਤੀ ਵਿਚੋਂ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਪੱਖੋਂ ਪਾਤਰਾਂ ਦੀ ਵਿਅੰਗਾਤਮਕ ਅਵਸਥਾ ਉਨ੍ਹਾਂ ਦੀ ਵਿਗਠਤ ਵਰਗਗਤ ਹੋਂਦ ਹੈ, ਨੀਮ-ਪ੍ਰੋਲਤਾਰੀ ਲਈ ਸੰਗਠਤ ਹੋਣ ਦੇ ਸ਼੍ਰੇਣੀਗਤ ਮੌਕੇ ਬਹੁਤ ਘੱਟ ਹੁੰਦੇ ਹਨ। ਪਰ ਸਭ ਤੋਂ ਵੱਧ ਇਸ ਵਿਅੰਗ ਦਾ ਨਿਸ਼ਾਨਾ ਹਨ ਉਹ "ਗਰੀਬਾਂ ਦੀਆਂ ਪਾਰਟੀਆਂ" ਜਿਹੜੀਆਂ ਹੁਣ ਤੱਕ ਇਸ ਸਹਿਜ ਵਰਗ ਚੇਤਨਾ ਨੂੰ ਪਾਰਟੀ ਦੇ ਅਨੁਸ਼ਾਸਨ ਵਿਚ, ਕਿਸੇ ਰਾਜਨੀਤਕ ਘੋਲ ਵੱਲ ਨਹੀਂ ਤੋਰ ਸਕੀਆਂ।

ਚੰਨੀ ਦੀ ਵਿਅੰਗ-ਰਚਨਾ ਦਾ ਸਭ ਤੋਂ ਪ੍ਰਮਾਣਕ ਨਮੂਨਾ ਇਸ ਸੰਗ੍ਰਹਿ ਦੀ ਆਖਰੀ ਕਹਾਣੀ, "ਆਪਣਾ ਆਪਣਾ ਫਿਕਰ" ਹੈ। ਅਰੰਭ ਤੋਂ ਅੰਤ ਤੱਕ ਇਹ ਰਚਨਾ ਅੰਤਰ ਵਿਰੋਧਾਂ (**contrasts**) ਦੇ ਰੂਪ ਵਿਚ ਚਲਦੀ ਹੈ। ਕਹਾਣੀ ਦੇ ਅੰਤ ਵਿਚ: ਜੰਗ ਮੁੱਕ ਚੁੱਕੀ ਹੈ। ਨੀਮ-ਬੁਰਜੁਆ ਤੇ ਮਧਵਰਗੀ ਪਾਤਰਾਂ ਦੇ ਆਪੋ-ਆਪਣੇ ਫਿਕਰ ਲੱਥ ਚੁੱਕੇ ਹਨ, ਪਰ ਦੁਸ਼ਮਣ ਦੇ ਹਵਾਈ ਹਮਲੇ ਤੋਂ ਅੰਨ ਦੇ ਗੁਦਾਮ ਦੀ ਰਾਖੀ ਕਰਨ ਵਾਲੇ ਕਮਜ਼ੋਰ ਵਲੰਟੀਅਰਾਂ ਨੂੰ ਫਿਕਰ ਨੇ ਆਣ ਘੇਰਿਆ ਹੈ। ਜਿਥੇ ਬੁਰਜੁਆ ਤੇ ਮਧਵਰਗੀ ਪਾਤਰਾਂ ਦੇ ਫਿਕਰ ਆਪੋ ਆਪਣੀਆਂ ਜਾਇਦਾਦਾਂ, ਪਰਿਵਾਰਾਂ ਤੇ ਕਾਰੋਬਾਰਾਂ ਨਾਲ ਸੰਬੰਧਤ ਹਨ ਉਥੇ ਇਨ੍ਹਾਂ ਦੋਹਾਂ ਪਾਤਰਾਂ ਨੂੰ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦਾ ਫਿਕਰ ਹੈ। ਉਨ੍ਹਾਂ ਦੀ ਇਹ ਵਾਰਤਾਲਾਪ ਇਸੇ ਵਿਅੰਗ ਨੂੰ ਸਾਹਮਣੇ ਲਿਆਉਂਦੀ ਹੈ ਤੇ ਅਖੌਤੀ ਦੇਸ਼ ਭਗਤੀ ਦੀ ਮਿੱਥ ਨੂੰ ਵੀ ਚਕਨਾਚੂਰ ਕਰਦੀ ਹੈ।

—ਲੈ ਕੌਰ ਸਿੰਘ, ਲੜਾਈ ਤਾਂ ਸਾਲੀ ਖਤਮ ਵੀ ਹੋ ਗਈ। ਤਿੰਨ ਰੁਪਏ ਮਿਲੀ ਜਾਂਦੇ ਸੀ

ਰੋਜ਼। ਡੰਗ ਟੱਪੀ ਜਾਂਦਾ ਸੀ। ਇਹ ਸਾਲੇ ਬੰਦ ... ... ...।

—ਮੈਨੂੰ ਤਾਂ ਇਕ ਗੱਲ ਦਾ ਫਿਕਰ ਵਢ ਵਢ ਖਾਈ ਜਾਂਦੈ ... ... ...।

—ਕਿਹੜਾ ?

—ਬਰਦੀ ਦਾ ... ... ਹੋਰ ਕਾਹਦਾ ... ... ਅਜ ਕਰਾ ਲੈਣਗੇ ਜਮਾ ਦਫਤਰ 'ਚ।

—"ਅੱਛਾ !" ਬਹਾਦਰ ਸਿੰਘ ਪੈਰਾਂ ਭਾਰ ਬਹਿੰਦਿਆਂ ਘਬਰਾ ਕੇ ਬੋਲਿਆ ... ... ... ਸਾਲੀਆਂ ਜਰਸੀਆਂ ਕਿੰਨੀਆਂ ਨਿਘੀਆਂ ਨੇ ... ... ਤਾਂ ਫੇਰ ਅਜ ਇਹ ਵੀ ਉਤਾਰ ਲੈਣਗੇ ?

—"ਤੇ ਹੋਰ ਕੀ ਤੈਨੂੰ ਪੁਨ ਕਰ ਦੇਣਗੇ।" ਕਹਿ ਕੇ ਕੌਰ ਸਿੰਘ ਨੇ ਹੱਸਣ ਦੀ ਕੋਸ਼ਿਸ਼ ਕੀਤੀ, ਪਰ ਉਹ ਹੱਸ ਨਾ ਸਕਿਆ। ਅਗਲੇ ਪਲ ਉਨ੍ਹਾਂ ਦੋਹਾਂ ਵਿਚਕਾਰ ਮੌਤ ਵਰਗੀ ਚੁੱਪ ਛਾ ਗਈ।

'ਚੁੱਪ' ਤੇ 'ਸਦੀਵੀ ਚੁੱਪ' (ਮੌਤ) ਦਾ ਇਨ੍ਹਾਂ ਕਹਾਣੀਆਂ ਵਿਚ ਬਹੁ-ਪਾਸਾਰੀ ਤੇ ਬਹੁ-ਪਰਤੀ ਪ੍ਰਕਾਰਜ ਹੈ। ਇਸ ਦਾ ਥੀਮ, ਸੰਰਚਨਾ, ਪਾਤਰਾਂ ਦੀ ਮਨੋਦਸ਼ਾ, ਉਨ੍ਹਾਂ ਦੇ ਕਾਰਜ ਤੇ ਕਾਰਜ ਦੀ ਪਿੱਠਭੂਮੀ ਨਾਲ ਸੰਘਣਾ ਸੰਬੰਧ ਹੈ। ਇਹ ਇਕੱਲਾ ਸ਼ਬਦ ਪਾਤਰਾਂ ਦੇ ਮੂਡ, ਉਨ੍ਹਾਂ ਦੀ ਇਕੱਲਤਾ, ਬੇਗਾਨਗੀ, ਡੂੰਘੇ ਦੁੱਖ ਤੇ ਊਣ ਨੂੰ ਵੀ ਉਜਾਗਰ ਕਰਦਾ ਹੈ ਤੇ ਸਮੁੱਚੇ ਪੂੰਜੀਵਾਦੀ ਅਰਥ-ਪ੍ਰਬੰਧ ਦੇ ਖੋਖਲੇਪਣ, ਥੋਥੀ ਧਾਰਮਿਕਤਾ ਤੇ ਮੋਏ ਸੰਸਕ੍ਰਿਤਕ ਵਿਰਸੇ ਦੀ ਗਰੀਬੀ ਨੂੰ ਵੀ ਦਰਸਾਉਂਦਾ ਹੈ। ਇਸ ਦੇ ਨਾਲ ਨਾਲ ਇਹ ਪਾਤਰਾਂ ਦੀ ਤ੍ਰਾਸਦਿਕ ਸਥਿਤੀ ਦੀ ਜਕੜ ਤੇ ਉਨ੍ਹਾਂ ਦੇ ਮਾਹੌਲ ਦੀ ਦਹਿਸ਼ਤ ਦਾ ਵੀ ਪ੍ਰਤੀਕ ਹੈ। ਇਸ ਚੁੱਪ ਦੇ ਵਸਤੂਗਤ ਰੂਪ ਹਨ; ਖੋਲਾ, ਖੋਲੇ ਵਰਗਾ ਘਰ, ਪੁਲ, ਨੰਗੇ ਪੈਰ, ਖਾਦੀ ਭੰਡਾਰ ਦੇ ਦਫ਼ਤਰ ਦਾ ਵਰਾਂਡਾ, 'ਓਪਨ' ਵਿਚ ਮੱਕੀ ਦੀਆਂ ਬੋਰੀਆਂ, ਧੁੰਦ, ਹਨੇਰਾ, ਸ਼ਮਸ਼ਾਨ ਭੂਮੀ ... ...। ਇਸ ਤੋਂ ਇਲਾਵਾ, ਇਹ 'ਚੁੱਪ' ਪਾਤਰ ਆਪਣੇ ਜੀਵਨ ਦਾ ਨਾਟਕ ਮੌਤ ਅਥਵਾ ਚੁੱਪ ਦੀ ਰੰਗਮੰਚ ਉਤੇ ਖੇਡਦੇ ਹਨ। ਕਹਾਣੀਕਾਰ ਦੀ ਕਲਾਤਮਕਤਾ ਇਸ ਗੱਲ ਵਿਚ ਹੈ ਕਿ ਉਹ ਕਰਮ ਤੇ ਕਰਮਭੂਮੀ ਦੀ ਇਕ-ਮਿਕਤਾ ਨੂੰ ਸਿਰਜ ਸਕਿਆ ਹੈ। 'ਚੁੱਪ' ਇਨ੍ਹਾਂ ਪਾਤਰਾਂ ਦੇ ਕਰਮ ਦਾ ਸੁਹਜ ਵੀ ਹੈ ਤੇ ਉਨ੍ਹਾਂ ਦੀ ਕਰਮਭੂਮੀ ਵੀ। 'ਚੁੱਪ' ਉਨ੍ਹਾਂ ਦੇ ਕਾਰਜ ਦੇ ਮਹੱਤਵ ਨੂੰ ਉਘਾੜਦੀ ਹੈ। ਉਹ ਕਹਿੰਦੇ ਨਹੀਂ; ਕਰਦੇ ਹਨ। ਉਨ੍ਹਾ ਦੀ ਚੁੱਪ ਉਨ੍ਹਾਂ ਦੇ ਗੰਭੀਰ ਤੇ ਕਟੜੇ ਕੰਮਾਂ ਦੇ ਹਾਣ ਦੀ ਹੈ। ਜੇ ਕਰਮ ਤੇ ਬਚਨ ਦੀ ਇਹ ਇਕਸੁਰਤਾ ਭੰਗ ਹੋ ਜਾਂਦੀ. ਜਾਂ ਉਨ੍ਹਾਂ ਦੇ ਬੋਲ ਉਨ੍ਹਾਂ ਦੇ ਬੋਲ ਦੇ ਕਾਰਜ ਦੇ ਸਿਰ ਤੋਂ ਟੱਪ ਜਾਂਦੇ ਤਾਂ ਇਹ ਬੋਲ ਨਾਹਰੇ ਬਣ ਜਾਂਦੇ। ਸਾਹਿਤ ਵਿਚ ਨਾਹਰਾ ਵਰਜਿਤ ਨਹੀਂ, ਪਰ ਉਸ ਦੇ ਬਰਾਬਰ ਦੇ ਕਾਰਜ ਦੀ ਸਿਰਜਣ, ਬਹੁਤ ਜ਼ਰੂਰੀ ਹੈ। ਨਹੀਂ ਤਾਂ ਸਾਧਾਰਣ ਉਚੇ ਬੋਲ ਵੀ ਨਿਰਾਰਥਕ ਨਾਹਰੇ ਬਣ ਕੇ ਰਹਿ ਜਾਂਦੇ ਹਨ। ਇਨ੍ਹਾਂ ਕਹਾਣੀਆਂ ਦਾ ਰਚਨਹਾਰ ਇਸ ਪਖੋਂ ਅਨੁਭਵੀ ਵੀ ਹੈ ਤੇ ਚੇਤੰਨ ਵੀ।

ਕਰਮ ਤੇ ਕਰਮ-ਭੂਮੀ ਦੀ ਇਕਮਿਕਤਾ ਅਰਥਾਤ ਕਾਰਜ ਤੇ ਚੁੱਪ ਦੀ ਇਕਸੁਰਤਾ ਦਾ, ਇਨ੍ਹਾਂ ਕਹਾਣੀਆਂ ਦੇ ਪ੍ਰਸੰਗ ਵਿਚ, ਇਕ ਹੋਰ ਅਰਥ ਵੀ ਹੈ। ਉਹ ਇਹ ਕਿ ਇਨ੍ਹਾਂ ਪਾਤਰਾਂ ਦਾ ਹਰ ਕਾਰਜ ਚੁੱਪ ਜਾਂ ਮੌਤ ਵਿਚ ਸਮਾ ਜਾਂਦਾ ਹੈ। ਕਹਿਣ ਦਾ ਭਾਵ ਇਹ ਕਿ ਇਨ੍ਹਾਂ ਦੇ ਕੰਮ ਦਾ ਸਮਾਜ ਲਈ ਭਾਵੇਂ ਕਿੰਨਾ ਹੀ ਮਹੱਤਵ ਹੋਵੇ, ਪਰ ਇਨ੍ਹਾਂ ਦੇ ਆਪਣੇ ਆਪ ਲਈ ਉਸ ਕਾਰਜ ਦਾ ਅੰਤ ਨਿਸ਼ਫ਼ਲਤਾ, ਊਣ, ਚੁਪ ਜਾਂ ਮੌਤ ਵਿਚ ਹੀ ਹੁੰਦਾ ਹੈ। ਇਹ ਕਾਰਜ ਉਨ੍ਹਾਂ



ਦੀ ਵਰਗਗਤ ਸਥਿਤੀ ਵਿਚ ਕੋਈ ਪਰਿਵਰਤਨ ਨਹੀਂ ਲਿਆਉਂਦਾ, ਜੇ ਲਿਆਉਂਦਾ ਹੈ ਤਾਂ ਸਗੋਂ ਉਸ ਸਥਿਤੀ ਨੂੰ ਵਧੇਰੇ ਸੰਕਟਮਈ ਬਣਾਉਂਦਾ ਹੈ, ਇਹ ਉਨ੍ਹਾਂ ਦੇ ਵਿਅਕਤਿਤਵ ਦੀ ਸਰਬਪੱਖੀ ਉਸਾਰੀ ਵਿਚ ਕੋਈ ਵਿਸ਼ੇਸ਼ ਵਾਧਾ ਨਹੀਂ ਕਰਦਾ। ਤਾਂ ਕੀ ਅਜਿਹੇ ਕਰਮਸ਼ੀਲ ਪਾਤਰਾਂ ਨੂੰ (ਖਾਸ ਤੌਰ 'ਤੇ ਜਿਹੜੇ ਇਨ੍ਹਾਂ ਕਹਾਣੀਆਂ ਦੇ ਕੇਂਦਰੀ ਪਾਤਰ ਹਨ) ਨਾਇਕ ਕਹਿਣਾ ਚਾਹੀਦਾ ਹੈ ? ਇਸ ਸਵਾਲ ਦਾ ਇਕ ਜਵਾਬ ਪਹਿਲਾਂ ਹੀ ਦਿਤਾ ਜਾ ਚੁਕਾ ਹੈ। ਇਨ੍ਹਾਂ 'ਚੋਂ ਕੁਝ ਆਪਣੀ ਮਿਹਨਤ ਸ਼ਕਤੀ ਤੇ ਕੁਝ ਆਪਣੀ ਵਿਦਰੋਹੀ ਸ਼ਕਤੀ ਕਾਰਨ ਯੋਧੇ ਹਨ; ਇਨ੍ਹਾਂ ਵਿਚ ਨਾਇਕਤਵ ਦੇ ਬੁਨਿਆਦੀ ਗੁਣ ਵੀ ਹਨ ਤੇ ਨਾਇਕ ਬਣਨ ਦੀਆਂ ਸੰਭਾਵਨਾਵਾਂ ਵੀ। ਸਮੁੱਚਾ ਅਰਥ-ਪ੍ਰਬੰਧ ਤੇ ਵਰਤਮਾਨ ਰਾਜਨੀਤਕ ਪਰਪੰਚ ਇਨ੍ਹਾਂ ਦੇ ਸਾਹਮਣੇ ਖਲਨਾਇਕ ਦੇ ਰੂਪ ਵਿਚ ਮੌਜੂਦ ਹੈ। ਪਰ ਕਿਉਂਕਿ ਕਹਾਣੀਆਂ ਵਿਚ ਇਨ੍ਹਾਂ ਸੰਭਾਵਨਾਵਾਂ ਨੂੰ ਸਾਕਾਰ ਨਹੀਂ ਕੀਤਾ ਗਿਆ, ਇਸ ਲਈ ਇਨ੍ਹਾਂ ਨੂੰ ਨਾਇਕ ਕਹਿਣਾ ਉਚਿਤ ਨਹੀਂ। ਪਰ ਇਸ ਨਾਲ ਇਨ੍ਹਾਂ ਪਾਤਰਾਂ, ਤੇ ਇਨ੍ਹਾਂ ਕਹਾਣੀਆਂ ਦਾ ਸਾਹਿਤਕ ਮੁੱਲ ਘਟ ਨਹੀਂ ਜਾਂਦਾ, ਸਗੋਂ ਇਹ ਪਾਤਰ ਇਸ ਤੱਥ ਦੇ ਸੂਚਕ ਹਨ ਕਿ ਸਾਡੇ ਸਮਾਜ ਵਿਚ ਬਹੁਗਿਣਤੀ ਉਨ੍ਹਾਂ ਮਨੁੱਖਾਂ ਦੀ ਹੈ ਜੋ ਨਾਇਕ ਨਹੀਂ ਪਰ ਤਾਂ ਵੀ ਉਨ੍ਹਾਂ ਦੀ ਮਾਨਵੀ ਹੋਂਦ ਨਾਇਕ ਜਿੰਨੀ ਹੀ ਮੁੱਲਵਾਨ ਹੈ। ਜੇ ਇਨ੍ਹਾਂ ਪਾਤਰਾਂ ਨੂੰ ਪਸ਼ੂਆਂ ਵਾਂਗ ਜੀਊਣਾ ਪੈ ਰਿਹਾ ਹੈ ਤਾਂ ਮਿਹਣਾ ਇਨ੍ਹਾਂ ਨੂੰ ਨਹੀਂ, ਰਾਜਨੀਤਕ ਪਾਰਟੀਆਂ ਜਾਂ ਉਨ੍ਹਾਂ ਵਿਅਕਤੀਆਂ ਨੂੰ ਹੈ ਜਿਹੜੇ ਨਾਇਕ ਹੋਣ ਦਾ ਦਾਅਵਾ ਕਰਦੇ ਹਨ। ਪ੍ਰਕਿਰਤੀ ਦੇ ਟਾਕਰੇ ਵਿਚ ਸਮਾਜ, ਸਭਿਅਤਾ ਤੇ ਸੰਸਕ੍ਰਿਤੀ ਦੀ ਸਿਰਜਣਾ ਦਾ ਫੁਰਨਾ ਨਿਰਬਲ ਤੋਂ ਨਿਰਬਲ ਵਿਅਕਤੀ ਨੂੰ ਬਲਵਾਨ ਬਣਾਉਣ ਦੀ ਰੀਝ ਨਾਲ ਫੁਰਿਆ ਸੀ, ਪਰ ਜਿਸ ਸਮਾਜ ਵਿਚ ਮੁੜ ਬਲਵਾਨ ਹੀ ਪ੍ਰਧਾਨ ਹੋ ਗਿਆ ਹੈ ਤੇ ਜਿਸ ਵਿਚ ਨਿਰਬਲ ਨੂੰ ਦਬਾ ਕੇ ਹੀ ਸਭ ਕੁਝ ਹੁੰਦਾ ਹੈ, ਉਸ ਸਮਾਜ ਨੂੰ ਸੰਸਕ੍ਰਿਤਕ ਸਮਾਜ ਕਿਵੇਂ ਕਿਹਾ ਜਾ ਸਕਦਾ ਹੈ ! ਉਹ ਤਾਂ ਜੰਗਲ ਹੈ, ਤੇ ਇਹ ਇਕ ਭਾਂਤ ਦੇ ਜਾਂਗਲੀ ਸਮਾਜ ਵਿਚ ਰਹਿੰਦੇ ਮਨੁੱਖਾਂ ਦੀਆਂ ਕਹਾਣੀਆਂ ਹਨ। ਤੇ ਜੇ ਅੱਜ ਦੇ ਸਮੇਂ ਵਿਚ ਵੀ ਇਸ ਪ੍ਰਕਿਰਤਕ ਸਮਾਜ-ਪ੍ਰਬੰਧ ਨੂੰ ਸੰਸਕ੍ਰਿਤਕ ਸਮਾਜ ਵਿਚ ਤਬਦੀਲ ਕਰਨ ਲਈ ਸਮੂਹਕ ਨਾਇਕਤਵ ਦੀ ਸਿਰਜਣਾ ਦੀ ਥਾਂ, ਵਿਅਕਤਿਕ ਨਾਇਕਾਂ ਦੀ ਲੋੜ ਹੈ ਤਾਂ ਇਸ ਸਮਾਜ ਦਾ ਰੱਬ ਰਾਖਾ ! ਇਸ ਪ੍ਰਸੰਗ ਵਿਚ ਮੈਨੂੰ ਜਰਮਨ ਨਾਟਕਕਾਰ ਬਰੈਖ਼ਤ ਦੇ ਪ੍ਰਸਿਧ ਨਾਟਕ "ਗੈਲੀਲੀਓ" ਦੀ ਇਕ ਵਾਰਤਾਲਾਪ ਯਾਦ ਆ ਗਈ ਹੈ। ਜਦੋਂ ਗੈਲੀਲੀਓ ਭਰੀ ਕਚਹਿਰੀ ਵਿਚ ਆਪਣੇ ਮੱਤ ਦਾ ਵਿਰੋਧ ਕਰਕੇ, ਸਰਕਾਰੀ ਜੱਜਾਂ ਅਗੇ ਹਾਰ ਮੰਨ ਕੇ ਤੇ ਰਿਹਾ ਹੋ ਕੇ ਬਾਹਰ ਆਉਂਦਾ ਹੈ ਤਾਂ ਉਸਦਾ ਇਕ ਸ਼ਿਸ਼, ਐਂਦਰੀਆ, ਬੜੀ ਘ੍ਰਿਣਾ ਤੇ ਉਚੀ ਆਵਾਜ਼ ਵਿਚ ਕਹਿੰਦਾ ਹੈ : **Unhappy the land that** has no heroes ! (ਬਦਕਿਸਮਤ ਹੈ ਉਹ ਦੇਸ਼ ਜਿਸ ਵਿਚ ਇਕ ਵੀ ਨਾਇਕ ਨਹੀਂ !) ਤੇ ਗੈਲੀਲੀਓ ਉਸ ਦੀਆਂ ਗਾਲ੍ਹਾਂ ਸੁਣਨ ਤੋਂ ਬਾਅਦ, ਬੜੇ ਠਰੰਮੇ ਨਾਲ, ਉਸ ਨੂੰ ਜਾਂਦੇ ਨੂੰ ਸੁਣਾ ਕੇ ਆਖਦਾ ਹੈ : No. **Unhappy the land that** is in **need of heroes** ! (ਨਹੀਂ, ਉਹ ਦੇਸ਼ ਬਦਕਿਸਮਤ ਹੈ ਜਿਸਨੂੰ ਨਾਇਕਾਂ ਦੀ ਲੋੜ ਹੈ !)

---

## ਜ਼ਮੀਨ ਦੀ ਕੀਮਤ ਤੇ ਵਿਕਰੀ

ਪ੍ਰੇਮਜੀਤ ਸਿੰਘ ਗਰੇਵਾਲ ਅਤੇ ਲਛਮਨ ਸਿੰਘ ਸਿੱਧੂ

[ਇਸ ਖੋਜ-ਪਤਰ ਦਾ ਮੁਖ ਉਦੇਸ਼ ਪਜਾਬ ਦੇ ਆਰਥਕ ਵਿਕਾਸ ਦਾ ਜ਼ਮੀਨ ਦੀਆਂ ਕੀਮਤਾਂ 'ਤੇ ਪਏ ਪ੍ਰਭਾਵਾਂ ਦਾ ਅਧਿਐਨ ਕਰਨਾ ਹੈ। ਜ਼ਮੀਨ ਦੀ ਵਿਕਰੀ ਅਤੇ ਕੀਮਤਾਂ ਦੀ ਰੂਪ-ਰੇਖਾ ਦਾ ਵਿਸ਼ਲੇਸ਼ਣ ਕਰਨ ਲਈ ਜ਼ਿਲ੍ਹਾ ਲੁਧਿਆਣਾ ਦੀ ਚੋਣ ਜਾਣ-ਬੁਝ ਕੇ ਕੀਤੀ ਗਈ ਹੈ ਕਿਉਂਕਿ ਜ਼ਮੀਨ ਦੀ ਮੰਗ ਅਤੇ ਕੀਮਤ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਤੱਤ ਇਥੇ ਪਾਏ ਜਾਂਦੇ ਹਨ ਜਿਵੇਂ ਰਿਹਾਇਸ਼ੀ ਬਸਤੀਆਂ, ਉਦਯੋਗੀਕਰਨ, ਖੇਤੀ-ਵਿਕਾਸ ਆਦਿ। ਕੁਝ ਟੁਕੜੀਆਂ ਪੇਸ਼ ਹਨ :

**ਜ਼ਮੀਨ ਦੀ ਵਿਕਰੀ ਨੂੰ ਪ੍ਰੇਰਿਤ ਕਰਨ ਵਾਲੇ ਤੱਤ** : ਰਾਜ ਦੀ ਆਰਥਕ ਖੁਸ਼ਹਾਲੀ ਦਾ ਜ਼ਮੀਨ ਦੀ ਵਿਕਰੀ ਤੇ ਕੀਮਤ ਉਪਰ ਪ੍ਰਭਾਵਸ਼ਾਲੀ ਅਸਰ ਪਿਆ ਹੈ। ਇਸਦੇ ਫਲਸਰੂਪ ਅਜਿਹੀਆਂ ਤਾਕਤਾਂ ਪੈਦਾ ਹੋ ਗਈਆਂ ਹਨ ਜਿਨ੍ਹਾਂ ਨੇ ਜ਼ਮੀਨ-ਬਜ਼ਾਰ ਨੂੰ ਗਰਮ ਕਰ ਦਿਤਾ ਹੈ।

(1) ਵੱਡੇ ਸ਼ਹਿਰਾਂ ਦੇ ਨਜ਼ਦੀਕ ਪਿੰਡਾਂ ਦੇ ਕਿਸਾਨਾਂ ਨੇ ਜ਼ਮੀਨ ਦੀ ਸਰਕਾਰੀ ਖਰੀਦ ਤੋਂ ਬਚਣ ਲਈ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ ਹੈ। ਸਰਕਾਰੀ ਕੀਮਤ ਦੇ ਮੁਕਾਬਲੇ, ਖੁੱਲ੍ਹੀ ਮੰਡੀ ਵਿਚ ਕਿਸਾਨਾਂ ਨੂੰ ਜ਼ਮੀਨ ਦੀ ਚੰਗੀ ਕੀਮਤ ਪ੍ਰਾਪਤ ਹੋ ਜਾਂਦੀ ਹੈ। ਉਦਾਹਰਣ ਵਜੋਂ, ਸਰਕਾਰੀ ਕੀਮਤ ਅਧਿਐਨ-ਖੇਤਰ ਵਿਚ ਲਗਭਗ 50 ਹਜ਼ਾਰ ਰੁਪਏ ਫੀ ਏਕੜ ਹੈ ਜਦੋਂ ਕਿ ਖੁੱਲ੍ਹੀ ਮੰਡੀ ਵਿਚ ਜ਼ਮੀਨ ਦੀ ਕੀਮਤ **2** ਤੋਂ **4** ਲੱਖ ਰੁਪਏ ਫੀ ਏਕੜ ਹੈ।

(2) ਅਜਿਹੇ ਪੇਂਡੂ ਲੋਕ ਜੋ ਸ਼ਹਿਰਾਂ ਵਿਚ ਪੱਕੇ ਤੌਰ 'ਤੇ ਵੱਸ ਗਏ ਹਨ, ਉਨ੍ਹਾਂ ਨੇ ਖੇਤੀ-ਭੂਮੀ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਹੈ। ਇਸ ਸਬੰਧ ਵਿਚ ਮੁਜ਼ਾਰਿਆਂ ਦਾ ਡਰ, ਖੇਤੀ ਭੂਮੀ ਦੀ ਦੇਖ-ਭਾਲ ਵਿਚ ਕਠਿਨਾਈ ਅਤੇ ਸ਼ਹਿਰੀ ਜਾਇਦਾਦ ਦੀਆਂ ਜ਼ਿਆਦਾ ਕੀਮਤਾਂ ਦਾ ਵਰਣਨ ਕਰਨਾ ਜ਼ਰੂਰੀ ਹੈ। ਪ੍ਰਾਪਤ ਆਮਦਨ ਸ਼ਹਿਰਾਂ ਵਿਚ ਮਕਾਨ ਜਾਂ ਪਲਾਟ ਖਰੀਦਣ ਲਈ ਵਰਤੀ ਜਾਂਦੀ ਹੈ।

(3) ਖੇਤੀ ਦੇ ਆਧੁਨਿਕ ਤਰੀਕਿਆਂ ਦੀ ਵਰਤੋਂ ਅਤੇ ਦੂਹਰੀ-ਫਸਲ ਖੇਤਰ ਵਿਚ ਵਾਧਾ ਹੋ ਜਾਣ ਦੇ ਕਾਰਨ ਕਿਸਾਨਾਂ ਦੀ ਫਸਲ ਸਬੰਧੀ ਜ਼ਿੰਮੇਵਾਰੀ ਵਧ ਗਈ ਹੈ। ਇਸ ਲਈ



ਅਜਿਹੇ ਕਿਸਾਨ ਜਿਨ੍ਹਾਂ ਦੀ ਜ਼ਮੀਨ ਵੱਖ ਵੱਖ ਥਾਂਵਾਂ ਜਾਂ ਪਿੰਡਾਂ ਵਿਚ ਹੈ, ਉਹ ਜ਼ਮੀਨ ਨੂੰ ਇਕ ਜਗ੍ਹਾ ਇਕੱਠਾ ਕਰਨ ਨੂੰ ਤਰਜੀਹ ਦਿੰਦੇ ਹਨ ਤਾਂ ਜੋ ਖੇਤੀ ਕ੍ਰਿਆਵਾਂ ਦੀ ਠੀਕ ਦੇਖ-ਭਾਲ ਅਤੇ ਖੇਤੀ ਦੇ ਬੱਧੇ ਸਾਧਨਾਂ ਦਾ ਪੂਰਨ ਪ੍ਰਯੋਗ ਕੀਤਾ ਜਾ ਸਕੇ।

(4) ਵਿਰਾਸਤ ਦਾ ਕਾਨੂੰਨ ਵੀ ਜ਼ਮੀਨ ਦੀ ਵਿਕਰੀ ਨੂੰ ਉਤਸ਼ਾਹਤ ਕਰਨ ਵਿਚ ਕੁਝ ਹੱਦ ਤਕ ਸਹਾਇਕ ਸਾਬਤ ਹੋਇਆ ਹੈ। ਇਹ ਵੇਖਣ ਵਿਚ ਆਇਆ ਹੈ ਕਿ ਵਿਆਹ ਤੋਂ ਬਾਅਦ ਲੜਕੀਆਂ ਜ਼ਮੀਨ ਵੇਚ ਦਿੰਦੀਆਂ ਹਨ। ਅਧਿਐਨ-ਖੇਤਰ ਵਿਚ ਸਿਰਫ ਦੋ ਲੜਕੀਆਂ ਨੇ ਜ਼ਮੀਨ ਦਾ ਹਿੱਸਾ ਲਿਆ ਅਤੇ ਵਿਆਹ ਤੋਂ ਬਾਅਦ ਇਸ ਨੂੰ ਵੇਚ ਦਿੱਤਾ।

(5) ਅਜਿਹੇ ਪ੍ਰਵਾਰ, ਜਿਹੜੇ ਬੇ-ਔਲਾਦ ਹਨ ਜਾਂ ਸਿਰਫ ਲੜਕੀਆਂ ਹੀ ਹਨ, ਵੀ ਜ਼ਮੀਨ ਵੇਚ ਰਹੇ ਤਾਂ ਜੋ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਬਾਅਦ ਵਿਚ ਲੜਕੀਆਂ ਨੂੰ ਤੰਗ ਨਾ ਕਰਨ।

ਕੁਝ ਮਿਲੇ-ਜੁਲੇ ਤੱਤ ਜਿਵੇਂ ਵਿਆਹ ਸ਼ਾਦੀਆਂ 'ਤੇ ਖਰਚ, ਮੁਕੱਦਮੇਬਾਜ਼ੀ, ਨਸ਼ਿਆਂ ਦੀ ਵਰਤੋਂ ਆਦਿ ਵੀ ਜ਼ਮੀਨ ਦੀ ਵਿਕਰੀ ਦੇ ਕਾਰਨ ਬਣਦੇ ਹਨ।

**ਜ਼ਮੀਨ ਦੀ ਖਰੀਦ ਨੂੰ ਨਿਰਧਾਰਤ ਕਰਨ ਵਾਲੇ ਤੱਤ** : ਆਰਥਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਵਾਲੇ ਤੱਤਾਂ ਨੇ ਰਾਜ ਵਿਚ ਭੂਮੀ ਦੀ ਖਰੀਦ ਨੂੰ ਉਤਸ਼ਾਹ ਦਿਤਾ ਹੈ। ਇਸ ਪੱਖ ਤੋਂ ਹਰਾ ਇਨਕਲਾਬ, ਉਦਯੋਗੀਕਰਣ, ਸ਼ਹਿਰੀਕਰਣ, ਸੱਟੇਬਾਜ਼ੀ ਅਤੇ ਬਦੇਸ਼ਾ ਵਿਚ ਵੱਸੇ ਪੰਜਾਬੀਆਂ ਵਲੋਂ ਭੇਜਿਆ ਗਿਆ ਰੁਪਿਆ ਮਹੱਤਵਪੂਰਣ ਤੱਤ ਹਨ। ਜ਼ਮੀਨ ਦੀ ਖਰੀਦ ਇਹਨਾਂ ਕੰਮਾਂ ਜਿਵੇਂ ਖੇਤੀਬਾੜੀ, ਉਦਯੋਗਾਂ ਦੀ ਸਥਾਪਨਾ, ਰਿਹਾਇਸ਼ੀ ਬਸਤੀਆਂ, ਅਨਾਜ ਗੋਦਾਮ, ਬਿਜਲੀ-ਘਰ, ਮੰਡੀਆਂ ਦੀ ਸਥਾਪਨਾ ਆਦਿ ਲਈ ਕੀਤੀ ਜਾਂਦੀ ਹੈ। ਜ਼ਮੀਨ ਦੀਆਂ ਵਧ ਰਹੀਆਂ ਕੀਮਤਾਂ ਦੇ ਕਾਰਨ ਖੇਤੀ-ਭੂਮੀ ਦੀ ਮੰਗ ਮੱਧ ਅਤੇ ਉਚ ਵਰਗਾਂ ਦੇ ਕਿਸਾਨਾਂ ਤਕ ਹੀ ਸੀਮਤ ਹੈ। ਸ਼ਹਿਰਾਂ ਦੇ ਨਜ਼ਦੀਕ ਜ਼ਮੀਨ ਦੀਆਂ ਵਧ ਰਹੀਆਂ ਕੀਮਤਾਂ ਨੇ ਸ਼ਹਿਰੀ ਲੋਕਾਂ ਨੂੰ ਸੱਟੇਬਾਜ਼ੀ ਦੇ ਉਦੇਸ਼ ਲਈ ਵੀ ਜ਼ਮੀਨ ਖਰੀਦਣ ਲਈ ਪ੍ਰੇਰਤ ਕੀਤਾ ਹੈ।

**ਜ਼ਮੀਨ ਦੀ ਕੀਮਤ ਨਿਰਧਾਰਤ** ਕਰਨ ਵਿਚ ਇਸ ਦੀ ਸਥਿਤੀ ਅਤੇ ਵਰਤੋਂ ਮਹੱਤਵ-ਪੂਰਣ ਤੱਤ ਹਨ। ਸ਼ਹਿਰ ਦੇ ਨਜ਼ਦੀਕ ਸਥਿਤ ਪਿੰਡਾਂ ਵਿਚ ਜਮੀਨ ਦੀ ਕੀਮਤ, ਦੂਰੀ ਤੇ ਸਥਿਤ ਪਿੰਡਾਂ ਦੇ ਮੁਕਾਬਲੇ ਵਿਚ ਜ਼ਿਆਦਾ ਹੈ। ਸ਼ਹਿਰਾਂ ਦੇ ਨਜ਼ਦੀਕ ਰਿਹਾਇਸ਼ੀ ਮਕਾਨਾਂ ਅਤੇ ਉਦਯੋਗਾਂ ਲਈ ਵੱਧਦੀ ਹੋਈ ਜ਼ਮੀਨ ਦੀ ਮੰਗ ਕੀਮਤ-ਵਿਤਕਰੇ ਦੇ ਮੁੱਖ ਕਾਰਨ ਹਨ। ਇਸ ਦੇ ਉਲਟ ਦੂਰੀ ਤੇ ਸਥਿਤ ਪਿੰਡਾਂ ਵਿਚ ਭੂਮੀ ਦੀ ਮੰਗ ਸਿਰਫ ਖੇਤੀ ਲਈ ਹੀ ਹੁੰਦੀ ਹੈ ਅਤੇ ਕਿਸਾਨਾਂ ਦੀ ਕੀਮਤ ਅਦਾ ਕਰਨ ਦੀ ਸ਼ਕਤੀ ਸ਼ਹਿਰੀ ਖਰੀਦਦਾਰਾਂ ਦੇ ਮੁਕਾਬਲੇ ਵਿਚ ਘਟ ਹੈ। ਸ਼ਹਿਰਾਂ ਦੇ ਨਜਦੀਕ ਦੇ ਪਿੰਡਾਂ ਦੇ ਕਿਸਾਨ ਜ਼ਮੀਨ ਦੀ ਵਿਕਰੀ ਤੋਂ ਪ੍ਰਾਪਤ ਆਮਦਨ ਨੂੰ ਦੂਰੀ ਤੇ ਸਥਿਤ ਪਿੰਡਾਂ ਵਿਚ ਜ਼ਮੀਨ ਖਰੀਦਣ 'ਤੇ ਖਰਚ ਕਰਦੇ ਹਨ। ਸੜਕ ਤੇ ਸਥਿਤ ਜ਼ਮੀਨ ਦੀ ਕੀਮਤ ਦੂਰੀ 'ਤੇ ਸਥਿਤ ਜ਼ਮੀਨ ਦੀ ਕੀਮਤ ਦੇ ਮੁਕਾਬਲੇ ਵਿਚ ਜ਼ਿਆਦਾ ਹੈ ਕਿਉਂਕਿ ਅਜਿਹੀ ਜ਼ਮੀਨ ਦੀ ਮੰਗ ਗੈਰ-ਖੇਤੀ ਕ੍ਰਿਆਵਾਂ ਜਿਵੇਂ ਚਾਵਲ ਮਿੱਲਾਂ, ਅਨਾਜ ਲਈ ਗੋਦਾਮ, ਵਰਕਸ਼ਾਪ ਆਦਿ ਲਈ ਵੱਧ ਰਹੀ ਹੈ।

ਵਰਤੋਂ ਦੇ ਆਧਾਰ 'ਤੇ ਵੀ ਜ਼ਮੀਨ ਦੀ ਕੀਮਤ ਵਿਚ ਵਿਤਕਰਾ ਪਾਇਆ ਜਾਂਦਾ ਹੈ। ਮਕਾਨਾਂ ਲਈ ਜ਼ਮੀਨ ਦੀ ਕੀਮਤ ਦੂਸਰੇ ਕੰਮਾਂ ਲਈ ਵਰਤੀ ਗਈ ਜ਼ਮੀਨ ਦੇ ਮੁਕਾਬਲੇ ਵਿਚ

ਜ਼ਿਆਦਾ ਹੈ । ਜ਼ਿਆਦਾ ਕਿਰਾਏ ਅਤੇ ਵੱਧ ਰਹੇ ਨਿਰਮਾਣ-ਖਰਚਾਂ ਨੇ ਮਕਾਨ ਉਸਾਰੀ ਦੇ ਕੰਮ ਨੂੰ ਤੇਜ਼ ਕਰ ਦਿਤਾ ਹੈ । ਇਹੋ ਕਾਰਨ ਹੈ ਕਿ ਲੁਧਿਆਣਾ ਦੇ ਨਜ਼ਦੀਕ ਸਥਿਤ ਪਿੰਡਾਂ ਵਿਚ ਰਿਹਾਇਸ਼ੀ ਮਕਾਨਾ ਲਈ ਜ਼ਮੀਨ ਦੀ ਮੰਗ ਵੱਧ ਜਾਣ ਦੇ ਕਾਰਨ ਜ਼ਮੀਨ ਦੀ ਕੀਮਤ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ । ਖੇਤੀ ਪੈਦਾਵਾਰ ਵਿਚ ਵਾਧਾ ਹੋ ਜਾਣ ਦੇ ਕਾਰਨ ਚਾਵਲ ਮਿੱਲਾਂ ਅਤੇ ਅਨਾਜ ਸਟੋਰ ਕਰਨ ਲਈ ਗੋਦਾਮ ਬਣਾਉਣ ਦਾ ਕੰਮ ਵੀ ਤੇਜ਼ੀ ਨਾਲ ਹੋ ਰਿਹਾ ਹੈ ਜਿਸ ਦਾ ਜ਼ਮੀਨ ਦੀ ਮੰਗ ਅਤੇ ਕੀਮਤ 'ਤੇ ਪ੍ਰਭਾਵ ਪਿਆ ਹੈ । ਅਧਿਐਨ-ਖੇਤਰ ਵਿਚ ਜ਼ਮੀਨ ਦੀਆਂ ਕੀਮਤਾਂ ਤੇਜ਼ੀ ਨਾਲ ਵਧੀਆਂ ਅਤੇ ਸਥਿਤੀ ਦੇ ਆਧਾਰ ਤੇ ਜ਼ਮੀਨ ਦੀਆਂ ਕੀਮਤਾਂ ਵਿਚ ਵਿਤਕਰਾ ਪਾਇਆ ਗਿਆ ।

**ਜ਼ਮੀਨ ਦੀ ਵਿਕਰੀ ਤੋਂ ਪ੍ਰਾਪਤ ਆਮਦਨ ਦਾ ਪ੍ਰਯੋਗ :** ਜ਼ਮੀਨ ਦੀ ਵਿਕਰੀ ਤੋਂ ਆਮਦਨ ਪ੍ਰਾਪਤ ਕਰਨਾ ਹੀ ਕਾਫੀ ਨਹੀਂ ਸਗੋਂ ਪ੍ਰਾਪਤ ਆਮਦਨ ਦਾ ਉਚਿਤ ਪ੍ਰਯੋਗ ਹੀ ਆਰਥਕ ਬੇਹਤਰੀ ਵਿਚ ਸਹਾਇਕ ਹੁੰਦਾ ਹੈ । ਜੇਕਰ ਪ੍ਰਾਪਤ ਆਮਦਨ ਅਣ-ਉਪਜਾਊ ਕੰਮਾਂ ਤੇ ਖਰਚ ਕੀਤੀ ਜਾਵੇ ਤਾਂ ਇਸ ਦਾ ਪ੍ਰਵਾਰ ਦੀ ਆਰਥਿਕ ਹਾਲਤ ਤੇ ਬੁਰਾ ਪ੍ਰਭਾਵ ਪੈਂਦਾ ਹੈ ਅਰਥਾਤ ਆਮਦਨ ਪੈਦਾ ਕਰਨ ਵਾਲੇ ਸੋਮੇ ਘੱਟ ਜਾਂਦੇ ਹਨ । ਅਧਿਐਨ-ਖੇਤਰ ਵਿਚ ਜ਼ਮੀਨ ਦੀ ਵਿਕਰੀ ਤੋਂ ਪ੍ਰਾਪਤ ਆਮਦਨ ਦੇ ਪ੍ਰਯੋਗ ਦੇ ਆਧਾਰ 'ਤੇ ਚੁਣੇ ਗਏ ਕਿਸਾਨਾਂ ਦਾ ਵਰਗੀਕਰਣ ਕਰਨ ਤੋਂ ਪਤਾ ਚਲਦਾ ਹੈ ਕਿ ਲਗਭਗ 74 ਪ੍ਰਤੀਸ਼ਤ ਕਿਸਾਨਾਂ ਨੇ ਜ਼ਮੀਨ ਦੀ ਵਿਕਰੀ ਤੋਂ ਪ੍ਰਾਪਤ ਆਮਦਨ ਦਾ ਪ੍ਰਯੋਗ ਖੇਤੀ-ਭੂਮੀ ਖਰੀਦਣ ਲਈ ਕੀਤਾ । ਇਸ ਦਾ ਮੁੱਖ ਕਾਰਨ ਕਿਸਾਨ ਪਰਿਵਾਰਾਂ ਵਿਚ ਤਕਨੀਕੀ ਸਿਖਿਆ ਤੇ ਵਪਾਰਕ ਗਿਆਨ ਦੀ ਘਾਟ ਹਨ । ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਅੱਜ ਦੇ ਯੁਗ ਵਿਚ ਵੀ ਕਿਸਾਨ ਟੱਬਰਾਂ ਦੇ ਪੜ੍ਹੇ-ਲਿਖੇ ਨੌਜਵਾਨ ਹੱਥਾਂ ਨਾਲ ਗੈਰ-ਖੇਤੀ ਕੰਮ ਕਰਨ ਦੀ ਬਜਾਏ ਜੱਦੀ-ਕਿੱਤੇ ਨੂੰ ਹੀ ਮਾਨਤਾ ਦਿੰਦੇ ਹਨ । ਕੁਝ ਮੱਧ ਤੇ ਉਚ ਵਰਗਾਂ ਦੇ ਕਿਸਾਨਾਂ ਨੇ ਪ੍ਰਾਪਤ ਆਮਦਨ ਦੀ ਵਰਤੋਂ ਟਰੈਕਟਰ, ਟਰੱਕ ਅਤੇ ਸ਼ਹਿਰ ਵਿਚ ਮਕਾਨ ਬਣਾਉਣ ਲਈ ਵੀ ਕੀਤੀ ਜਦੋਂ ਕਿ ਹੇਠਲੇ ਵਰਗਾਂ ਦੇ ਕਿਸਾਨਾਂ ਨੇ ਡੇਅਰੀ ਦੇ ਕੰਮ ਨੂੰ ਤੇ ਟੈਂਪੂ ਨੂੰ ਤਰਜੀਹ ਦਿੱਤੀ । ਕਿਸਾਨਾਂ ਨੇ ਜ਼ਮੀਨ ਤੋਂ ਪ੍ਰਾਪਤ ਆਮਦਨ ਦੀ ਵਰਤੋਂ ਉਪਜਾਊ ਕੰਮਾਂ 'ਤੇ ਕੀਤੀ ਜਿਸ ਦਾ ਮਨੋਰਥ ਆਮਦਨ ਦੇ ਸੋਮੇਂ ਪੈਦਾ ਕਰਨਾ ਹੈ ।

**ਜ਼ਮੀਨ ਦੀ ਵਿਕਰੀ ਦੀ ਰੂਪ-ਰੇਖਾ** : ਜ਼ਮੀਨ ਦੀ ਵਰਤੋਂ ਕਈ ਕੰਮਾਂ ਵਿਚ ਕੀਤੀ ਜਾਂਦੀ ਹੈ । ਜਿਵੇਂ ਖੇਤੀ, ਉਦਯੋਗ, ਮਕਾਨ ਆਦਿ । ਪੰਜਾਬ ਵਿਚ ਜ਼ਿਆਦਾ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ ਪਰੰਤੂ ਪਿਛਲੇ ਦਹਾਕੇ ਤੋਂ ਸ਼ਹਿਰਾਂ ਦੇ ਨਜ਼ਦੀਕ ਦੇ ਪਿੰਡਾਂ ਵਿਚ ਖੇਤੀ ਅਧੀਨ ਖੇਤਰ ਘਟ ਰਿਹਾ ਹੈ ਜਿਸ ਦਾ ਮੁੱਖ ਕਾਰਨ ਸ਼ਹਿਰੀ ਵਸੋਂ ਦੇ ਦਬਾਅ ਹੇਠ ਮਕਾਨਾਂ ਲਈ ਜ਼ਮੀਨ ਦੀ ਮੰਗ ਵਧਣ ਦੇ ਫਲਸਰੂਪ ਜ਼ਮੀਨ ਦੀਆਂ ਕੀਮਤਾਂ ਦਾ ਵਧਣਾ ਹੈ । ਸਰਕਾਰ ਵਲੋਂ ਰਿਹਾਇਸ਼ੀ ਮਕਾਨਾਂ ਲਈ ਚਾਲੂ ਕੀਤੀਆਂ ਗਈਆਂ ਸਕੀਮਾਂ ਵੀ ਖੇਤੀ-ਖੇਤਰ ਘਟਾਉਣ ਦੀਆਂ ਜ਼ਿੰਮੇਵਾਰ ਹਨ । ਲਗਭਗ 57 ਪ੍ਰਤੀਸ਼ਤ ਜ਼ਮੀਨ ਸਰਕਾਰੀ ਤੇ ਨਿੱਜੀ ਰੂਪ ਵਿਚ ਰਿਹਾਇਸ਼ੀ ਮਕਾਨਾਂ ਲਈ ਖਰੀਦੀ ਗਈ । ਇਹੋ ਕਾਰਨ ਹੈ ਕਿ ਲੁਧਿਆਣਾ ਦੇ ਨਜ਼ਦੀਕ ਰਿਹਾਇਸ਼ੀ ਬਸਤੀਆਂ ਵਿਚ ਮਕਾਨ ਉਸਾਰੀ ਦਾ ਕੰਮ ਤੇਜ਼ੀ ਨਾਲ ਹੋ ਰਿਹਾ ਹੈ । 22 ਪ੍ਰਤੀਸ਼ਤ ਜ਼ਮੀਨ ਉਦਯੋਗਾਂ ਲਈ ਅਤੇ 19 ਪ੍ਰਤੀਸ਼ਤ ਖੇਤੀ ਲਈ ਖਰੀਦੀ ਗਈ । ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਖੇਤੀ-ਭੂਮੀ ਦੀ ਖਰੀਦ ਸਿਰਫ ਸ਼ਹਿਰ ਤੋਂ ਦੂਰੀ 'ਤੇ ਸਥਿਤ ਪਿੰਡਾਂ ਤਕ ਹੀ ਸੀਮਤ ਹੈ ।



## ਪੇਂਡੂ-ਪੰਜਾਬ ਦੀ ਜਮਾਤੀ ਵੰਡ ਬਾਰੇ

ਐਮ. ਕੇ. ਦੋਸਤ

ਸੇਧ ਦੇ ਨਵੰਬਰ ਅੰਕ, ਡਾ. ਨਿਰਮਲ ਆਜ਼ਾਦ ਦਾ 'ਲੇਖ ਪੰਜਾਬ ਦੇ ਪੇਂਡੂ ਸਮਾਜ ਦੀ ਜਮਾਤੀ ਵੰਡ' ਲੇਖ ਲਿਖ ਕੇ ਸੇਧ ਲਈ ਮਹੱਤਵਪੂਰਨ ਬਹਿਸ ਲਈ ਥਾਂ ਦਿੱਤੀ ਹੈ । ਡਾ. ਆਜ਼ਾਦ ਦੇ ਲੇਖ ਦੇ ਕਈ ਪੱਖ ਬਹੁਤ ਹੱਦ ਤੱਕ ਮਹੱਤਤਾ ਰਖਦੇ ਹਨ । ਇਕ ਐਸੀ ਸਮਝ ਬਣਾਉਣ ਵਿਚ ਮਦਦ ਦਿੰਦੇ ਹਨ ਜੋ ਅੱਜ ਬੇਹੱਦ ਜ਼ਰੂਰੀ ਹੈ । "ਖੇਤੀਬਾੜੀ ਵਿਚ—ਪੰਜਾਬ ਵਿਚ ਸਰਮਾਏਦਾਰੀ ਪੈਦਾਵਾਰੀ ਰਿਸ਼ਤਿਆਂ ਦੀ ਸਰਦਾਰੀ, ਚੜ੍ਹਤ ਕਾਇਮ ਹੋ ਚੁੱਕੀ ਹੈ" ਦਾ ਵਿਸਥਾਰ ਪੂਰਨ ਵਰਨਣ ਹੋਣ ਦੇ ਬਾਵਜੂਦ, ਡਾ. ਆਜ਼ਾਦ ਦੇ ਕਈ ਅਧੂਰੇ, ਨਾ-ਸਾਫ਼ ਅਤੇ ਆਪਾ-ਵਿਰੋਧੀ ਨਿਰਨਿਆਂ ਸਦਕਾ ਅੰਤਰ ਮੁਖੀ ਹੱਲ ਪੇਸ਼ ਹੋਏ ਹਨ । ਉਹ ਲਿਖਦੇ ਨੇ "ਰਾਜ ਦੇ ਪੇਂਡੂ ਸਮਾਜ ਨੂੰ ਪੈਦਾਵਾਰ ਦੇ ਪੱਖੋਂ ਚਾਰ ਵਰਗਾਂ ਦੇ ਲੋਕਾਂ ਵਿਚ ਵੰਡਿਆ ਜਾ ਸਕਦਾ ਹੈ । ਹੇਠਲਾ ਮਜ਼ੂਦਰ ਵਰਗ, ਹੇਠਲਾ ਕਿਸਾਨ ਵਰਗ, ਦਰਮਿਆਨਾ ਕਿਸਾਨ ਵਰਗ, ਉਪਰਲਾ ਕਿਸਾਨ ਵਰਗ ।" ਇਹਨਾਂ ਚਾਰਾਂ ਵਰਗਾਂ ਦਾ ਵਿਸਥਾਰ ਵਿਚ ਢਾਈ ਸਫਿਆਂ ਰਾਹੀਂ ਵਖ ਵਖ ਨੁਕਤੇ ਬਣਾ ਕੇ ਵਰਨਣ ਕਰਨ ਪਿਛੋਂ ਡਾ. ਆਜ਼ਾਦ ਫੇਰ ਲਿਖਦੇ ਹਨ : "ਪੰਜਾਬ ਦੇ ਪੇਂਡੂ ਸਮਾਜ ਅਤੇ ਇਸਦੇ ਅਰਥਚਾਰੇ ਵਿਚ ਸਭ ਕਿਸਾਨ ਵਰਗਾਂ/ਜਮਾਤਾਂ ਤੇ ਇਕ ਵੱਖਰੀ ਜਮਾਤ ਖੇਤ ਮਜ਼ਦੂਰਾਂ (ਪੇਂਡੂ ਪ੍ਰੋਲਤਾਰੀਆਂ) ਦੀ ਹੈ । ਪੰਜਾਬ ਦੀ ਕਿਸਾਨੀ ਦੇ ਤਿੰਨ ਵਰਗ ਹਨ : ਹੇਠਲਾ ਕਿਸਾਨ ਵਰਗ ਜਾਂ ਛੋਟੀ ਸੀਮਾਂਤ ਕਿਸਾਨੀ, ਦਰਮਿਆਨਾ ਕਿਸਾਨ ਵਰਗ ਅਤੇ ਉਪਰਲਾ ਕਿਸਾਨ ਵਰਗ ਜਾਂ ਵੱਡੀ ਕਿਸਾਨੀ ।"

ਡਾ. ਆਜ਼ਾਦ ਇਸ ਤਰ੍ਹਾਂ ਦੋ ਵਾਰ, ਨਾਵਾਂ ਦੇ ਮਾਮੂਲੀ ਫਰਕ ਨਾਲ, ਚਾਰ-ਚਾਰ ਵਰਗਾਂ ਦਾ ਜ਼ਿਕਰ ਕਰਦੇ ਹਨ । ਉਨ੍ਹਾਂ ਦਾ ਮਕਸਦ (ਅੰਤਰਮੁੱਖੀ ਸੋਚ ਨਾਲ ਜੋ ਉਹ ਕਹਿਣਾ ਚਾਹੁੰਦੇ ਹਨ) ਪੂਰਾ ਨਹੀਂ ਹੁੰਦਾ ਤਾਂ ਮੁੜ ਆਪਾ ਵਿਰੋਧੀ ਲਿਖਦੇ ਹਨ : "ਪਰ ਜ਼ਮੀਨ-ਜਾਇਦਾਦ, ਲੇਬਰ (ਨਿੱਜੀ ਤੇ ਖਰੀਦੀ ਵੇਚੀ) ਦੇ ਅਮਲ, ਪੈਦਾਵਾਰ ਦੇ ਉਦੇਸ਼, ਜਾਤੀ-ਵੰਡ, ਸਰਮਾਏ (ਨਿੱਜੀ ਤੇ ਸੰਸਥਾਈ) ਦੀ ਵਰਤੋਂ, ਲੇਬਰ ਸਰਮਾਏ ਦੇ ਸੰਬੰਧ ਅਤੇ ਮੁੱਖ ਜਮਾਤੀ ਮੰਗਾਂ ਦੇ ਪੈਂਤੜੇ ਤੋਂ ਪੰਜਾਬ ਦੇ ਪੇਂਡੂ ਸਮਾਜ ਵਿਚ ਤਿੰਨ ਹੀ ਜਮਾਤਾਂ ਹਨ ਪੇਂਡੂ ਪ੍ਰੋਲਤਾਰੀ, ਗਰੀਬ ਕਿਸਾਨੀ ਅਤੇ ਸਰਮਾਏਦਾਰ ਕਿਸਾਨੀ ।" ਉਹ ਆਪਣੇ (ਅੰਤਰਮੁਖੀ ਸੋਚ ਦੇ) ਤਹਿ ਨਿਸ਼ਾਨੇ ਦੀ ਪੂਰਤੀ ਲਈ

ਤਿੰਨ ਮੁੱਖ ਜਮਾਤਾਂ ਦਾ ਜ਼ਿਕਰ ਕਰਕੇ ਅੱਗੇ ਵਧਦੇ ਨੇ : ਪੰਜ ਬ ਦੇ ਪੇਂਡੂ ਸਮਾਜ ਦੀਆਂ ਤਿੰਨ ਮੁੱਖ ਜਮਾਤਾਂ ਦੀਆਂ ਤਿੰਨ ਹੀ ਅਹਿਮ ਲੋੜਾਂ/ਮੰਗਾਂ ਹਨ : ਪੇਂਡੂ ਪ੍ਰੂਲਤਾਰੀ ਜਮਾਤ ਲਈ ਖੇਤ ਮਜ਼ਦੂਰੀ ਦੀ ਚੰਗੀ ਕੀਮਤ (ਅਤੇ ਨਿਸਚਤ ਤੇ ਜ਼ਿਆਦਾ ਰੁਜ਼ਗਾਰ) ਗਰੀਬ ਕਿਸਾਨੀ ਲਈ ਵਾਹੁਣ ਯੋਗ ਹੋਰ ਜ਼ਮੀਨ (ਅਤੇ ਨਿੱਜੀ ਤੇ ਸੰਸਥਾਈ ਸਰਮਾਇਆ) ਅਤੇ ਸਰਮਾਏਦਾਰ ਕਿਸਾਨੀ ਲਈ ਸਸਤੀ ਅਤੇ ਕ ਫ਼ੀ ਲੇਬਰ (ਅਤੇ ਨਿੱਜੀ ਤੇ ਸੰਸਥਾਈ ਸਰਮਾਇਆ) ।"

ਡਾ. ਆਜ਼ਾਦ ਚਾਰ ਵਰਗਾਂ/ਜਮਾਤਾਂ ਤੋਂ ਤਿੰਨ 'ਤੇ ਪੁੱਜ ਗਏ ਹਨ ਪਰ ਜੋ ਉਪਰ ਦੋ ਵਾਰ ਜ਼ਿਕਰ ਵਿਚ ਆਇਆ 'ਦਰਮਿਆਨਾ ਕਿਸਾਨ ਵਰਗ' ਉਸ ਦਾ ਕੀ ਬਣਿਆ ? ਕੀ ਉਹ ਸਰਮਾਏਦਾਰ ਕਿਸਾਨੀ ਨਾਲ ਰਲ ਗਿਆ ? ਜਾਂ ਕੀ ਉਹ ਗਰੀਬ ਕਿਸਾਨੀ ਨਾਲ ਰਲ ਗਿਆ ? ਜਾਂ ਕੀ ਇਸ ਦੀ ਕੋਈ ਲੋੜ/ਮੰਗ ਨਹੀਂ ?

ਡਾ. ਆਜ਼ਾਦ ਤਿੰਨਾਂ ਜਮਾਤਾਂ/ਵਰਗਾਂ ਦੀ ਵਿਰੋਧਤਾਈ ਦਾ ਜ਼ਿਕਰ ਕਰਦੇ ਲਿਖਦੇ ਹਨ : "ਇਨ੍ਹਾਂ ਆਰਥਕ, ਸਮਾਜ਼ਕ ਲੋੜਾਂ/ਮੰਗਾਂ ਦੇ ਪੱਖੋਂ ਪੇਂਡੂ ਪ੍ਰੂਲਤਾਰੀ ਜਮਾਤ ਕਿਸਾਨੀ ਦੀਆਂ ਸਭ ਜਮਾਤਾਂ, ਖਾਸ ਕਰਕੇ ਸਰਮਾਏਦਾਰ ਕਿਸਾਨੀ ਦੇ ਵਿਰੋਧ ਵਿਚ ਖੜ੍ਹੀ ਹੈ । ਪੇਂਡੂ ਸਮਾਜ ਵਿਚ ਦੂਜੀ ਪੱਧਰ 'ਤੇ ਵਿਰੋਧ ਗਰੀਬ ਕਿਸਾਨੀ ਅਤੇ ਸਰਮਾਏਦਾਰ ਕਿਸਾਨੀ ਵਿਚ ਆਪਸੀ ਟੱਕਰ ਹੈ । ਜ਼ਮੀਨ ਦੀ ਵੰਡ ਦੇ ਸਵਾਲ ਉਪਰ, ਪਰ ਸਾਂਝੇ ਤੌਰ 'ਤੇ ਸੰਦਾਂ ਸਾਧਨਾਂ ਅਤੇ ਖੇਤੀ ਦੀਆਂ ਜਿਨਸਾਂ ਦੀਆਂ ਕੀਮਤਾਂ ਅਤੇ ਸੰਸਥਾਈ ਸਰਮਾਏ ਦੇ ਸਵਾਲ ਉਪਰ ਵਿਰੋਧ ਸਰਕਾਰ ਦੀਆ ਪਾਲਸੀਆਂ ਨਾਲ ਵੀ ਹੈ ।"

ਡਾ. ਆਜ਼ਾਦ ਆਪਣੇ ਸੋਚੇ ਸਮਝੇ ਹੱਲ ਨੂੰ ਪੇਸ਼ ਕਰਨ ਲਈ ਸ਼ੁਰੂ ਤੋਂ ਜ਼ਮੀਨ ਤਿਆਰ ਕਰਦੇ ਕਰਦੇ ਲੇਖ ਦੇ ਕੇਂਦਰੀ ਨੁਕਤੇ 'ਤੇ ਪੁੱਜਦੇ ਹਨ । ਉਨ੍ਹਾਂ ਦੀ ਸੋਚ ਮੁਤਾਬਕ ਪੰਜਾਬ ਦੇ ਪੇਂਡੂ ਸਮਾਜ ਦੀ ਜਮਾਤੀ ਵੰਡ ਵਿਚ ਇਹ ਨੁਕਤੇ ਤੋਂ ਸ਼ੁਰੂ ਹੋਣ ਵਾਲਾ ਘੋਲ ਦੱਬੇ ਕੁਚਲੇ ਦਾ, ਉਲਝੀ ਤਾਣੀ ਦਾ, ਸਮੱਸਿਆ ਦਾ ਹੱਲ ਕਰੇਗਾ । ਮੌਜੂਦਾ ਵਿਰੋਧਤਾਈਆਂ ਨੂੰ ਵਰਤਕੇ ਮਸਲੇ ਦੇ ਹੱਲ ਲਈ, ਘੋਲ ਦੀ ਸੇਧ ਲਈ ਡਾ. ਸਾਹਿਬ ਲਿਖਦੇ ਹਨ ਕਿ : "ਗਰੀਬ ਕਿਸਾਨੀ ਦੀ ਸਭ ਤੋਂ ਅਹਿਮ ਲੋੜ ਵਾਹੀ ਯੋਗ ਹੋਰ ਜ਼ਮੀਨ ਦੀ ਹੈ, ਕਿਉਂਕਿ ਇਸ ਜਮਾਤ ਦੇ ਹਰ ਕਿਸਾਨ ਪਾਸ ਜ਼ਮੀਨ ਘੱਟ ਹੈ ਅਤੇ ਬਹੁਤਿਆਂ ਦੀ ਬੜੇ ਹੀ ਛੋਟੇ ਪੈਮਾਨੇ ਦੀ ਮੁਕਾਬਲਤਨ ਜ਼ਿਆਦਾ ਖਰਚੇ ਵਾਲੀ ਖੇਤੀ ਹੈ" ..... ਪੰਜਾਬ ਵਿਚ ਅਗਰ ਅਗਾਂਹਵਧੂ ਸਿਆਸੀ ਪੈਂਤੜੇ ਤੋਂ ਗਰੀਬ ਕਿਸਾਨੀ ਨੂੰ ਜ਼ਮੀਨ ਦੇ ਮਸਲੇ ਤੇ ਸਰਮਾਏਦਾਰ ਕਿਸਾਨੀ ਵਿਰੁੱਧ ਸੰਗਠਤ ਕੀਤਾ ਜਾਵੇ ਤਾਂ ਗਰੀਬ ਕਿਸਾਨੀ ਦੀ ਅਜੇਹੀ ਲਹਿਰ ਖੇਤ ਪ੍ਰੂਲਤਾਰੀਆਂ ਦੇ ਸਰਮਾਏਦਾਰ ਕਿਸਾਨੀ ਵਿਰੁੱਧ ਆਪਣੀ ਵੇਚੀ ਲੇਬਰ ਦੀ ਚੰਗੀ ਕੀਮਤ ਲੈਣ ਲਈ ਚਲਾਏ ਸੰਘਰਸ਼ਾਂ ਨੂੰ ਮਜ਼ਬੂਤ ਕਰ ਸਕਦੀ ਹੈ ।"

ਗਰੀਬ ਕਿਸਾਨੀ ਦਾ "ਵਾਹੀ ਯੋਗ ਹੋਰ ਜ਼ਮੀਨ" ਲਈ ਘੋਲ, ਇਸ ਦਾ ਲਹਿਰ ਬਣਨਾ ਅਤੇ ਅਜੇਹੀ ਲਹਿਰ ਖੇਤ ਪ੍ਰੂਲਤਾਰੀਆਂ ਦੇ, "ਲੇਬਰ ਦੀ ਚੰਗੀ ਕੀਮਤ ਲੈਣ ਲਈ ਚਲਾਏ ਸੰਘਰਸ਼ ਨੂੰ ਮਜ਼ਬੂਤ ਕਰ ਸਕਦੀ ਹੈ" ਇਹ ਸਮਝ ਅੰਤਰਮੁਖੀ ਸੋਚ ਦੀ ਪੈਦਾਵਾਰ ਹੈ । ਸਮੁੱਚੇ ਪੰਜਾਬ ਵਿਚ ਅਜੇਹੀ ਲਹਿਰ ਲਈ ਪਦਾਰਥਕ ਹਾਲਾਤ ਨਹੀਂ ਹਨ ।

ਪੰਜਾਬ ਵਿਚ ਖੇਤ ਪ੍ਰੂਲਤਾਰੀ ਦੀ ਗਿਣਤੀ 1961 ਵਿਚ 19 ਫੀ ਸਦੀ 1971 ਵਿਚ 26 ਫੀ ਸਦੀ ਸੀ ਜੋ 81-82 ਵਿਚ 34-35 ਫੀ ਸਦੀ ਦੇ ਨੇੜੇ ਹੈ । ਆਖਣ ਤੋਂ ਮਤਲਬ



ਇਹ ਕਿ ਇਹ ਇਕ ਤਾਕਤ ਹੈ ਜੋ ਲਹਿਰ ਵਜੋਂ ਉਭਰਨ ਲਈ ਪਾਸੇ ਮਾਰ ਰਹੀ ਹੈ; ਇਸ ਨੇ ਲੰਬੇ ਸਮੇਂ ਤੋਂ ਲੜਣਾ ਜਾਰੀ ਰੱਖਿਆ ਹੈ ਅਤੇ ਹੁਣ ਹੜਤਾਲ ਕਰਨ ਤੱਕ ਪੁੱਜ ਗਈ ਹੈ ।

'ਗਰੀਬ ਕਿਸਾਨੀ' ਆਪਣੀ ਮੁਕਤੀ ਆਪ ਨਹੀਂ ਕਰਵਾ ਸਕਦੀ । ਡਾ. ਸਾਹਿਬ ਆਪਣੇ ਲੇਖ ਵਿਚ 'ਹੇਠਲਾ ਮਜ਼ਦੂਰ ਵਰਗ' ਹੇਠ ਲਿਖਦੇ ਹਨ ਕਿ "ਇਸ ਵਰਗ ਦੀ ਵਾਹੀ ਯੋਗ ਜ਼ਮੀਨ ਦੀ ਮੁੱਖ ਮੰਗ ਨਹੀਂ ਹੈ ਅਤੇ ਨਾ ਹੀ ਹੋਣੀ ਚਾਹੀਦੀ ਹੈ :" ਸੋ 'ਗਰੀਬ ਕਿਸਾਨੀ' ਵਾਹੀ ਯੋਗ ਹੋਰ ਜ਼ਮੀਨ ਦੀ ਮੰਗ ਅਤੇ ਘੋਲ ਵਿਚ ਹੇਠਲੇ ਮਜ਼ਦੂਰ ਵਰਗ ਤੋਂ ਹਿਮਾਇਤ ਦੀ ਆਸ ਨਹੀਂ ਕਰ ਸਕਦੀ ਅਤੇ ਇਹ ਘੋਲ 'ਸਰਮਾਏਦਾਰ ਕਿਸਾਨੀ' ਤੋਂ ਜ਼ਮੀਨ ਲੈਣ ਲਈ ਹੋਵੇਗਾ ਤਾਂ 'ਦਰਮਿਆਨੀ ਕਿਸਾਨੀ' ਬਾਰੇ ਡਾ. ਆਜ਼ਾਦ ਪਹਿਲੋਂ ਹੀ ਚੁੱਪ ਹਨ । ਸੋ ਸਪਸ਼ਟ ਹੈ ਕਿ ਇਕੱਲੀ 'ਗਰੀਬ ਕਿਸਾਨੀ' ਆਪ ਜਾਇਦਾਦ ਦੀ ਮਾਲਕ ਹੁੰਦਿਆਂ ਅਤੇ ਆਪਣੇ ਲਈ ਹੋਰ ਜ਼ਮੀਨ ਦੇ ਭੁੱਖ ਦੇ ਹੁੰਦਿਆਂ ਪੰਜਾਬ ਦੇ ਪੇਂਡੂ ਸਮਾਜ ਵਿਚ ਜਿਥੇ "ਖੇਤੀਬਾੜੀ ਵਿਚ ਸਰਮਾਏਦਾਰੀ ਪੈਦਾਵਾਰੀ ਰਿਸ਼ਤਿਆਂ ਦੀ ਸਰਦਾਰੀ ਚੜ੍ਹਤ ਕਾਇਮ ਹੋ ਚੁੱਕੀ ਹੈ ।" ਅਤੇ "ਸਰਮਾਏਦਾਰ ਜਮਾਤ ਦਾ ਹੋਂਦ ਵਿਚ ਆਉਣਾ ਅਤੇ ਇਸ ਦੀ ਆਰਥਕ ਸਮਾਜਕ ਤੇ ਸਿਆਸੀ ਤਾਕਤ, ਚੜ੍ਹਤ ਵਿਚ ਵਾਧਾ" ਹੋ ਗਿਆ ਹੈ, ਸਰਮਾਏਦਾਰ ਕਿਸਾਨੀ ਤੋਂ ਜ਼ਮੀਨ ਮੰਗਣ ਦੀ ਦਲੇਰੀ ਨਹੀਂ ਕਰ ਸਕਦੀ । ਲਹਿਰ ਬਣਨਾ ਤਾਂ ਦੂਰ ਦੀ ਗੱਲ ਹੈ । ਅਤੇ ਅਜੇਹੀ ਲਹਿਰ ਤੋਂ ਪੇਂਡੂ ਪ੍ਰੂਲਤਾਰੀ ਦੀ ਸਰਮਾਏਦਾਰ ਕਿਸਾਨ ਕੋਲ ਵੇਚੀ ਲੇਬਰ ਦੀ ਚੰਗੀ ਕੀਮਤ ਲੈਣ ਲਈ ਸੰਘਰਸ਼ ਨੂੰ ਮਜ਼ਬੂਤ ਹੋਣਾ ਦੇਖਣਾ ਕੇਵਲ ਇੱਕ ਸੁਪਨਾ ਦੇਖਣਾ ਹੈ ।

ਜ਼ਮੀਨ ਦੀ ਇਕਸਾਰ ਵੰਡ ਨਹੀਂ ਹੋ ਸਕਦੀ ਹੈ ਅਤੇ ਨਾ ਰਹਿ ਸਕਦੀ ਹੈ ਕਿਉਂਕਿ ਵਿਰਾਸਤੀ ਵੰਡ ਕਰਕੇ ਇਹ ਅਸਾਵੀਂ ਹੋ ਜਾਵੇਗੀ ।

ਪੰਜਾਬ ਵਿਚ ਗਰੀਬ ਕਿਸਾਨ ਨਹੀਂ ਜੋ ਵੱਡੇ ਤੋਂ, ਸਰਮਾਏਦਾਰ ਕਿਸਾਨ ਤੋਂ ਜ਼ਮੀਨ ਹਿੱਸੇ ਜਾਂ ਠੇਕੇ ਤੇ ਲੈ ਕੇ ਆਪਣੀ ਵਾਹੀ ਹੇਠ ਲਿਆਉਂਦਾ ਹੋਵੇ ਬਲਕਿ ਸਰਮਾਏਦਾਰ ਕਿਸਾਨ ਹੈ ਜੋ ਮਾਲਕੀ ਜਿਸਦੀ ਮਰਜ਼ੀ ਹੋਵੇ, ਵੱਧ ਪੈਸਾ ਦੇ ਕੇ, ਆਪਣੇ ਸੰਦ ਸਾਧਨਾਂ ਨਾਲ ਆਪਣੀ ਜ਼ਮੀਨ ਤੋਂ ਵਧ ਤੇ ਖੇਤੀ ਕਰਨ ਦੀ ਪ੍ਰਵਿਰਤੀ ਰਖਦਾ ਹੈ ਜਿਸ ਵਿਚ ਵਾਧਾ ਜਾਰੀ ਹੈ । ਸੋ ਅਜੋਕੇ ਹਾਲਤ ਵਿਚ ਇਕੱਲਾ ਗਰੀਬ ਕਿਸਾਨ ਸਰਮਾਏਦਾਰ ਕਿਸਾਨ ਤੋਂ ਆਪਣੀ ਵਰਤਮਾਨ ਜ਼ਮੀਨ ਵੀ ਬਚਾ ਕੇ ਨਹੀਂ ਰਖ ਸਕੇਗਾ ।

ਬਾਕੀ ਰਹੀ 'ਗਰੀਬ ਕਿਸਾਨੀ' ਲਈ ਨਿੱਜੀ ਤੇ ਸੰਸਥਾਈ ਸਰਮਾਏ' ਦੀ ਗੱਲ । ਕਿਸਾਨੀ ਦੇ ਨਿੱਜੀ ਸਰਮਾਏ ਵਿਚ ਵਾਧਾ ਜਿਨਸਾਂ ਦੇ ਚੰਗੇ ਭਾਅ ਅਤੇ ਸਸਤੇ ਸੰਦ ਸਾਧਨ ਹੋਣ ਕਰਕੇ ਹੁੰਦਾ ਹੈ ਅਤੇ ਖੇਤੀ ਵਿਚ ਵਰਤੋਂ ਲਈ ਸੰਸਥਾਈ ਸਰਮਾਏ ਵਿਚ ਵਾਧਾ ਕਾਫ਼ੀ ਅਤੇ ਸੌਖੇ ਤੇ ਸਸਤੇ ਮਿਲਦੇ ਕਰਜ਼ੇ ਨਾਲ ਹੁੰਦਾ ਹੈ ।" ਅਤੇ ਸਰਮਾਏਦਾਰ ਕਿਸਾਨੀ ਲਈ ਵੀ ਮੁੱਖ ਮੰਗ "ਸਸਤੇ ਅਤੇ ਕਾਫ਼ੀ ਲੇਬਰ (ਅਤੇ ਨਿੱਜੀ ਤੇ ਸੰਸਥਾਈ ਸਰਮਾਇਆ) ਹੈ ।"

ਆਓ ਦੇਖੀਏ ਕਿ 'ਗਰੀਬ ਕਿਸਾਨੀ' ਅਤੇ 'ਸਰਮਾਏਦਾਰ ਕਿਸਾਨੀ' ਦੀ ਇਸ ਸਾਂਝੀ ਨਿੱਜੀ ਅਤੇ ਸੰਸਥਾਈ ਸਰਮਾਏ ਦੀ ਮੰਗ ਲੋੜ ਅਤੇ ਇਸ ਦੇ ਵਾਧੇ ਦੀ ਕੀ ਹਾਲਤ ਹੈ । ਤਜਰਬਾ ਦਸਦਾ ਹੈ ਕਿ ਸੰਦ ਸਾਧਨ ਸਸਤੇ ਨਹੀਂ ਸਗੋਂ ਮਹਿੰਗੇ ਹੋ ਰਹੇ ਹਨ । ਇਕੱਲੀ 'ਗਰੀਬ ਕਿਸਾਨੀ' ਗ਼ੈਰ ਜੱਥੇਬੰਦ ਹੋਣ ਕਰਕੇ ਸਸਤੇ ਸੰਦ ਸਾਧਨਾਂ ਦੀ ਲੜਾਈ ਨਹੀਂ ਲੜ ਸਕਦੀ ਕਿਉਂਕਿ ਸਰਮਾਏਦਾਰ ਕਿਸਾਨੀ ਦੀ ਦਿਲਚਸਪੀ ਸੰਦ ਸਾਧਨਾਂ ਦੇ ਘੱਟ ਭਾਅ ਹੋਣ,

ਵਿਚ ਘੱਟ ਹੈ ਅਤੇ ਜਿਨਸਾਂ ਦੇ ਭਾਆਂ ਵਿਚ ਵਾਧਾ ਹੋਵੇ ਵਿਚ ਜ਼ਿਆਦਾ ਹੈ ਕਿਉਂਕਿ ਇਸ ਤੋਂ ਸਰਮਾਏਦਾਰ ਕਿਸਾਨੀ ਨੂੰ ਗ਼ਰੀਬ ਕਿਸਾਨੀ ਦੇ ਮੁਕਾਬਲੇ ਬੇਹੱਦ ਲਾਭ ਹੈ। ਨਾਲੇ ਸੰਦ ਸਾਧਨ ਸਸਤੇ ਹੋਣ ਤਾਂ ਇਹ ਸਰਮਾਏਦਾਰ ਕਿਸਾਨਾਂ ਤੋਂ ਬਾਹਰ ਗਰੀਬ ਕਿਸਾਨਾਂ ਨੂੰ ਵੀ ਲਾਭ ਦੇਂਦੇ ਹਨ ਜਿਸ ਕਰਕੇ ਗਰੀਬ ਕਿਸਾਨੀ ਅਤੇ ਦਰਮਿਆਨੀ ਕਿਸਾਨੀ ਦੀ ਜ਼ਮੀਨ ਉਪਰ ਟਿਕੇ ਰਹਿਣ ਦੀ ਮਿਆਦ ਵਿਚ ਵਾਧਾ ਹੁੰਦਾ। ਜਿਸ ਨੂੰ ਸਰਮਾਏਦਾਰ ਕਿਸਾਨੀ, ਮਾਲਕੀ ਤੋਂ ਬਿਨਾਂ ਵਾਹੀ ਹੇਠ ਲਿਆਉਣ ਵਿਚ ਅੜਿਕਾ ਸਮਝਦੀ ਹੈ। ਕਿਸਾਨੀ ਜਿਨਸਾਂ ਦੇ ਵਧ ਭਾਵਾਂ ਵਿਚ ਗਰੀਬ ਕਿਸਾਨੀ ਨੂੰ 'ਮੁਕਾਬਲਤਨ ਵਧ ਖਰਚ ਵਾਲੀ ਖੇਤੀ' ਹੋਣ ਕਰਕੇ ਅਤੇ ਫੇਰ ਖਪਤ ਦੀਆਂ ਵਸਤਾਂ ਦੀਆਂ ਵਧੀਆਂ ਕੀਮਤਾਂ ਕਰਕੇ ਕੋਈ ਅਸਲ ਲਾਭ ਨਹੀਂ ਹੁੰਦਾ ਅਤੇ ਇਸ ਦੀ ਟੁਟਣ ਦੀ ਕ੍ਰਿਆ ਵਧਦੀ ਹੈ ਜੋ ਵਰਤਾਰਾ ਸਰਮਾਏਦਾਰ ਢੰਗ ਦੀ ਖੇਤੀ ਦੇ ਅਨੁਕੂਲ ਹੈ।

ਰਹੀ ਗੱਲ 'ਸੰਜਬਾਈ ਸਰਮਾਏ' ਦੀ ਇਹ ਵੀ 'ਗਰੀਬ ਕਿਸਾਨੀ ਦੇ ਪੇਟੇ ਨਹੀਂ ਪੈਂਦਾ ਕਿਉਂਕਿ ਪੇਂਡੂ ਖੇਤਰ ਵਿਚ ਸਰਮਾਏਦਾਰ ਜਮਾਤ ਦੀ ਆਰਥਕ ਸਮਾਜਕ ਤੇ ਸਿਆਸੀ ਚੜ੍ਹਤ ਕਾਰਨ ਵੱਡਾ ਹਿੱਸਾ ਇਹੀ ਬਟੋਰ ਲੈਂਦੀ ਹੈ। ਗ਼ੈਰ ਜਥੇਬੰਦ ਹੋਣ ਕਰਕੇ 'ਗਰੀਬ ਕਿਸਾਨੀ' ਮੂੰਹ ਵੇਖਦੀ ਰਹਿ ਜਾਂਦੀ ਹੈ।

ਡਾ: ਆਜ਼ਾਦ ਆਪਣੇ ਲੇਖ ਦੇ ਆਖਰੀ ਪੈਰੇ ਵਿਚ ਲਿਖਦੇ ਹਨ "ਪੰਜਾਬ ਦੇ ਪੇਂਡੂ ਸਮਾਜ ਅਤੇ ਇਸ ਦੇ ਖੇਤੀ ਅਰਥਚਾਰੇ ਵਿਚ ਕਿਰਤ ਤੇ ਸਰਮਾਏ ਦੀ ਜਮਾਤੀ ਟੱਕਰ ਦਾ ਪੈਂਤੜਾ ਹੀ ਸਹੀ ਹੈ" ਅਤੇ ਨਾਲ ਹੀ ਚੇਤਨ ਕਰਦੇ ਹਨ ਕਿ "ਸਮਾਜਕ ਆਰਥਕ ਵਿਰੋਧਤਾਈਆਂ ਦੇ ਬਾਕੀ ਪੈਂਤੜਿਆਂ ਦੀ ਖਹਿ (ਸਮੁੱਚਾ ਕਿਸਾਨੀ ਤੇ ਪੇਂਡੂ ਜਮਾਤਾਂ ਤੇ ਸਰਕਾਰ ਵਿਚਕਾਰ) ਦੀ ਹਕੀਕਤ ਅਤੇ ਅਹਿਮੀਅਤ ਨੂੰ ਘਟਾ ਕੇ ਤਾਂ ਨਹੀਂ ਵੇਖਿਆ ਜਾ ਸਕਦਾ ਪਰ ਇਹ ਜਾਨਣਾ ਜ਼ਰੂਰੀ ਹੈ ਕਿ ਜਮਾਤੀ ਸੰਘਰਸ਼ ਸਮਾਜਕ ਵਿਕਾਸ ਅਤੇ ਪੈਦਾਵਾਰੀ ਰਿਸ਼ਤਿਆਂ ਨੂੰ ਲੋਕ ਪੱਖੀ ਕਰਨ ਵਿਚ ਇਹ ਪੈਂਤੜੇ ਸਹਾਈ ਨਹੀਂ ਹੁੰਦੇ। ਇਸ ਦੇ ਉਲਟ ਇਹ ਮੌਜੂਦਾ ਲੋਟੂ ਅਤੇ ਸਰਮਾਏਦਾਰ ਪੈਦਾਵਾਰੀ ਰਿਸ਼ਤਿਆਂ ਦੀ ਚੜ੍ਹਤ ਨੂੰ ਵਧਾਉਂਦੇ ਹਨ ਅਤੇ ਕਿਸਾਨ ਸਰਮਾਏਦਾਰ ਜਮਾਤ ਦੀ ਸਰਦਾਰੀ ਨੂੰ ਪੇਂਡੂ ਸਮਾਜ ਤੇ ਖੇਤੀ ਅਰਥਚਾਰੇ 'ਚ ਮਜ਼ਬੂਤ ਕਰਦੇ ਹਨ।" ਪਰ ਡਾ: ਆਜ਼ਾਦ ਆਪ (ਜਿਵੇਂ ਪਹਿਲਾਂ ਜ਼ਿਕਰ ਆ ਚੁੱਕਾ ਹੈ) "ਅਗਾਂਹ ਵਧੂ ਸਿਆਸੀ ਪੈਂਤੜੇ ਤੋਂ ਗ਼ਰੀਬ ਕਿਸਾਨੀ ਨੂੰ ਜ਼ਮੀਨ ਦੇ ਮਸਲੇ ਤੇ ਸਰਮਾਏਦਾਰ ਕਿਸਾਨੀ ਵਿਰੁੱਧ ਸੰਗਠਤ ਕੀਤਾ ਜਾਵੇ" ਦਾ ਹੋਕਾ ਦਿੰਦੇ ਹਨ। ਇਹ ਖਹਿ ਵੀ ਕਿਰਤ ਤੇ ਸਰਮਾਏ ਦੀ ਨਹੀਂ—ਬਾਕੀ ਪੈਂਤੜਿਆਂ ਦੀ ਖਹਿ ਹੈ ਜੋ ਉਨ੍ਹਾਂ ਅਨੁਸਾਰ "ਕਿਸਾਨ ਸਰਮਾਏਦਾਰ ਜਮਾਤ ਦੀ ਸਰਦਾਰੀ ਨੂੰ ਪੇਂਡੂ ਸਮਾਜ ਤੇ ਖੇਤੀ ਅਰਥਚਾਰੇ 'ਚ ਮਜ਼ਬੂਤ ਕਰਦੇ ਹਨ। ਸੋ ਸਪਸ਼ਟ ਹੈ ਕਿ ਇਕੱਲੀ ਗਰੀਬ ਕਿਸਾਨੀ ਨੂੰ ਜ਼ਮੀਨ ਦੇ ਮਸਲੇ ਤੇ ਸਰਮਾਏਦਾਰ ਕਿਸਾਨੀ ਵਿਰੁੱਧ ਜਥੇਬੰਦ ਨਹੀਂ ਕੀਤਾ ਜਾ ਸਕਦਾ ਹੈ।

ਡਾ. ਆਜ਼ਾਦ ਨੂੰ ਆਖਣਾ ਚਾਹਾਂਗਾ ਕਿ ਪੰਜਾਬ ਦੇ ਪੇਂਡੂ ਸਮਾਜ ਵਿਚ ਜਮਾਤਾਂ ਦੀ ਵੰਡ ਨੂੰ ਜਾਣ ਕੇ ਅਤੇ ਅਗਾਂਹਵਧੂ ਸਿਆਸੀ ਪੈਂਤੜੇ ਤੋਂ (ਕਿਰਤ ਤੇ ਸਰਮਾਏ ਦੀ ਟੱਕਰ) ਦੇ ਘੋਲ ਨੂੰ ਮਜ਼ਬੂਤ ਕਰਨਾ ਹੋਵੇਗਾ। ਬਾਕੀ ਪੈਂਤੜਿਆਂ ਦੀ ਖਹਿ ਨੂੰ ਵੀ ਇਸ ਢੰਗ ਨਾਲ ਤਿੱਖਾ ਕਰਨਾ ਹੋਵੇਗਾ ਕਿ ਇਹ ਜਮਾਤੀ ਸੰਘਰਸ਼ ਸਮਾਜਕ ਵਿਕਾਸ ਅਤੇ ਪੈਦਾਵਾਰੀ ਰਿਸ਼ਤਿਆਂ ਨੂੰ ਲੋਕ ਪੱਖੀ ਕਰਨ 'ਚ ਸਹਾਇਕ ਹੋਣ। ਇਹ ਉਜਰਤੀ ਮਜ਼ਦੂਰ, ਖੇਤ ਮਜ਼ਦੂਰ, ਪੇਂਡੂ ਪ੍ਰੋਲਤਾਰੀ



ਦੀਆਂ ਲੋੜਾਂ/ਮੰਗਾਂ ਦੇ ਪੈਂਤੜੇ ਤੋਂ ਕਿਸਾਨੀ ਦੇ (ਥੋੜਾ, ਦਰਮਿਆਨ ਤੇ ਸਰਮਾਏਦਾਰ) ਵਰਗ ਬਣਨਗੇ।

ਡਾ. ਆਜ਼ਾਦ ਲਿਖਦੇ ਹਨ ਕਿ "ਆਰਥਕ-ਸਮਾਜਕ ਲੋੜਾਂ/ਮੰਗਾਂ ਦੇ ਪੱਖੋਂ ਪੇਂਡੂ ਪ੍ਰੋਲਤਾਰੀ ਜਮਾਤ ਕਿਸਾਨੀ ਦੀਆਂ ਸਭ ਜਮਾਤਾਂ ਖਾਸ ਕਰਕੇ ਸਰਮਾਏਦਾਰ ਦੇ ਵਿਰੋਧ ਵਿਚ ਖੜੀ ਹੈ।" ਡਾ. ਆਜ਼ਾਦ ਦਾ 'ਖਾਸ ਕਰਕੇ ਸਰਮਾਏਦਾਰ ਕਿਸਾਨੀ' ਦੇ ਵਿਰੋਧ 'ਚ ਖੜੀ ਹੈ ਆਖਣਾ ਤਾਂ ਠੀਕ ਹੈ ਪਰ ਇਹ (ਪੇਂਡੂ ਪ੍ਰੋਲਤਾਰੀ) ਕਿਸਾਨੀ ਦੀਆਂ ਸਭ ਜਮਾਤਾਂ ਦੇ ਵਿਰੋਧ ਵਿਚ ਨਹੀਂ ਖੜੀ ਕਿਉਂਕਿ ਪੰਜਾਬ ਵਿਚ ਐਸੇ ਜ਼ਮੀਨ ਮਾਲਕ ਵੀ ਹਨ ਜਿਨਾਂ ਕੋਲ ਜ਼ਮੀਨ ਇੰਨੀ ਘੱਟ ਹੈ ਕਿ ਉਸ ਤੋਂ ਪ੍ਰੀਵਾਰ ਦੀ ਰੋਟੀ ਨਹੀਂ ਤੁਰਦੀ ਉਹ ਆਪਣੀ ਰੋਟੀ ਲਈ, ਆਪਣੀ ਜ਼ਮੀਨ ਤੋਂ ਬਾਹਰ ਭਾੜੇ ਦੀ ਕਿਰਤ ਕਰਦੇ ਹਨ। ਸੋ ਐਸੇ ਅਰਧ ਪ੍ਰੋਲਤਾਰੀ ਬਣੇ ਕਿਸਾਨ ਨੂੰ ਉਜਰਤੀ ਮਜ਼ਦੂਰ ਦੇ ਅਮਲੀ ਉਜਰਤ ਵਿਚ ਵਾਧੇ ਦੇ ਘੋਲ ਤੋਂ ਲਾਭ ਹੋਵੇਗਾ। ਸੋ ਐਸੇ ਕਿਸਾਨ ਪੇਂਡੂ ਪ੍ਰੋਲਤਾਰੀ ਜਮਾਤ ਦੇ ਵਿਰੋਧ ਵਿਚ ਨਹੀਂ ਖੜ੍ਹ ਸਕਦੇ ਹਨ।

ਦੂਜੇ ਨੰਬਰ ਤੇ ਕਿਸਾਨੀ ਦਾ ਇਕ ਐਸਾ ਭਾਗ ਹੈ ਜੋ ਆਪਣੇ ਛੋਟੇ ਜ਼ਮੀਨ ਟੁਕੜੇ ਤੇ ਪ੍ਰੀਵਾਰ ਦੀ ਮੇਹਨਤ ਨਾਲ ਕਮਾਈ ਆਮਦਨ ਤੇ ਨਿਰਭਰ ਕਰਦਾ ਹੈ ਇਨ੍ਹਾਂ ਪਾਸ ਉਜਰਤੀ ਮਜ਼ਦੂਰ ਰਖਣ ਦੀ ਗੁੰਜਾਇਸ਼ ਨਹੀਂ। ਵੱਡੇ ਕਿਸਾਨਾਂ ਨਾਲ ਮੁਕਾਬਲਤਨ ਵਧ ਖਰਚ ਵਾਲੀ ਖੇਤੀ ਹੈ। ਨਵੀਨਤਮ ਸੰਦ ਸਾਧਨ ਨਹੀਂ ਹੁੰਦੇ ਤਾਂ ਵੀਹੜੀ (ਟੋਡੀ ਦਿਹਾੜੀ ਟਰੈਕਟਰ ਮਾਲਕ ਨਾਲ ਰੂੜੀ ਪਵਾ ਦਿੱਤੀ ਅਤੇ ਉਸ ਬਦਲੇ ਜ਼ਮੀਨ ਵਹਾ ਲਈ ਆਦਿ) ਕਰਦੇ ਹਨ। ਸੋ ਕਿਉਂਕਿ ਛੋਟਾ ਕਿਸਾਨ ਆਪਣੀ ਥੋੜੀ ਜ਼ਮੀਨ ਤੇ ਕੋਈ ਭਾੜੇ ਦਾ ਕਿਰਤੀ ਨਹੀਂ ਰਖਦਾ ਅਤੇ ਆਪਣੇ ਪ੍ਰੀਵਾਰ ਦੀ ਮੇਹਨਤ ਨਾਲ ਕੰਮ ਚਲਾਉਂਦਾ ਹੈ, ਇਸ ਲਈ ਛੋਟਾ ਕਿਸਾਨ ਪੇਂਡੂ ਪ੍ਰੋਲਤਾਰੀ ਜਮਾਤ ਦਾ ਕੁਦਰਤੀ ਵਿਰੋਧੀ ਨਹੀਂ।

ਪੰਜਾਬ ਦੇ ਪੇਂਡੂ ਸਮਾਜ ਦੀ ਇਹ ਖੇਤ ਪ੍ਰੋਲਤਾਰੀ, ਅਰਧ ਪ੍ਰੋਲਤਾਰੀ (ਬੌਣੇ ਕਿਸਾਨ) ਅਤੇ ਛੋਟੇ ਕਿਸਾਨ ਗਰੀਬ ਵਸੋਂ ਹੈ। ਅਗਰ ਅਗਾਂਹ ਵਧੂ ਸਿਆਸੀ ਪੈਂਤੜੇ ਤੋਂ ਘੋਲ ਹੋਵੇ ਤਾਂ ਇਹ ਪੰਜਾਬ ਦੇ ਪੇਂਡ ਸਮਾਜ ਦੀਆਂ ਕੁਦਰਤੀ ਮਿੱਤਰ ਜਮਾਤਾਂ ਹਨ।

ਪੰਜਾਬ ਦੇ ਕਿਸਾਨਾਂ ਦਾ ਇਕ ਐਸਾ ਵਰਗ ਹੈ ਜੋ ਆਪਣੀ ਜ਼ਮੀਨ ਤੇ ਆਪਣੇ ਪ੍ਰੀਵਾਰ ਦੀ ਮੇਹਨਤ ਸ਼ਕਤੀ ਵਰਤਣ ਦੇ ਨਾਲ 2 ਭਾੜੇ ਦੀ ਕਿਰਤ ਵੀ ਖਰੀਦਦਾ ਹੈ। ਇਸ ਪਾਸ ਜ਼ਮੀਨ ਇੰਨੀ ਜ਼ਿਆਦਾ ਵੀ ਨਹੀਂ ਹੁੰਦੀ ਕੇ ਕੇਵਲ ਭਾੜੇ ਦੀ ਕਿਰਤ ਨਾਲ ਆਮਦਨ ਤੋਂ ਪ੍ਰੀਵਾਰ ਦਾ ਖਰਚ ਤੋਰ ਸਕੇ ਸੋ ਇਸ ਦੇ ਪ੍ਰੀਵਾਰ ਦੇ ਮੈਂਬਰ ਆਪ ਕੰਮ ਕਰਦੇ ਹਨ। ਫਸਲ ਦੀ ਬੀਜਾਈ, ਕਟਾਈ ਵੇਲੇ ਵਧ ਮਜ਼ਦੂਰ ਵਰਤਦਾ ਹੈ ਬਾਕੀ ਸਮੇਂ ਵਿਚ ਪ੍ਰੀਵਾਰ ਦੀ ਕਿਰਤ ਤੋਂ ਘੱਟ ਵਰਤਦਾ ਹੈ। ਇਹ ਦਰਮਿਆਨਾ ਕਿਸਾਨ ਜੋ ਆਪ ਭਾੜੇ ਦੀ ਕਿਰਤ ਵਰਤਦਾ ਹੈ ਅਤੇ ਪ੍ਰਵਾਰ ਦੀ ਮੇਹਨਤ ਵੀ ਕਰਦਾ ਹੈ ਉਜਰਤੀ ਮਜ਼ਦੂਰਾਂ, ਪੇਂਡੂ ਪ੍ਰੋਲਤਾਰੀਆਂ ਦੇ ਅਸਲੀ ਉਜ਼ਰਤ ਵਿਚ ਵਾਧੇ ਦੇ ਘੋਲ ਦਾ ਵਿਰੋਧੀ ਹੈ। ਕਿਉਂਕਿ ਇਹ ਆਪ ਕੰਮ ਕਰਦਾ ਹੈ, ਫਸਲ ਦੀ ਕਟਾਈ, ਨਵੀਂ ਬਿਜਾਈ ਵੇਲੇ ਵਧ ਮਜ਼ਦੂਰ ਰਖਦਾ ਹੈ। ਉਦੋਂ ਮਜ਼ਦੂਰੀ ਆਮ ਨਾਲੋਂ ਜਿਆਦਾ ਹੁੰਦੀ ਹੈ। ਇਸ ਲਈ ਇਹ ਵਿਰੋਧੀ ਜ਼ਰੂਰ ਹੈ ਪਰ ਪੇਂਡੂ ਪ੍ਰੋਲਤਾਰੀ ਦੀ ਲਹਿਰ ਬਣ ਜਾਣ ਤੇ ਕੱਟੜ ਵਿਰੋਧੀ ਨਹੀਂ ਰਹੇਗਾ। ਇਹ ਜਿੰਨਾਂ ਪੇਂਡੂ ਪ੍ਰੋਲਤਾਰੀ ਦੀ ਮੰਗ ਦਾ ਵਿਰੋਧੀ ਹੁੰਦਾ ਹੈ ਉਨਾਂ ਇਸ ਦਾ ਸਰਮਾਏਦਾਰ ਕਿਸਾਨ ਜੋ ਸਰਕਾਰ ਵਲੋਂ ਕਿਸਾਨੀ ਨੂੰ ਮਿਲਦੀਆਂ ਸਹੂਲਤਾਂ

(ਸੰਦ-ਸਾਧਨ) ਇਸ ਦੇ ਹਿੱਸੇ ਨਹੀਂ ਆਉਣ ਦਿੰਦੇ, ਉਨ੍ਹਾਂ ਤੋਂ ਵੀ ਦੁਖੀ ਹੁੰਦਾ ਹੈ ।

ਉਪਰਲਾ ਕਿਸਾਨ, ਵੱਡਾ ਕਿਸਾਨ ਸਰਮਾਏਦਾਰ ਕਿਸਾਨ ਪੇਂਡੂ ਪ੍ਰੋਲਤਾਰੀ ਦਾ ਕੁਦਰਤੀ ਵਿਰੋਧ ਹੈ । ਸਰਮਾਏਦਾਰ ਕਿਸਾਨ ਹੈ ਜੋ ਪੰਜਾਬ ਵਿਚ ਗਰੀਬ ਕਿਸਾਨ ਦੀ ਜ਼ਮੀਨ ਮਾਲਕੀ ਤੋਂ ਬਿਨਾ ਲਗਾਨ ਤੇ ਆਪਣੀ ਵਾਹੀ ਹੇਠ ਲੈ ਰਿਹਾ ਹੈ । ਪੰਜਾਬ ਵਿਚ ਗਰੀਬ ਕਿਸਾਨ (ਬੌਣੇ, ਛੋਟੇ ਤੇ ਦਰਮਿਆਨੀ) ਨੂੰ ਸਰਮਾਏਦਾਰ ਕਿਸਾਨ ਨਾਲੋਂ ਵਖ ਜਥੇਬੰਦ ਕਰਨਾ ਅਤੇ ਇਸ ਦਾ ਪੇਂਡੂ ਪ੍ਰੋਲਤਾਰੀ ਦੇ ਘੋਲ ਨਾਲ ਵਿਰੋਧ ਨਾ ਬਣਨ ਦੇਣਾ, ਮੁੱਖ ਲੋੜ ਹੈ । ਇਹ ਅਜੋਕੇ ਪੰਜਾਬ ਦੇ ਸਮਾਜਕ ਵਿਕਾਸ ਨੂੰ ਲੋਕ-ਪੱਖੀ ਕਰੇਗੀ ।

---

## ਸੇਧ ਦੀ ਮਾਲਕੀ ਅਤੇ ਹੋਰ ਗੱਲਾਂ ਬਾਰੇ ਵੇਰਵਾ


ਫ਼ਾਰਮ 4 (ਵੇਖੋ ਨੇਮ 8)

| | | |
|---|---|---|
| 1. | ਪ੍ਰਕਾਸ਼ਨ ਦਾ ਸਥਾਨ | : 140, ਸੇਵਕ ਕਾਲੋਨੀ, ਸੰਤ ਨਗਰ, ਪਟਿਆਲਾ । |
| 2. | ਪ੍ਰਕਾਸ਼ਨ ਕਾਲ | : ਮਾਸਕ |
| 3. | ਪ੍ਰਿੰਟਰ ਅਤੇ ਪ੍ਰਕਾਸ਼ਕ ਦਾ ਨਾਂ | : ਲੱਖਾ ਸਿੰਘ ਤੂਰ |
| | ਕੌਮੀਅਤ | : ਭਾਰਤੀ |
| | ਪਤਾ | : 140, ਸੇਵਕ ਕਾਲੋਨੀ, ਸੰਤ ਨਗਰ, ਪਟਿਆਲਾ । |
| 4. | ਸੰਪਾਦਕ | : ਗੁਰਵੇਲ ਪੰਨੂ, ਏ-42, ਡਿਫੈਂਸ ਕਾਲੋਨੀ, ਨਵੀਂ ਦਿੱਲੀ-24 । |
| 5. | ਰਸਾਲੇ ਦੇ ਮਾਲਕ ਵਿਅਕਤੀਆਂ ਅਤੇ ਕੁਲ ਪੂੰਜੀ ਦੇ ਇਕ ਫ਼ੀ ਸਦੀ ਤੋਂ ਵੱਧ ਹਿੱਸੇ ਵਾਲੇ ਹਿੱਸੇਦਾਰਾਂ ਜਾਂ ਭਾਈਵਾਲਾਂ ਦੇ ਨਾਂ ਅਤੇ ਪਤੇ | : ਰ. ਸ. ਰਵੀ, ਈ-103, ਰਾਜਪੁਰਾ ਕਾਲੋਨੀ, ਪਟਿਆਲਾ । |

ਮੈਂ ਲੱਖਾ ਸਿੰਘ ਤੂਰ, ਇਹ ਐਲਾਨ ਕਰਦਾ ਹਾਂ ਕਿ ਉੱਤੇ ਦਿੱਤਾ ਗਿਆ ਵੇਰਵਾ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਠੀਕ ਹੈ ।

ਪ੍ਰਕਾਸ਼ਕ ਦੇ ਦਸਤਖਤ

ਮਿਤੀ : 28-2-1983 (ਸਹੀ) ਲੱਖਾ ਸਿੰਘ




---

## ਪੰਜਾਬ ਵਿਚ ਆਰਥਕ ਵਿਕਾਸ ਅਤੇ ਸਭਿਆਚਾਰਕ ਤਬਦੀਲੀ—2

ਡਾ. ਰਵਿੰਦਰ ਸਿੰਘ ਰਵੀ

(ਲੜੀ ਜੋੜਨ ਲਈ ਵੇਖੋ 'ਸੇਧ', ਫਰਵਰੀ, 1983, ਪੰਨਾ 67-74)

---

ਪੰਜਾਬ ਦੀ ਅਜੋਕੀ ਸਭਿਆਚਾਰਕ ਸਥਿਤੀ ਅਤੇ ਸੰਕਟ ਦੇ ਸਹੀ ਅਧਿਐਨ ਲਈ ਅਗਲਾ ਮਹੱਤ੍ਵਪੂਰਣ ਨੁਕਤਾ 1947 ਦੀ ਵੰਡ ਕਾਰਣ ਪੈਦਾ ਹੋਏ ਨਵੇਂ ਭੂਗੋਲਕ, ਰਾਜਨੀਤਕ ਅਤੇ ਭਾਸ਼ਾਈ ਹਾਲਾਤ ਦੇ, ਪੰਜਾਬ ਦੀ ਸਮੁੱਚੀ ਹੋਂਦ ਤੇ ਪਏ ਬਹੁਤ ਡੂੰਘੇ, ਜਟਿਲ ਅਤੇ ਬੁਨਿਆਦੀ ਪ੍ਰਭਾਵਾਂ ਦੇ ਸੁਭਾ ਨੂੰ ਸਮਝਣਾ ਹੈ । ਅਜਿਹੇ ਮਹੱਤ੍ਵਪੂਰਣ ਪਰਿਵਰਤਨਾਂ ਅਤੇ ਉਨ੍ਹਾਂ ਦੇ ਪ੍ਰਭਾਵਾਂ ਦੇ ਮੂਲ ਸੁਭਾ ਨੂੰ ਨਿਸ਼ਚਿਤ ਕਰਨ ਵਿਚ ਜਿਸ ਨੁਕਤੇ ਨੇ ਫ਼ੈਸਲਾਕੁਨ ਭੂਮਿਕਾ ਨਿਭਾਈ ਹੈ, ਉਸ ਨੂੰ ਗ੍ਰਹਿਣ ਕਰਨ ਲਈ **ਪੰਜਾਬ ਵਿਚ ਸਾਮੰਤਵ ਦੀ ਆਰਥਕ-ਸਮਾਜਕ ਵਿਵਸਥਾ ਤੋਂ ਪੂੰਜੀਵਾਦੀ ਆਰਥਕ-ਸਮਾਜਕ ਬਣਤਰ ਵਲ ਦੇ ਵਿਕਾਸ ਦਾ ਅਮਲ ਅਤੇ ਇਸ ਅਮਲ ਉੱਤੇ ਸਾਡੇ ਚਲੇ ਆ ਰਹੇ ਭਾਰਤੀ-ਬ੍ਰਾਹਮਣਕ ਸਭਿਆਚਾਰ ਦੇ ਡੂੰਘੇ ਪ੍ਰਭਾਵ, ਉਸ ਦੇ ਦਖ਼ਲ ਜਾਂ ਉਸ ਰਾਹੀਂ ਅਦਾ ਕੀਤੇ ਗਏ ਰੋਲ ਦੀ ਡਾਇਲੇਕਟਿਸ ਨੂੰ** ਜ਼ਰਾ ਵਿਸਤਾਰ ਵਿਚ ਜਾਣਨਾ ਬਹੁਤ ਜ਼ਿਆਦਾ ਜ਼ਰੂਰੀ ਹੈ ।

ਕਿਸੇ ਸਮਾਜ ਦੇ ਸਾਮੰਤਵਾਦੀ ਦੌਰ ਦਾ ਸਮੁੱਚਾ ਸਰਮਾਇਆ ਮੁੱਖ ਤੌਰ ਤੇ ਵਪਾਰੀ ਵਰਗ ਦੇ ਹੱਥਾਂ ਵਿਚ ਇਕਤ੍ਰਿਤ ਹੋਇਆ ਹੁੰਦਾ ਹੈ । ਸਰਮਾਏ ਨੂੰ ਅੱਗੇ ਹੋਰ ਖੇਤਰਾਂ ਵਿਚ ਲਾਉਣ ਦੀ ਪਹਿਲ, ਸੂਝ, ਗਿਆਨ, ਢੰਗ ਅਤੇ ਸਮਰਥਾ ਵੀ ਬਹੁਤਾ ਕਰਕੇ ਇਸੇ ਵਰਗ ਕੋਲ ਹੁੰਦੀ ਹੈ । ਇਸ ਨੇ ਹੀ ਲਗਾਤਾਰ ਮੁਨਾਫ਼ਾ ਵਧਾਉਣ ਲਈ ਸਰਮਾਏ ਨੂੰ ਚੱਕਰ ਵਿਚ ਰੱਖਣਾ ਹੁੰਦਾ ਹੈ । ਇਸੇ ਲਈ ਕਿਸੇ ਇਕ ਦੇਸ਼ ਜਾਂ ਕਿਸੇ ਇਕ ਸੂਬੇ ਦੀ ਸਾਮੰਤਵਾਦੀ ਆਰਥਕ-ਸਮਾਜਕ ਬਣਤਰ ਦੇ ਪੂੰਜੀਵਾਦੀ ਆਰਥਕ-ਸਮਾਜਕ ਬਣਤਰ ਵਿਚ ਤਬਦੀਲ ਹੋਣ ਦੇ ਜਾਣੇ-ਪਛਾਣੇ ਅਤੇ ਪ੍ਰਮਾਣਕ ਮਾਰਕਸਵਾਦੀ ਮਾਡਲ ਅਨੁਸਾਰ ਵਪਾਰੀ ਵਰਗ ਹੀ ਸੱਨਅਤ ਵਿਚ ਧੜਾਧੜ ਪੂੰਜੀ ਲਾ ਕੇ ਪੂੰਜੀਵਾਦੀ ਅਰਥ-ਵਿਵਸਥਾ ਨੂੰ ਉਸਾਰਦਾ ਅਤੇ ਬੁਰਜੁਆ ਸਮਾਜਕ ਬਣਤਰ ਨੂੰ ਸਥਾਪਤ ਕਰਨ ਦਾ ਇਤਿਹਾਸਕ ਰੋਲ ਅਦਾ ਕਰਦਾ ਹੈ । ਆਰਥਕ ਅਤੇ ਸਮਾਜਕ ਵਰਤਾਰੇ ਦੇ ਹਰ ਖੇਤਰ ਵਿਚ ਸਾਮੰਤਵਾਦੀ ਬਣਤਰ, ਕੀਮਤਾਂ, ਬੰਧਨਾਂ ਆਦਿ ਨੂੰ ਤੋੜਦੀ ਹੋਈ ਇਹ ਜਮਾਤ ਹੀ ਬਿਨਸ ਰਹੀ

ਸਾਮੰਤਵਾਦੀ ਵਿਵਸਥਾ ਦੇ ਮੁਕਾਬਲੇ ਵਿਚ ਇਤਿਹਾਸਕ ਪੱਖੋਂ ਉਸਾਰੂ ਰੋਲ ਅਦਾ ਕਰਦੀ ਹੈ । ਹਰ ਖਿੱਤੇ ਜਾਂ ਕਿਸੇ ਇਕ ਸਮੁੱਚੇ ਦੇਸ਼ ਦੀ ਇਹ ਉਠਦੀ ਬੁਰਜੁਆਜ਼ੀ ਸਥਾਨਕ ਭਾਸ਼ਾ, ਸਭਿਆਚਾਰ, ਸਾਹਿਤ ਅਰਥਾਤ ਪਰਉਸਾਰ ਦੇ ਹਰ ਖੇਤਰ ਨੂੰ ਅਪਣਾਉਂਦੀ ਹੋਈ ਆਪਣੇ ਜਮਾਤੀ ਹਿਤਾਂ ਦੀਆਂ ਇਤਿਹਾਸਕ ਲੋੜਾਂ ਅਨੁਸਾਰ ਉਨ੍ਹਾਂ ਨੂੰ ਉਸਾਰਦੀ ਅਤੇ ਢਾਲਦੀ ਹੈ । ਆਪਣੀ ਆਰਥਕ ਚੜ੍ਹਤ ਦੇ ਨਾਲ-ਨਾਲ ਉਹ ਪਰਉਸਾਰ ਦੇ ਸਾਰੇ ਖੇਤਰਾਂ ਨੂੰ ਆਪਣੇ ਪੈਂਤੜੇ ਤੋਂ ਵਿਕਸਿਤ ਕਰਦੀ ਅਤੇ ਉਸ ਨੂੰ ਆਪਣੀ ਜਮਾਤੀ ਰੰਗਤ ਦਿੰਦੀ ਤੁਰੀ ਜਾਂਦੀ ਹੈ । ਮਾਰਕਸ ਦੇ ਸ਼ਬਦਾਂ ਵਿਚ ਇਹ ਬੁਰਜੁਆ ਜਮਾਤ ਆਪਣੇ ਹੀ ਪ੍ਰਤਿਬਿੰਬ ਦੇ ਇਕ ਅਸਲੋਂ ਨਵੇਂ ਸੰਸਾਰ ਦੀ ਉਸਾਰੀ ਕਰਦੀ ਹੈ (**In one word, it creates a world after its own image. Manifesto of the Communist Party, p. 53**) । ਬੁਰਜੁਆ ਹੋ ਰਹੇ ਜਮਾਤੀ ਸਮਾਜ ਵਿਚ ਆਪਣੀ ਅਜਿਹੀ ਸੁਤੰਤਰ ਹਸਤੀ ਨੂੰ ਕਾਇਮ ਕਰਨ ਲਈ ਭਾਰੂ ਬੁਰਜੁਆ ਜਮਾਤ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਖੇਤਰਾਂ ਵਿਚਲੇ ਆਪਣੇ ਜਮਾਤੀ ਹਿਤਾਂ ਅਤੇ ਆਪਣੀ ਜਮਾਤੀ ਸਰਦਾਰੀ ਨੂੰ ਕਾਇਮ ਕਰਨ ਲਈ ਦੇਸ਼ ਜਾਂ ਸੂਬੇ ਦੇ ਪੱਧਰ ਉਤੇ ਸਬੰਧਤ ਕੌਮੀਅਤ ਨੂੰ ਅਪਣਾਉਂਦੀ ਅਤੇ ਉਸਾਰਦੀ ਹੈ । ਆਪਣੇ ਵਪਾਰਕ, ਆਰਥਕ ਹਿਤਾਂ ਨੂੰ ਸੁਰੱਖਿਅਤ ਕਰਨ ਲਈ ਉਹ ਸਥਾਨਕ ਮੰਡੀ ਉਸਾਰਦੀ ਹੈ ਅਤੇ ਸੂਬਾਈ ਹਾਲਤ ਵਿਚ ਕੇਂਦਰ ਦੇ ਵਿਰੋਧ ਵਿਚ ਅਤੇ ਕੇਂਦਰ ਹੋਣ ਦੀ ਹੈਸੀਅਤ ਵਿਚ ਸੰਸਾਰ ਬਰਜੁਆਜ਼ੀ ਦੇ ਵਿਰੋਧ ਵਿਚ ਆਪਣੇ ਪੈਰਾਂ ਉੱਤੇ ਖੜ੍ਹਣ ਦਾ ਯਤਨ ਕਰਦੀ ਹੈ ਤਾਂ ਜੋ ਉਹ ਆਪਣੀ ਅੱਡਰੀ ਅਤੇ ਆਜ਼ਾਦ ਹਸਤੀ ਕਾਇਮ ਕਰ ਸਕੇ । ਇਨ੍ਹਾਂ ਯਤਨਾਂ ਰਾਹੀਂ ਇਹ ਜਮਾਤ ਸਥਾਨਕ ਪੱਧਰ ਉੱਤੇ ਆਪਣੇ ਪ੍ਰਤਿਬਿੰਬ ਦੇ ਸੰਸਾਰ ਦੀ ਉਸਾਰੀ ਕਰਨ ਲਈ ਸਥਾਨਕ ਰਾਜਨੀਤੀ, ਸਭਿਆਚਾਰ, ਭਾਸ਼ਾ ਅਤੇ ਖਿੱਤੇ ਨੂੰ ਇਕ ਕੌਮੀਅਤ ਦੇ ਰੂਪ ਵਿਚ ਅਪਣਾਉਂਦੀ ਹੈ । ਸੰਖੇਪ ਤੌਰ ਤੇ ਇਕ ਜਮਾਤੀ ਸਮਾਜ ਵਿਚ ਸਾਮੰਤਵਾਦੀ ਆਰਥਕ-ਸਮਾਜਕ ਬਣਤਰ ਤੋਂ ਬੁਰਜੁਆ ਆਰਥਕ-ਸਮਾਜਕ ਬਣਤਰ ਵਲ ਦੀ ਤਬਦੀਲੀ ਬੁਰਜੁਆ ਹੋ ਰਹੀ ਵਪਾਰੀ ਜਮਾਤ ਦੇ ਹੱਥ ਵਿਚ ਹੁੰਦੀ ਹੈ ਅਤੇ ਇਹ ਜਮਾਤ ਆਮ ਤੌਰ ਤੇ ਆਪਣੀ ਵੱਖਰੀ ਅਤੇ ਸੁਤੰਤਰ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਹੋਂਦ ਨੂੰ ਸਬੰਧਤ ਕੌਮੀਅਤ ਦੇ ਰੂਪ ਵਿਚ ਸਥਾਪਤ ਕਰਦੀ ਹੈ ।

ਪਰੰਤੂ ਪੰਜਾਬ ਵਿਚ ਸਮੁੱਚੇ ਭਾਰਤ ਵਾਂਗ ਹੀ ਸਾਮੰਤਵਾਦੀ ਆਰਥਕ-ਸਮਾਜਕ ਬਣਤਰ ਤੋਂ ਬੁਰਜੁਆ ਆਰਥਕ-ਸਮਾਜਕ ਬਣਤਰ ਦਾ ਉਪਰੋਕਤ ਅਮਲ ਇੰਨੇ ਸਰਲ, ਇਕਹਿਰੇ ਅਤੇ ਜਾਣੇ-ਪਛਾਣੇ ਮਾਡਲ ਅਨੁਸਾਰ ਨਹੀਂ ਵਾਪਰਿਆ । ਜੇ ਇਤਿਹਾਸਕ ਵਿਕਾਸ ਦੇ ਉਪਰੋਕਤ ਅਮਲ ਨੂੰ ਸਾਹਮਣੇ ਰਖਿਆ ਜਾਵੇ ਤਾਂ ਸ਼ਾਇਦ ਪੰਜਾਬ ਦੀ ਅਜੋਕੀ ਰਾਜਨੀਤਕ, ਆਰਥਕ ਅਤੇ ਸਭਿਆਚਾਰਕ ਸਥਿਤੀ ਅਤੇ ਸੰਕਟ ਦਾ ਸੁਭਾ ਮੂਲੋਂ ਵੱਖਰਾ ਹੋਣਾ ਸੀ । ਕਿਉਂਕਿ ਇਤਿਹਾਸਕ ਵੇਗ ਦੇ ਇਸ ਮਾਡਲ ਅਨੁਸਾਰ ਪੰਜਾਬ ਦੇ ਬੁਰਜੁਆ ਬਣ ਰਹੇ ਵਪਾਰੀ ਵਰਗ, ਜਿਹੜਾ ਮੁੱਖ ਰੂਪ ਵਿਚ ਹਿੰਦੂ ਸੀ, ਨੇ (1) ਆਪਣੇ ਆਰਥਕ ਹਿਤਾਂ ਦੀ ਰਾਖੀ ਅਤੇ ਵਿਕਾਸ ਲਈ ਸਥਾਨਕ ਮੰਡੀ ਉਸਾਰਨੀ ਸੀ, (2) ਇਸ ਮੰਤਵ ਲਈ ਉਸ ਨੇ ਆਪਣਾ ਸਰਮਾਇਆ ਸਨਅਤ ਅਤੇ ਉਸ ਵਿਚੋਂ ਪੈਦਾ ਹੋਏ ਸਰਮਾਏ ਨੂੰ ਮੁੜ ਸਥਾਨਕ ਲੋੜਾਂ ਅਨੁਸਾਰ ਸਥਾਨਕ ਮੰਡੀ ਵਿਚ ਲਾਉਣਾ ਸੀ (3) ਇਸੇ ਮਨੋਰਥ ਦੀ ਪੂਰਤੀ ਲਈ ਉਸ ਨੇ ਕੇਂਦਰੀ ਬੁਰਜੁਆਜ਼ੀ ਨਾਲ ਕਿਸੇ ਪੱਧਰ 'ਤੇ ਹਿਤਾਂ ਦੀ ਸਾਂਝ ਦੇ ਬਾਵਜੂਦ ਵੀ, ਉਸ ਦੇ ਵਿਰੋਧ ਵਿਚ ਖੜੇ ਹੋਣਾ ਸੀ ਅਤੇ ਉਸ



ਤੋਂ ਮੁਕਾਬਲਤਨ ਸੁਤੰਤਰ ਹੋਣ ਦਾ ਯਤਨ ਕਰਨਾ ਸੀ (4) ਆਪਣੀ ਸੁਤੰਤਰ ਅੱਡਰੀ ਹਸਤੀ ਕਾਇਮ ਕਰਨ ਲਈ ਉਸ ਨੇ ਸਥਾਨਕ ਸਭਿਆਚਾਰ, ਭਾਸ਼ਾ, ਭੂਗੋਲਕ ਖਿੱਤੇ ਨੂੰ ਵੱਧ ਤੋਂ ਵੱਧ ਅਪਨਾਉਣਾ ਅਤੇ ਚੰਡਣਾ ਸੀ (5) ਅਤੇ ਆਪਣੇ ਪ੍ਰਤਿਬਿੰਬ ਦੇ ਇਕ ਮੂਲੋਂ ਨਵੇਂ ਆਰਥਕ, ਸਮਾਜਕ, ਸਭਿਆਚਾਰਕ, ਭਾਸ਼ਾਈ ਸੰਸਾਰ ਦੀ ਉਸਾਰੀ ਕਰਨੀ ਸੀ ਅਤੇ (6) ਇਸ ਨਵੀਂ ਉਸਾਰੀ ਨੂੰ ਪੰਜਾਬੀ ਕੌਮੀਅਤ ਦਾ ਨਾਂ ਅਤੇ ਰੂਪ ਦੇ ਕੇ ਉਭਾਰਨਾ ਅਤੇ ਸਥਾਪਤ ਕਰਨਾ ਸੀ । ਪਰੰਤੂ ਅਜੋਕੀ ਸਥਿਤੀ ਤੋਂ ਸਾਫ਼ ਜ਼ਾਹਿਰ ਹੈ ਕਿ ਪੰਜਾਬ ਵਿਚ ਅਜਿਹਾ ਨਹੀਂ ਵਾਪਰਿਆ ।

ਅਜਿਹਾ ਨਾ ਵਾਪਰਣ ਦਾ ਬੁਨਿਆਦੀ ਅਤੇ ਇਤਿਹਾਸਕ ਮਹੱਤਾ ਰੱਖਣ ਵਾਲਾ ਕਾਰਣ ਇਹ ਸੀ ਕਿ ਪੰਜਾਬ ਵਿਚ ਸਮੁੱਚੇ ਭਾਰਤ ਵਾਂਗ ਸਾਡੀ ਆਰਥਕ ਬਣਤਰ ਉਤੇ ਸਭਿਆਚਾਰਕ ਬਣਤਰ ਫ਼ੈਸਲਾਕੁਨ ਰੂਪ ਵਿਚ ਹਮੇਸ਼ਾ ਭਾਰੂ ਰਹੀ ਅਤੇ ਅਜੋਕੇ ਦੌਰ ਤਕ ਉਵੇਂ ਹੀ ਚਲੀ ਆ ਰਹੀ ਹੈ । ਬੁਰਜੁਆ ਬਣ ਰਹੀ ਵਪਾਰਕ ਜਮਾਤ ਦਾ ਅਗਲੇਰਾ ਵਿਕਾਸ, ਕੇਵਲ ਆਰਥਕ ਆਧਾਰਾਂ ਉੱਤੇ ਹੋਣ ਦੇ ਉਲਟ, ਮਜ਼੍ਹਬੀ ਤਅੱਸੁਬ ਰਾਹੀਂ ਨਿਯੰਤ੍ਰਿਤ ਅਤੇ ਸੰਚਾਲਤ ਹੋਇਆ । ਆਰਥਕ ਆਧਾਰਾਂ ਵਾਲੇ ਵਰਗ ਅਗੋਂ ਮਜ਼ਬੀ ਦਾਇਰਿਆਂ ਵਿਚ ਵਿਕਸਿਤ ਹੋਏ । ਇਨ੍ਹਾਂ ਵਰਗਾਂ ਨੇ ਆਪਣੇ ਆਰਥਕ ਹਿਤਾਂ ਨੂੰ ਧਾਰਮਿਕ ਆਧਾਰਾਂ ਅਤੇ ਵਿਸ਼ਵਾਸਾਂ ਅਨੁਸਾਰ ਢਾਲਿਆ । ਆਰਥਕ ਪੰਜਾਬ ਵਿਚ ਵਿਕਸਿਤ ਹੋਈ ਬੁਰਜੁਆ ਜਮਾਤ, ਮੁੱਖ ਰੂਪ ਵਿਚ ਹਿੰਦੂ, ਆਰਥਕ ਬਣਤਰ ਵਲੋਂ ਬੁਰਜੁਆ ਹੋਣ ਦੇ ਨਾਲ-ਨਾਲ ਉਸ ਤੋਂ ਵੀ ਵੱਧ ਇਕ ਮਜ਼ਬੀ ਤਅੱਸੁਬ ਅਧੀਨ ਉੱਸਰੀ ।

ਪੰਜਾਬ ਵਿਚ ਬੁਰਜੁਆ ਬਣ ਰਿਹਾ ਸਾਰਾ ਵਪਾਰਕ ਵਰਗ ਮੁੱਖ ਰੂਪ ਵਿਚ ਹਿੰਦੂ ਸੀ । ਇਸ ਨੇ ਆਪਣੇ ਆਰਥਕ ਅਤੇ ਇਤਿਹਾਸਕ ਵਿਕਾਸ ਦੇ ਉਪਰੋਕਤ ਅਮਲ ਅਨੁਸਾਰ ਸਮੁੱਚੇ ਪੰਜਾਬ ਦੇ ਹਰ ਖੇਤਰ ਨੂੰ ਅਪਣਾਉਂਦਿਆਂ ਆਪਣੇ ਪ੍ਰਤਿਬਿੰਬ ਦਾ ਪੰਜਾਬ ਉਸਾਰਨਾ ਸੀ । ਇਸ ਜਮਾਤ ਨੇ ਉੱਪਰ ਦੱਸੇ ਛੇ ਮਹੱਤ੍ਵਪੂਰਣ ਪੜਾ ਤੈਅ ਕਰਦਿਆਂ ਪੰਜਾਬ ਦੇ ਆਰਥਕ ਅਤੇ ਸਭਿਆਚਾਰਕ ਵਿਕਾਸ ਵਿਚ ਆਪਣੀ ਇਤਿਹਾਸਕ ਭੂਮਿਕਾ ਨਿਭਾਉਣੀ ਸੀ । ਪਰੰਤੂ ਚਲੇ ਆ ਰਹੇ ਸਭਿਆਚਾਰਕ ਸੰਸਕਾਰਾਂ ਅਤੇ ਮਜ਼੍ਹਬੀ ਤਅੱਸੁਬ ਦੇ ਦਬਾ ਅਧੀਨ ਇਤਿਹਾਸਕ ਭੂਮਿਕਾ ਨਿਭਾਉਣ ਵਾਲੀ ਇਸ ਜਮਾਤ ਨੇ ਪੰਜਾਬ ਅਤੇ ਇਸ ਨਾਲ ਸਬੰਧਤ ਕਿਸੇ ਵੀ ਸਮੱਸਿਆ ਨੂੰ ਨਹੀਂ ਅਪਣਾਇਆ । ਪੰਜਾਬ ਦੇ ਸੁਤੰਤਰ ਆਰਥਕ ਵਿਕਾਸ ਅਤੇ ਸਥਾਨਕ ਮੰਡੀ ਦੀ ਉਸਾਰੀ, ਰਾਜਨੀਤਕ ਪੱਖੋਂ ਕੇਂਦਰ ਦੇ ਦਬਾਉ ਤੋਂ ਸੁਤੰਤ੍ਰ ਹੋਣ ਵਲ ਦੇ ਯਤਨ, ਭਾਸ਼ਾ ਅਤੇ ਸਭਿਆਚਾਰ ਦੇ ਆਧਾਰ 'ਤੇ ਪੰਜਾਬ ਦੀਆਂ ਪ੍ਰਾਦੇਸ਼ਕ ਹੱਦਾਂ ਨੂੰ ਨਿਸ਼ਚਿਤ ਕਰਵਾਉਣਾ, ਪੰਜਾਬ ਦੀ ਜ਼ਬਾਨ ਅਤੇ ਸਭਿਆਚਾਰ ਨੂੰ ਧਰਮ ਨਾਲੋਂ ਨਿਖੇੜ ਕੇ ਪੰਜਾਬੀ ਜ਼ਬਾਨ ਅਤੇ ਸਭਿਆਚਾਰ ਵਜੋਂ ਸਵੀਕਾਰ ਕਰਨਾ ਅਤੇ ਅੰਤਮ ਰੂਪ ਵਿਚ ਪੰਜਾਬੀ ਕੌਮੀਅਤ ਦੀ ਉਸਾਰੀ ਕਰਨ ਦੀ ਜ਼ਿੰਮੇਦਾਰੀ ਆਪਣੇ ਮੋਢਿਆਂ ਉੱਤੇ ਚੁੱਕਣ ਤੋਂ ਇਹ ਜਮਾਤ ਮੁੱਢ ਤੋਂ ਹੀ ਇਨਕਾਰੀ ਹੋਈ। ਪੰਜਾਬ ਵਿਚ ਬੁਰਜੁਆ ਹੋ ਰਿਹਾ ਸਿੱਖ ਵਪਾਰੀ ਵਰਗ ਵੀ ਇਸੇ ਜਮਾਤ ਦੇ ਅਧੀਨ ਹੋ ਕੇ ਵਗ ਤੁਰਿਆ । ਖੱਬੀ ਲਹਿਰ ਦੇ ਮੁਕਾਬਲਤਨ ਕਮਜ਼ੋਰ ਅਤੇ ਉਸ ਕੋਲ ਇਸ ਇਤਿਹਾਸਕ ਉਸਾਰੀ ਵਿਚ ਆਪਣੀ ਭੂਮਿਕਾ ਦੀ ਘੱਟ ਸੋਝੀ ਹੋਣ ਕਾਰਣ ਪੰਜਾਬ ਦੇ ਸਾਵੇਂ ਅਤੇ ਸਰਬਾਂਗੀ ਵਿਕਾਸ ਨੂੰ ਖੱਬੀਆਂ ਪਾਰਟੀਆਂ ਵੀ ਨਹੀਂ ਅਪਣਾ ਸਕੀਆਂ । ਕਿਉਂਕਿ ਉਭਰ ਰਹੀ ਬੁਰਜੁਆ ਜਮਾਤ ਦੀ ਉਪਰੋਕਤ ਜ਼ਿੰਮੇਦਾਰੀ ਨੂੰ ਨਾ ਨਿਭਾਏ ਜਾਣ ਦੀ ਸੂਰਤ ਵਿਚ ਦੂਜੇ ਨੰਬਰ ਤੇ ਇਹ ਫ਼ਰਜ਼ ਖੱਬੀ ਲਹਿਰ ਦਾ ਹੀ ਬਣਦਾ ਸੀ । ਤੀਜੇ ਪਾਸੇ ਸਿੱਖਾਂ ਦੇ ਜਿਸ ਵਰਗ ਨੇ ਇਸ ਇਤਿਹਾਸਕ

ਰੋਲ ਨੂੰ ਨਿਭਾਉਣ ਦਾ ਬੀੜਾ ਚੁੱਕਿਆ, ਉਹ ਮੱਲੋਮੱਲੀ ਆਪਣੀ ਸੌੜੀ ਸੂਝ ਅਧੀਨ ਸੰਪ੍ਰਦਾਇਕ ਰੂਪ ਵਿਚ ਹੀ ਸੀਮਤ ਹੋ ਕੇ ਰਹਿ ਗਿਆ ਅਤੇ ਉਸ ਨੇ ਇਸ ਸਮੁੱਚੀ ਸਮੱਸਿਆ ਨੂੰ ਪੰਜਾਬ ਦੀ ਥਾਂ ਕੇਵਲ ਇਕੋ ਫ਼ਿਰਕੇ ਦੀਆਂ ਸਮੱਸਿਆਵਾਂ ਦੇ ਰੂਪ ਵਿਚ ਗ੍ਰਹਿਣ ਕੀਤਾ ਅਤੇ ਉਭਾਰਿਆ। ਨਤੀਜੇ ਵਜੋਂ ਮੱਧਕਾਲ ਵਿਚ ਪੰਜਾਬ ਨੇ ਜਿਹੜੀ ਸੁਤੰਤਰ, ਪ੍ਰਾਦੇਸ਼ਕ, ਰਾਜਨੀਤਕ ਅਤੇ ਸਭਿਆਚਾਰਕ ਪਛਾਣ ਦੀ ਸਥਾਪਤੀ ਕੀਤੀ, ਆਧੁਨਿਕ ਯੁਗ ਵਿਚ ਉਸ ਦੇ ਅਗਲੇਰੇ ਵਿਕਾਸ ਦੀਆਂ ਸੰਭਾਵਨਾਵਾਂ ਇਕ ਆਰਥਕ ਬਣਤਰ (ਸਾਮੰਤਵਾਦੀ) ਤੋਂ ਦੂਸਰੀ ਨਵੀਂ ਅਤੇ ਵਿਕਸਤ ਆਰਥਕ ਬਣਤਰ (ਬੁਰਜੁਆ) ਵਿਚ ਦਾਖ਼ਲ ਹੋਣ ਸਮੇਂ ਆਰਥਕ ਜਮਾਤਾਂ ਦੇ ਨਾਲੋ ਨਾਲ ਧਾਰਮਿਕ ਵਲਗਣਾਂ ਵਿਚ ਵਿਕਸਿਤ ਅਤੇ ਸਥਾਪਤ ਹੋਣ ਕਾਰਣ ਵਿਗਠਤ ਅਤੇ ਦੋਫਾੜ (split) ਹੋ ਗਈਆਂ ਹਨ।

ਨਤੀਜੇ ਵਜੋਂ, ਅਜੋਕੇ ਦੌਰ ਵਿਚ ਪੰਜਾਬ ਦੇ ਹਰ ਖੇਤਰ ਦਾ ਵਿਕਾਸ ਦੋਫਾੜ ਸ਼ਖ਼ਸੀਅਤ (split personality) ਦੇ ਰੂਪ ਵਿਚ ਹੋਇਆ ਅਤੇ ਇਹੋ ਆਧੁਨਿਕ ਪੰਜਾਬ ਦੇ ਸਮੁੱਚੇ ਗੰਭੀਰ ਆਰਥਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਸੰਕਟਾਂ ਅਤੇ ਸਥਿਤੀਆਂ ਦਾ ਮੂਲ ਕਾਰਣ ਅਤੇ ਇਨ੍ਹਾਂ ਦੇ ਸਹੀ ਅਧਿਐਨ ਦਾ ਇਕੋ ਇਕ ਫ਼ੈਸਲਾਕੁਨ ਆਧਾਰ ਹੈ। ਭੂਗੋਲਕ, ਰਾਜਨੀਤਕ, ਆਰਥਕ ਅਤੇ ਭਾਸ਼ਾਈ ਸਥਿਤੀਆਂ ਵਿਚ ਬੁਨਿਆਦੀ ਤਬਦੀਲੀਆਂ ਦੇ ਨਾਲ ਨਾਲ ਉਪਰੋਕਤ ਪ੍ਰਸੰਗ ਵਿਚ ਹੀ ਸਮਕਾਲੀਨ ਦੌਰ ਦੇ ਪੰਜਾਬੀ ਸਭਿਆਚਾਰ ਦਾ ਪ੍ਰਗਟਾ ਆਰਥਕ, ਰਾਜਸੀ ਭਾਸ਼ਾਈ, ਧਾਰਮਕ, ਜਾਤਪਾਤੀ ਜਕੜ, ਪੁਰਾਣੇ ਵਿਰਸੇ ਪ੍ਰਤਿ ਪਹੁੰਚ, ਸੂਖਮ ਕਲਾਵਾਂ, ਮਨੁੱਖੀ ਰਿਸ਼ਤੇ ਆਦਿ ਮਾਧਿਅਮਾਂ ਰਾਹੀਂ ਆਮ ਲੋਕਾਂ ਦੇ ਹੁੰਗਾਰੇ ਵਜੋਂ ਜਿਵੇਂ ਅਤੇ ਜਿਹੋ ਜਿਹਾ ਹੋ ਰਿਹਾ ਹੈ, ਉਸ ਦੇ ਸੁਭਾ ਅਤੇ ਵਿਕਾਸ-ਰੁਖ਼ ਦਾ ਨਿਰਣਾ ਉਚਿਤ ਪ੍ਰਤੀਤ ਹੁੰਦਾ ਹੈ।

**ਆਰਥਕਤਾ ਅਤੇ ਇਸ ਪ੍ਰਤਿ ਹੁੰਗਾਰੇ ਦਾ ਸੁਭਾ :**—ਆਰਥਕ ਬਣਤਰ ਸਭਿਆਚਾਰਕ ਤਬਦੀਲੀ ਅਤੇ ਵਿਕਾਸ ਦਾ ਬੁਨਿਆਦੀ ਆਧਾਰ ਹੁੰਦੀ ਹੈ। ਪਰੰਤੂ ਆਰਥਕ ਬਣਤਰ ਦੀ ਸਾਂਝੜੀ ਦੇ ਨਾਲ ਇਹ ਜਾਣਨਾ ਆਵੱਸ਼ਕ ਹੁੰਦਾ ਹੈ ਕਿ ਪਰਉਸਾਰ ਦੀ ਪੱਧਰ ਤੇ ਆਰਥਕ ਬਣਤਰ ਵਿਚ ਲੋਕ-ਮਨ ਕਿੰਨਾ ਖੁਭਿਆ ਹੋਇਆ ਹੈ, ਉਸ ਤੋਂ ਕਿੰਨਾ ਅੱਗੇ ਜਾਂ ਕਿੰਨਾ ਪਿੱਛੇ ਹੈ। ਆਰਥਕ ਬਣਤਰ ਪ੍ਰਤਿ ਇਹ ਤਿੰਨ ਕਿਸਮ ਦੇ ਪ੍ਰਤਿਕਰਮ ਹੀ ਸਮੁੱਚੇ ਤੌਰ ਤੇ ਵਾਪਰ ਰਹੀ ਜਾਂ ਵਾਪਰਨ ਵਾਲੀ ਸਭਿਆਚਾਰਕ ਤਬਦੀਲੀ ਦੇ ਸੁਭਾ ਨੂੰ ਸਪਸ਼ਟ ਕਰ ਸਕਦੇ ਹਨ।

ਆਜ਼ਾਦੀ ਤੋਂ ਬਾਦ ਪੰਜਾਬ ਦੀ ਖੇਤੀ-ਆਰਥਕਤਾ ਵਿਚ ਬੜੇ ਥੋੜ੍ਹੇ ਸਮੇਂ ਵਿਚ ਬਹੁਤ ਤੇਜ਼ੀ ਨਾਲ ਗੁਣਾਤਮਕ ਤਬਦੀਲੀ ਵਾਪਰੀ ਹੈ। ਜ਼ਮੀਨ ਅਤੇ ਪੈਦਾਵਾਰ ਦੇ ਸੰਦ-ਸਾਧਨਾਂ ਦੀ ਅਸਾਵੀਂ ਵੰਡ ਦੇ ਬਾਵਜੂਦ ਪੰਜਾਬ ਵਿਚ ਮੁਕਾਬਲਤਨ ਮਾਲਕ ਕਿਸਾਨੀ ਦਾ ਪ੍ਰਬੰਧ ਅਧਿਕ ਭਾਰੂ ਰਿਹਾ ਹੈ ਜਿਸ ਕਰਕੇ ਕਾਸ਼ਤਕਾਰੀ ਦੇ ਮੁਜ਼ਾਰਾਗਿਰੀ ਰਿਸ਼ਤੇ ਜ਼ਿਆਦਾ ਨਿਘਰੀ ਦਸ਼ਾ ਵਿਚ ਨਹੀਂ ਸਨ। ਨਾਲ ਹੀ ਖੇਤੀ-ਆਰਥਕਤਾ ਦੇ ਵਿਕਾਸ ਲਈ ਲੋੜੀਂਦਾ ਆਰਥਕ ਸਮਾਜਕ ਜੁਗਾੜ (Infrastructure) ਜਾਂ ਸੰਸਥਾਈ ਸਹੂਲਤਾਂ, ਜਿਨ੍ਹਾਂ ਵਿਚ ਬਿਜਲੀ, ਸਿੰਚਾਈ ਦੇ ਸਾਧਨ ਵਧੀਆ ਬੀਜਾਂ ਅਤੇ ਖਾਦਾਂ ਆਦਿ ਮੁਹੱਈਆ ਕਰਨ ਦੀ ਵਿਵਸਥਾ, ਪੰਜਾਬ ਵਿਚ ਪਹਿਲਾਂ ਬਸਤੀਵਾਦੀ ਲਾਗਤ ਕਾਰਣ ਅਤੇ ਬਾਦ ਵਿਚ ਲਗਭਗ ਹਰ ਰਾਜ-ਸਰਕਾਰ ਦੁਆਰਾ ਇਸ ਪਾਸੇ ਵਲ ਦਿੱਤੇ ਗਏ ਅਧਿਕ ਧਿਆਨ ਸਦਕਾ ਮੁਕਾਬਲਤਨ ਜ਼ਿਆਦਾ ਵਧੀਆ ਅਤੇ ਵਿਕਸਿਤ ਰਹੀਆਂ ਹਨ। ਤੀਸਰੇ—ਪੰਜਾਬ ਵਿਚ ਭਾਰਤ ਦੇ ਕਈ ਹੋਰ ਪ੍ਰਾਂਤਾਂ ਨਾਲੋਂ ਇਥੋਂ ਦੇ ਪੈਦਾਵਾਰੀ



ਰਿਸ਼ਤਿਆਂ ਵਿਚ ਜਗੀਰਦਾਰੀ ਦੀ ਅਮਨੁੱਖੀ ਲੁੱਟ-ਚੋਂਘ ਮੁਕਾਬਲਤਨ ਘੱਟ ਸੀ ਕਿਉਂਕਿ ਮੁਜ਼ਾਰਾਗਿਰੀ ਦੀ ਥਾਂ ਮਾਲਕ ਕਿਸਾਨੀ ਦੀ ਹੋਂਦ ਅਧਿਕ ਭਾਰੂ ਸੀ ਅਤੇ ਇਥੋਂ ਦੀ ਇਹ ਮੁਜ਼ਾਰਾਗਿਰੀ ਵੀ ਮੁਕਾਬਲਤਨ ਸਹਜ ਸੁਭਾ ਤੁਰੀ ਜਾਣ ਵਾਲੀ ਅਤੇ ਗੰਭੀਰ ਟਕਰਾਉ ਜਾਂ ਵਿਰੋਧਾਂ ਤੋਂ ਮੁਕਤ ਸੀ। ਬਹੁਤ ਸਾਰੀਆਂ ਧਾਰਮਕ, ਰਾਜਨੀਤਕ ਲਹਿਰਾਂ ਜਿਨ੍ਹਾਂ ਦਾ ਜ਼ਿਆਦਾ ਆਧਾਰ ਕਿਸਾਨਾਂ ਵਿਚ ਸੀ, ਦੇ ਕਾਰਣ ਪੈਦਾ ਹੋਈ ਰਾਜਨੀਤਕ ਚੇਤਨਤਾ ਨੇ ਜਗੀਰੂ ਲੁਟ-ਖਸੁੱਟ ਅਤੇ ਕਿਸਾਨ-ਮੁਜ਼ਾਰਾ ਸੰਬੰਧਾਂ ਨੂੰ ਮੂਲੋਂ ਨਿਘਰਨੋ ਬਚਾਇਆ। ਇਵੇਂ ਹੀ ਚੌਥੇ, ਪੈਦਾਵਾਰੀ ਦੀਆਂ ਸ਼ਕਤੀਆਂ ਦੇ ਖੇਤਰ ਵਿਚ ਨਵੇਂ ਸੰਦ-ਸਾਧਨਾਂ, ਮਸ਼ੀਨਰੀ ਆਦਿ ਦੀਆਂ ਸਹੂਲਤਾਂ ਬੜੀ ਜਲਦੀ ਪ੍ਰਾਪਤ ਹੋ ਸਕੀਆਂ, ਜਿਨ੍ਹਾਂ ਵਿਚ ਬਦੇਸੋਂ ਆਏ ਸਰਮਾਏ ਅਤੇ ਖੇਤੀ-ਬਾੜੀ ਨਾਲ ਸੰਬੰਧਿਤ ਸਥਾਨਕ ਛੋਟੀਆਂ ਸੱਨਅਤਾਂ ਨੇ ਮਹੱਤਵਪੂਰਣ ਰੋਲ ਅਦਾ ਕੀਤਾ। ਨਾਲ ਹੀ ਪੰਜਾਬ ਦੇ ਲੋਕਾਂ ਦੀ ਹੱਡ-ਭੰਨਵੀਂ ਸਖ਼ਤ ਮਿਹਨਤ ਕਾਰਣ ਵਧੀਆ ਮਨੁੱਖੀ ਕਿਰਤ, ਜਿਹੜੀ ਉਪਜੀਵਕਾ ਵਲ ਭਾਰੂ ਰੂਪ ਵਿਚ ਰੁਚਿਤ ਸੀ, ਨੇ ਵੀ ਖੇਤੀ-ਬਾੜੀ ਦੀ ਆਰਥਕਤਾ ਦੇ ਤੇਜ਼ੀ ਨਾਲ ਵਿਕਸਿਤ ਹੋਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ।

ਪ੍ਰਮੁੱਖ ਰੂਪ ਵਿਚ ਇਨ੍ਹਾਂ ਅਤੇ ਕਈ ਹੋਰ ਕਾਰਣਾਂ ਕਰਕੇ ਪੰਜਾਬ ਵਿਚ ਪਿਛਲੇ ਦੋ ਕੁ ਦਹਾਕਿਆਂ ਦੇ ਅੰਤਰਗਤ ਖੇਤੀ-ਅਰਥਚਾਰੇ ਵਿਚ ਘੱਟ ਵਿਕਸਿਤ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਅਤੇ ਇਸ ਦੇ ਪੈਦਾਵਾਰੀ ਰਿਸ਼ਤਿਆਂ ਦੀ ਪ੍ਰਭੁਤਾ ਸਥਾਪਤ ਹੋ ਚੁੱਕੀ ਹੈ। ਪਰੰਤੂ ਇਸ ਸਮੁੱਚੇ ਵਿਕਾਸ ਨੂੰ ਬੜੇ ਗ਼ਲਤ ਢੰਗ ਨਾਲ ਸਮਝਿਆ ਅਤੇ ਪ੍ਰਚਾਰਿਆ ਗਿਆ ਹੈ। ਅਸਲ ਵਿਚ ਇਸ ਵਿਕਾਸ ਦੀ ਦਿਸ਼ਾ ਸੀਮਤ, ਆਂਸ਼ਕ, ਇਕ ਪਾਸੜ, ਅਸਾਵੀਂ ਦੋਫਾੜ, ਵਿਗਠਿਤ ਅਤੇ ਖੜੋਤ ਵਲ ਅਧਿਕ ਉਨਮੁਖ ਹੈ। ਖੇਤੀ-ਅਰਥਚਾਰੇ ਦੇ ਮੁਕਾਬਲਤਨ ਵਧੇਰੇ ਵਿਕਸਿਤ ਹੋਣ ਦੇ ਬਾਵਜੂਦ ਸੱਨਅਤੀ ਖੇਤਰ ਵਿਚ ਪਿਛੜੇਵਾਂ, ਖੇਤੀ-ਅਰਥਚਾਰੇ ਤੋਂ ਪੈਦਾ ਹੋਣ ਵਾਲੇ ਕੱਚੇ ਮਾਲ ਨੂੰ ਖਪਤ ਕਰਨ ਵਾਲੀਆਂ ਸੱਨਅਤਾਂ ਦੀ ਘਾਟ ਖੇਤੀ ਵਿਚੋਂ ਪੈਦਾ ਹੋਏ ਸਰਮਾਏ ਅਤੇ ਵਿਦੇਸ਼ੀ ਸਰਮਾਏ ਦਾ ਸੱਨਅਤੀ ਖੇਤਰ ਵਿਚ ਖਪਤ ਨਾ ਹੋ ਸਕਣਾ, ਬੁਰਜੁਆ ਪੈਂਤੜੇ ਤੋਂ ਹੀ ਲੋੜੀਂਦੇ ਤਿਖੇ ਜ਼ਮੀਨੀ ਸੁਧਾਰਾਂ ਦੀ ਥਾਂ ਕੇਵਲ ਸੀਮਤ ਜ਼ਮੀਨੀ ਸੁਧਾਰ, ਪੈਦਾਵਾਰੀ ਸਾਧਨਾਂ ਦੀ ਅਸਾਵੀਂ ਵੰਡ ਅਤੇ ਪੈਦਾਵਾਰੀ ਰਿਸ਼ਤਿਆਂ ਵਿਚ ਲੋੜੀਂਦੀ ਤਬਦੀਲੀ ਦੀ ਅਣਹੋਂਦ ਕਾਰਣ ਖੇਤੀ ਦੀ ਉਪਰੋਕਤ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਅਤੇ ਆਰਥਕ ਵਿਕਾਸ ਜਲਦੀ ਹੀ ਖੜੋਤ ਦਾ ਸ਼ਿਕਾਰ ਹੋ ਗਿਆ ਹੈ ਅਤੇ ਇਸ ਨੇ, ਨਤੀਜੇ ਵਜੋਂ, ਜਾਤੀ, ਜਮਾਤੀ ਵਿਰੋਧਾਂ ਅਤੇ ਤਨਾਉ ਦੇ ਨਾਲ ਨਾਲ ਰਾਜਸੀ ਘੋਲਾਂ ਅਤੇ ਅਨੇਕ ਪ੍ਰਕਾਰ ਦੇ ਹੋਰ ਸੰਕਟਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦਾ ਡੂੰਘਾ ਪ੍ਰਭਾਵ ਪੰਜਾਬ ਦੇ ਸਭਿਆਚਾਰਕ ਜੀਵਨ ਤੇ ਪੈਣਾ ਸੁਭਾਵਕ ਸੀ। ਸਮੁੱਚੇ ਰੂਪ ਵਿਚ ਦਿਖਾਈ ਦੇਣ ਵਾਲਾ ਇਹ ਆਰਥਕ ਵਿਕਾਸ ਕੇਵਲ ਸਮਾਜਕ ਜੁਗਾੜ ਤੋਂ ਟੁੱਟੀ ਆਰਥਕਤਾ ਤਕ ਸੀਮਤ ਹੋਣ ਕਾਰਣ ਸਾਵਾਂ ਅਤੇ ਇਕਸਾਰ ਹੋਣ ਦੀ ਥਾਂ ਅਸਾਵਾਂ, ਦੋਫਾੜ ਅਤੇ ਵਿਗਠਿਤ ਸੁਭਾ ਦਾ ਧਾਰਣੀ ਹੈ ਜਿਸਨੇ ਸਭਿਆਚਾਰਕ ਖੇਤਰ ਵਿਚ ਅਸਾਵੇਂਪਣ ਅਤੇ ਵਿਗਠਨ ਦੇ ਗੰਭੀਰ ਸੰਕਟਾਂ ਨੂੰ ਜਨਮ ਦਿੱਤਾ ਹੈ।

ਸਮੁੱਚੇ ਰੂਪ ਵਿਚ ਇਸ ਸਰਮਾਏਦਾਰੀ ਵਿਕਾਸ ਮਾਰਗ ਨਾਲ ਸਥਾਪਤ ਹੋ ਚੁੱਕੇ ਪੈਦਾਵਾਰੀ ਬੁਰਜੁਆ ਰਿਸ਼ਤਿਆਂ ਦੀ ਜਕੜ ਅਤੇ ਇਸ ਤੋਂ ਪੈਦਾ ਹੋਣ ਵਾਲੇ ਵਿਰੋਧਾਂ ਪ੍ਰਤਿ ਦੋ ਕਿਸਮ ਦਾ ਹੁੰਗਾਰਾ ਸੰਭਵ ਸੀ। ਇਕ ਤਾਂ ਆਰਥਕ ਵਿਕਾਸ ਦੇ ਇਸ ਰਾਹ ਪ੍ਰਤਿ, ਜ਼ਿੰਦਗੀ ਦੇ ਹਰ ਖੇਤਰ ਵਿਚ ਉਪਜਣ ਵਾਲੇ ਵਿਰੋਧਾਂ, ਸੰਕਟਾਂ ਅਤੇ ਲੁਟ-ਖਸੁੱਟ ਪ੍ਰਤਿ ਚੇਤਨਤਾ ਅਤੇ ਲਾਮਬੰਦ

ਸੰਘਰਸ਼ ਮੁਢਲੇ ਪੜਾ ਤੋਂ ਹੀ ਭਾਰੂ ਰੂਪ ਧਾਰਣ ਕਰ ਲੈਂਦਾ। ਇਸ ਦਾ ਜਾਇਜ਼ਾ ਅਸੀਂ ਰਾਜਸੀ ਖੇਤਰ ਦੇ ਪ੍ਰਸੰਗ ਵਿਚ ਲਵਾਂਗੇ। ਪਰੰਤੂ ਇਹ ਸੰਘਰਸ਼ ਅਜੇ ਤਕ ਵੀ ਕਮਜ਼ੋਰ, ਉਖੜੇ ਹੋਏ ਅਤੇ ਭਾਰੂ ਰੂਪ ਵਿਚ ਲਾਮਬੰਦ ਨਾ ਹੋਣ ਕਰਕੇ; ਕੇਂਦਰੀ ਸਰਮਾਏਦਾਰੀ ਅਤੇ ਸਥਾਨਕ ਸ਼ਹਿਰੀ ਬੁਰਜੂਆ ਵਰਗ ਨੇ ਲੋਕ-ਚੇਤਨਾ ਨੂੰ ਆਪਣੀ ਪੈਦਾਵਾਰ ਦੀ ਖਪਤ ਲਈ ਕਨਜ਼ਿਊਮਰਇਜ਼ਮ, ਇਕੌਨੋਮਿਜ਼ਮ, ਕੈਰੀਅਰਇਜ਼ਮ ਨਿਜੀ ਮੁਫ਼ਾਦ ਅਤੇ ਗ਼ੈਰ-ਸਮਾਜੀ ਮੁਕਾਬਲੇ ਦੀਆਂ ਕੁਰੁਚੀਆਂ ਦੀ ਚਾਟੇ ਬੜੀ ਸਫਲਤਾ ਨਾਲ ਲਾ ਲਿਆ ਹੈ। ਪੰਜਾਬ ਵਿਚ ਹੋਏ ਆਰਥਕ ਵਿਕਾਸ ਦੀ ਬਸਤੀਵਾਦੀ ਲੁੱਟ ਦਾ ਜਿਥੇ ਇਹ ਇਕ ਪਾਸੇ ਇਕ ਅਸਿੱਧਾ ਢੰਗ ਹੈ ਉਥੇ ਸਮੁੱਚੇ ਤੌਰ ਤੇ ਪੰਜਾਬ ਵਿਚ ਸਰਮਾਏਦਾਰੀ ਆਰਥਕ ਵਿਵਸਥਾ ਦੇ ਵਿਰੋਧਾਂ ਅਤੇ ਹੋ ਰਹੀ ਲੁੱਟ-ਖਸੁੱਟ ਪ੍ਰਤਿ ਲੋਕਾਂ ਨੂੰ ਚੇਤਨ ਨਾ ਹੋਣ ਦੇਣ ਦਾ ਵੀ ਇਕ ਸਫ਼ਲ ਹਥਿਆਰ ਹੈ। ਜ਼ਰੂਰੀ ਲੋੜਾਂ ਦੀਆਂ ਵਸਤਾਂ ਦੀ ਥਾਂ ਵਿਲਾਸਮਈ ਵਸਤਾਂ (luxury goods) ਦੇ ਮੰਡੀਆਂ ਵਿਚ ਹੜ੍ਹ ਲਿਆਉਣ ਰਾਹੀਂ ਖਪਤਕਾਰੀ ਮਾਨਸਿਕਤਾ ਅਤੇ ਮਨੁਖੀ ਕੀਮਤਾ ਨੂੰ ਅਤਿ ਅਧਿਕ ਸ਼ਹਿ ਮਿਲੀ ਅਤੇ ਮਿਲ ਰਹੀ ਹੈ। ਜ਼ਰੂਰੀ ਲੋੜਾਂ ਲਈ ਤੁਹਾਨੂੰ ਕਿਤੋਂ ਕਰਜ਼ਾ ਮਿਲਣਾ ਸੰਭਵ ਨਹੀਂ ਪਰੰਤੂ ਟੀ. ਵੀ., ਫਰਿਜਾਂ, ਸਕੂਟਰਾਂ, ਕਾਰਾਂ ਆਦਿ ਸਮੇਤ ਸਰਕਾਰ ਦੇ ਅਨੇਕਾਂ ਅਦਾਰੇ ਕਰਜ਼ਾ ਦੇਣ ਲਈ ਤਿਆਰ ਮਿਲਦੇ ਹਨ। ਦੇਖਣ ਨੂੰ ਅਜਿਹਾ ਕਦਮ ਠੀਕ ਦਿਸ਼ਾ ਵਲ ਪ੍ਰਤੀਤ ਹੁੰਦਾ ਹੈ ਪਰੰਤੂ ਸਭਿਆਚਾਰਕ ਪੱਖ ਤੋਂ ਇਸ ਦੇ ਸਿੱਟੇ ਗੰਭੀਰ ਨਿਕਲਦੇ ਹਨ। ਅਜਿਹਾ ਕਰਜ਼ਾ ਜਿਥੇ ਸਰਮਾਏ ਨੂੰ ਹੋਰ ਵਧਾਉਣ ਅਤੇ ਇਸ ਉੱਤੇ ਜਮਾਤੀ ਕਬਜ਼ੇ ਨੂੰ ਹੋਰ ਪੀਡਿਆਂ ਕਰਨ ਦਾ ਸਾਧਨ ਤਾਂ ਬਣਦਾ ਹੀ ਹੈ ਪਰ ਨਾਲ ਹੀ ਮਨੁੱਖੀ ਸੋਚ, ਉਸ ਦੇ ਵਿਵਹਾਰ, ਉਸ ਦੀਆਂ ਜੀਵਨ-ਕੀਮਤਾਂ ਦੀ ਦਸ਼ਾ ਵੀ ਬਦਲ ਕੇ ਰੱਖ ਦਿੰਦਾ ਹੈ। ਮਨੁੱਖ ਨੂੰ ਆਪਣੀ ਹੋਂਦ, ਆਪਣੀ ਲੁੱਟ-ਖਸੁੱਟ ਆਪਣੀ ਸਿਰਜਨਾਤਮਕ ਸਮਰਥਾ ਤੋਂ ਊਣਾ ਕਰ ਦੇਣ ਲਈ ਖਪਤ-ਰੁਚੀ ਤੋਂ ਵਧੀਆ ਹੋਰ ਕੋਈ ਸਾਧਨ ਨਹੀਂ ਅਤੇ ਜੇ ਅਜਿਹੀ ਸੋਚ ਹੀ ਸਮਾਜਕ-ਸਭਿਆਚਾਰਕ ਖੇਤਰ ਦੀ ਭਾਰੀ ਸੋਚ ਹੀ ਹੋ ਨਿਬੜੇ ਤਾਂ ਜਮਾਤੀ ਸਮਾਜ ਅਤੇ ਸਰਮਾਏਦਾਰੀ ਦੀਆਂ ਜੜ੍ਹਾਂ ਦਾ ਸਦਾ ਲਈ ਪੱਕਿਆਂ ਹੋ ਜਾਣਾ ਕੁਦਰਤੀ ਹੈ। ਰਿਕਸ਼ੇ ਵਾਲੇ ਦੇ ਗਲ ਵਿਚ ਪਿਆ ਟ੍ਰਾਂਜ਼ਿਸਟਰ ਉਸ ਦੀ ਖ਼ੁਸ਼ਹਾਲੀ, ਉਸ ਦੀਆਂ ਬੁਨਿਆਦੀ ਲੋੜਾਂ ਅਤੇ ਉਸ ਦੀ ਆਰਥਕ ਦਸ਼ਾ ਦਾ ਸਹੀ ਪ੍ਰਗਟਾ ਨਾ ਹੋ ਕੇ ਉਸ ਦੀ ਸੋਚ, ਉਸ ਦੇ ਵਿਵਹਾਰ, ਉਸ ਦੀ ਚੇਤਨਤਾ ਦੀ ਪੱਧਰ ਅਤੇ ਉਸ ਦੇ ਵਿਕਾਸ-ਰੁੱਖ਼ ਨੂੰ ਅਧਿਕ ਚੰਗੀ ਤਰ੍ਹਾਂ ਸਪਸ਼ਟ ਕਰਦਾ ਹੈ। ਕੁਲ ਮਿਲਾ ਕੇ, ਇਹ ਸਾਰਾ ਕੁਝ ਨਿਜੀ ਜਾਇਦਾਦ, ਪੈਸੇ ਦੀ ਹਵਸ, ਸਮਾਜਕ ਵੇਗ ਦੀ ਉਲਟ ਗਤੀ ਦੀਆਂ ਕੀਮਤਾਂ ਅਤੇ ਮਨੁੱਖੀ ਵਿਵਹਾਰ ਵਾਲੇ ਸਭਿਆਚਾਰ ਦੀ ਸਿਰਜਨਾ ਦਾ ਰਾਹ ਸਾਫ਼ ਕਰ ਰਹੀਆਂ ਅਤੇ ਕਰ ਚੁੱਕੀਆਂ ਹਨ।

**ਰਾਜਸੀ ਖੇਤਰ ਵਿਚ ਹੁੰਗਾਰੇ ਦਾ ਸੁਭਾ** :— ਰਾਜਨੀਤੀ ਸਮਾਜ ਦੀ ਆਰਥਕ ਨੀਂਹ ਦੇ ਮੂਲ ਵਿਰੋਧਾਂ ਅਤੇ ਉਨ੍ਹਾ ਨਾਲ ਸਬੰਧਤ ਸੰਘਰਸ਼ਾਂ ਦਾ ਹੀ ਸਮਾਜਕ ਪ੍ਰਗਟਾਵਾ ਹੁੰਦੀ ਹੈ। ਆਰਥਕਤਾ ਤੇ ਕਬਜ਼ੇ ਦੀ ਲੜਾਈ ਵਜੋਂ ਰਾਜਨੀਤੀ ਨੂੰ ਅਜੇ ਸਮਝਿਆ, ਸਮਝਾਇਆ ਹੀ ਨਹੀਂ ਗਿਆ। ਆਮ ਲੋਕਾਂ ਤਕ ਇਸ ਦੇ ਅਰਥ ਕੁਰਸੀ-ਯੁੱਧ ਤਕ ਸੀਮਤ ਹੋ ਕੇ ਰਹਿ ਗਏ ਹਨ। ਜਿਹਾ ਕਿ ਉਪਰ ਸੰਕੇਤ ਕੀਤਾ ਗਿਆ ਹੈ, ਖੇਤੀ ਵਿਚ ਸਰਮਾਏਦਾਰੀ ਉਤਪਾਦਨ-ਪ੍ਰਣਾਲੀ ਅਤੇ ਇਸ ਦੇ ਪੈਦਾਵਾਰੀ ਰਿਸ਼ਤਿਆਂ ਦੀ ਪ੍ਰਮੁਖਤਾ ਸਥਾਪਤ ਹੋ ਚੁਕੀ ਹੈ। ਰਾਜਸੀ ਖੇਤਰ ਵਿਚ ਧਨੀ ਕਿਸਾਨੀ ਨੇ ਆਪਣਾ ਭਾਰੂ ਪ੍ਰਭਾਵ ਕਾਇਮ ਕਰ ਲਿਆ ਹੈ ਅਤੇ ਸ਼ਹਿਰੀ ਵਪਾਰੀ ਵਰਗ ਅਤੇ ਸੱਨਅਤੀ ਸਰਮਾਏਦਾਰੀ ਦੇ ਨਾਲ-ਨਾਲ ਕੇਂਦਰੀ ਬੁਰਜੁਆਜ਼ੀ ਨਾਲ ਵੀ



ਇਸ ਦੇ ਆਰਥਕ ਹਿਤ ਪੂਰੀ ਤਰ੍ਹਾਂ ਟਕਰਾ ਚੁੱਕੇ ਹਨ। ਖੇਤ ਮਜ਼ਦੂਰਾਂ ਨੂੰ ਛੱਡ ਕੇ ਛੋਟੀ ਅਤੇ ਦਰਮਿਆਨੀ ਕਿਸਾਨੀ ਦੇ ਵਿਸ਼ਾਲ ਵਰਗ ਦੇ ਹਿਤ ਧਨੀ ਕਿਸਾਨ ਨਾਲ ਟਕਰਾਉਣ ਦੇ ਬਾਵਜੂਦ ਵੀ ਧਨੀ ਕਿਸਾਨੀ ਪ੍ਰਤਿ ਇਸ ਦਾ ਰਾਜਸੀ ਵਿਵਹਾਰ ਅਜੇ ਪ੍ਰਮੁੱਖ ਰੂਪ ਵਿਚ ਅਜੇ ਸਮਝੌਤੇ ਵਾਲਾ ਹੀ ਹੈ। ਸਮਝੌਤੇ ਵਾਲੇ ਇਸ ਵਿਵਹਾਰ ਦਾ ਮੁੱਖ ਕਾਰਣ ਇਹ ਹੈ ਕਿ ਹੁਣ ਦੀ ਸਥਿਤੀ ਵਿਚ ਛੋਟੀ ਅਤੇ ਦਰਮਿਆਨੀ ਕਿਸਾਨੀ ਲਈ ਧਨੀ ਕਿਸਾਨੀ ਸਮੇਤ ਉਨ੍ਹਾਂ ਦੇ ਆਰਥਕ ਹਿਤ ਸ਼ਹਿਰੀ ਵਪਾਰੀ ਵਰਗ ਅਤੇ ਸੱਨਅਤੀ ਸਰਮਾਏਦਾਰੀ ਦੇ ਨਾਲ ਨਾਲ ਮੁੱਖ ਤੌਰ ਤੇ ਕੇਂਦਰੀ ਬੁਰਜੁਆਜ਼ੀ ਨਾਲ ਟਕਰਾਉਂਦੇ ਹਨ। ਖੇਤੀ-ਅਰਥਚਾਰੇ ਵਿਚ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਅਤੇ ਇਸ ਦੇ ਪੈਦਾਵਾਰੀ ਰਿਸ਼ਤਿਆਂ ਦਾ ਵੱਡਾ ਸ਼ਿਕਾਰ ਇਕ ਤਰ੍ਹਾਂ ਨਾਲ ਛੋਟੀ ਅਤੇ ਦਰਮਿਆਨੀ ਕਿਸਾਨੀ ਹੈ ਜਿਸ ਨੂੰ ਕੇਂਦਰੀ ਬੁਰਜੁਆਜ਼ੀ ਪਿੰਡ ਬੈਠੇ ਵੀ ਆਪਣੇ ਵੱਡੇ ਦੁਸ਼ਮਨ ਵਜੋਂ ਦਿਖਾਈ ਦਿੰਦੀ ਹੈ। ਬਿਜਲੀ, ਪਾਣੀ, ਡੀਜ਼ਲ, ਖਾਦਾਂ ਦੀ ਥੁੜ, ਉਨ੍ਹਾਂ ਦੀ ਪੈਦਾਵਾਰ ਦਾ ਪੂਰਾ ਮੁੱਲ ਨਾ ਪੈਣਾ, ਖੇਤੀ ਲਈ ਸਾਰੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦਾ ਮੁਕਾਬਲਤਨ ਬਹੁਤ ਚੜ੍ਹ ਜਾਣਾ ਪਿੰਡਾਂ ਦੇ ਇਸ ਵਿਸ਼ਾਲ ਵਰਗ ਦੇ ਰਾਜਨੀ ਵਿਵਹਾਰ ਨੂੰ ਨਿਰਧਾਰਿਤ ਕਰਦਾ ਹੈ।

ਜਿਥੇ ਕਿਸਾਨੀ ਦਾ ਇਹ ਵਰਗ ਪਹਿਲਾਂ ਜ਼ਿਆਦਾਤਰ ਧਰਮ ਦੇ ਮਾਧਿਅਮ ਰਾਹੀਂ ਰਾਜਸੀ ਹੁੰਗਾਰਾ ਭਰਦਾ ਸੀ, ਉਥੇ ਹੁਣ ਧਰਮ ਦੂਜੀ ਥਾਂ ਤੇ ਪਹੁੰਚ ਗਿਆ ਹੈ ਅਤੇ ਕੇਂਦਰ ਪ੍ਰਤਿ ਉਪਰੋਕਤ ਕਾਰਣਾਂ ਕਰਕੇ ਰੋਹ ਪਹਿਲੇ ਨੰਬਰ ਤੇ ਰਾਜਸੀ ਰੋਹ ਦਾ ਰੂਪ ਧਾਰਣ ਕਰ ਗਿਆ ਹੈ। ਮਸਲਨ ਅਕਾਲੀਆਂ ਦਾ ਚਲ ਰਿਹਾ ਮੋਰਚਾ ਇਸ ਦੇ ਧਨੀ ਕਿਸਾਨ ਆਗੂਆਂ ਲਈ ਕੁਝ ਧਾਰਮਿਕ ਮਸਲਿਆਂ ਜਾਂ ਨਾਅਰਿਆਂ ਲਈ ਹੋਵੇਗਾ ਪਰ ਉਸਨੂੰ ਕਿਸਾਨੀ ਤੋਂ ਮਿਲਿਆ ਵਿਸ਼ਾਲ ਹੁੰਗਾਰਾ 'ਪੰਥ ਖਤਰੇ ਵਿਚ ਹੈ' ਦੀ ਥਾਂ 'ਖੇਤੀ ਖਤਰੇ ਵਿਚ ਹੈ' ਦੇ ਕਾਰਣ ਹੀ ਪ੍ਰਾਪਤ ਹੋਇਆ ਹੈ। ਧਰਮ ਇਸ ਹੁੰਗਾਰੇ ਦਾ ਹਿੱਸਾ ਜ਼ਰੂਰ ਹੈ ਪਰ ਭਾਰੂ ਪੱਖ ਨਹੀਂ। ਅਸਿੱਧੇ ਰੂਪ ਵਿਚ ਕਿਸਾਨੀ ਦਾ ਇਹ ਵਿਸ਼ਾਲ ਹੁੰਗਾਰਾ ਵੀ ਅੰਤਿਮ ਰੂਪ ਵਿਚ ਅਜੇ ਤਕ ਇਕੌਨੋਮਿਜ਼ਮ ਦੀ ਭਾਵਨਾ ਦਾ ਹੀ ਮੁਢਲਾ ਰੂਪ ਹੈ। ਖੇਤ-ਮਜ਼ਦੂਰਾਂ ਨਾਲ ਜਾਂ ਧਨੀ ਕਿਸਾਨੀ ਨਾਲ ਛੋਟੀ ਅਤੇ ਦਰਮਿਆਨੀ ਕਿਸਾਨੀ ਦੀ ਆਰਥਕ ਟੱਕਰ ਅਜੇ ਕਿਸੇ ਫ਼ਸਵੇਂ ਵਿਰੋਧ ਦੀ ਪੱਧਰ ਤੇ ਨਹੀਂ ਹੈ। ਇਸੇ ਲਈ ਇਹ ਸਾਰਾ ਰਾਜਸੀ ਵਿਵਹਾਰ ਜਮਾਤੀ ਅਤੇ ਰਾਜਸੀ ਚੇਤਨਤਾ ਦੀ ਥਾਂ ਫੌਰੀ ਆਰਥਕ ਸਮਸਿਆਵਾਂ ਦੁਆਰਾ ਸੰਚਾਲਤ ਹੈ। ਆਰਥਕ ਹਿਤਾਂ ਨੂੰ ਮੁੱਖ ਰੱਖਦਿਆਂ ਹੀ ਸ਼ਹਿਰੀ ਹਿੰਦੂ ਸਿੱਖ ਵਪਾਰੀ ਵਰਗ ਅਤੇ ਨਿਮਨ ਵਰਗਾਂ ਦਾ ਰਾਜਸੀ ਵਿਵਹਾਰ ਮੋਟੇ ਤੌਰ ਤੇ ਕਾਂਗਰਸ ਪੱਖੀ ਹੈ। ਹਿੰਦੂ ਵਪਾਰੀ ਤਬਕਾ ਘੱਟ ਗਿਣਤੀ ਵਜੋਂ ਆਪਣੇ ਆਰਥਕ ਹਿਤਾਂ ਨੂੰ ਅਸੁਰਖਿਅਤ ਸਮਝਦਾ ਹੋਇਆ ਮੌਜੂਦਾ ਹਾਲਤ ਵਿਚ ਜਨਸੰਘ ਦੀ ਥਾਂ ਕਾਂਗਰਸ ਵਲ ਖਿਸਕਣ ਦੀ ਰਾਹ ਤੇ ਹੈ, ਸੱਨਅਤੀ ਅਤੇ ਖੇਤ ਮਜ਼ਦੂਰਾਂ, ਮੁਲਾਜ਼ਮਾਂ ਵਿਚ ਮੁੱਖ ਤੌਰ ਤੇ; ਅਤੇ ਛੋਟੀ ਅਤੇ ਦਰਮਿਆਨੀ ਕਿਸਾਨੀ ਵਿਚ ਸੀਮਤ ਤੌਰ ਤੇ ਖੱਬੀ ਰਾਜਨੀਤੀ ਦਾ ਪ੍ਰਭਾਵ ਤੀਜੀ ਵੱਡੀ ਧਿਰ ਜਿੰਨਾ ਹੈ। ਕੁਲ ਮਿਲਾ ਕੇ ਵਿਸ਼ੇਸ਼ ਰੂਪ ਵਿਚ ਪਿਛਲੇ ਇਕ ਦਹਾਕੇ ਵਿਚ ਰਾਜਸੀ ਸੱਭਿਆਚਾਰ **(political culture)** ਆਪਣੇ ਮੁਢਲੇ ਅਤੇ ਅਵਿਕਸਿਤ ਰੂਪ ਵਿਚ ਸਥੂਲ ਰੂਪ ਗ੍ਰਹਿਣ ਕਰਨ ਵਲ ਤੁਰੀ ਹੈ। ਪਰੰਤੂ ਸਾਧਾਰਣ ਜਨਤਾ ਦਾ ਇਹ ਰਾਜਸੀ ਵਿਵਹਾਰ ਕਿਸੇ ਸਿੱਧਾਂਤਕ ਜਮਾਤੀ ਪੈਂਤੜੇ ਅਤੇ ਇਸ ਦ੍ਰਿਸ਼ਟੀ ਤੋਂ ਰਾਜਨੀਤਕ ਚੇਤਨਤਾ ਤੋਂ ਲਗਭਗ ਕੋਰਾ ਹੈ। ਕਿਸੇ ਇਨਕਲਾਬੀ ਤਬਦੀਲੀ ਲਈ ਇਤਿਹਾਸਕ ਤੌਰ ਤੇ ਵਿਰੋਧੀ ਜਮਾਤ ਉਤੇ ਇਨਕਲਾਬੀ ਜਿੱਤ ਦੀ ਚੇਤਨਾ ਇਕ

ਇਨਕਲਾਬੀ ਜਜ਼ਬੇ ਵਜੋਂ ਅਜੋਕੇ ਵਿਕਸਿਤ ਹੋ ਰਹੇ ਰਾਜਨੀਤਕ ਸਭਿਆਚਾਰ ਦਾ ਕੋਈ ਫ਼ੈਸਲਾਕੁਨ ਅੰਗ ਨਹੀਂ ਬਣ ਸਕੀ। ਨਿਤਾ ਪ੍ਰਤਿ ਜੀਵਨ ਦੀਆਂ ਔਕੜਾਂ, ਪ੍ਰਬੰਧਕੀ ਵਧੀਕੀਆਂ, ਆਰਥਕ ਸਹੂਲਤਾਂ ਅਤੇ ਪਾਰਲੀਮਾਨੀ ਰਾਜਨੀਤੀ ਆਦਿ ਹੀ ਇਸ ਦੌਰ ਦੇ ਰਾਜਸੀ ਹੁੰਗਾਰੇ ਦਾ ਪ੍ਰਮੁੱਖ ਆਧਾਰ ਹਨ।

**ਭਾਸ਼ਾਈ ਵਿਵਹਾਰ :**—1947 ਤੋਂ ਬਾਦ ਪੰਜਾਬ ਦੀ ਭੂਗੋਲਕ ਵੰਡ ਜਿੱਡੀ ਭਿਆਨਕ ਦੁਰਘਟਨਾ ਪੰਜਾਬ ਦੇ ਭਾਸ਼ਾਈ ਖੇਤਰ ਵਿਚ ਵਾਪਰੀ ਜਿਸ ਦੀ ਭਿਅੰਕਰਤਾ ਅਤੇ ਗੰਭੀਰ ਸਿੱਟਿਆਂ ਪ੍ਰਤਿ ਸਤਹੀ ਸੂਝ ਤਾਂ ਭਾਵੇਂ ਕਾਫ਼ੀ ਦੇਰ ਪਹਿਲਾਂ ਆ ਗਈ ਸੀ ਪਰ ਇਸ ਦੇ ਦੂਰਗਾਮੀ ਪ੍ਰਭਾਵਾਂ ਅਤੇ ਸੰਕਟ ਪਿਛਲੇ ਇਕ ਦਹਾਕੇ ਤੋਂ ਹੀ ਉਭਰਨੇ ਸ਼ੁਰੂ ਹੋਏ ਹਨ ਅਤੇ ਇਨ੍ਹਾਂ ਬਾਰੇ ਚੇਤਨਾ ਅਜੇ ਮੁਢਲੀ ਅਵਸਥਾ ਵਿਚ ਹੀ ਹੈ। ਭਾਸ਼ਾ ਕਿਸੇ ਸਭਿਆਚਾਰ ਦਾ ਫ਼ੈਸਲਾਕੁਨ ਅਤੇ ਕੇਂਦਰੀ ਆਧਾਰ ਹੁੰਦੀ ਹੈ। ਕਿਸੇ ਇਕ ਵਿਅਕਤੀ ਦੀ ਭਾਸ਼ਾ ਬਦਲ ਦੇਣ ਨਾਲ ਜਿਵੇਂ ਉਸਦੀ ਸਮੁੱਚੀ ਸ਼ਖ਼ਸੀਅਤ ਵਿਚ ਗੁਣਾਤਮਕ ਤਬਦੀਲੀ ਵਾਪਰਦੀ ਹੈ ਉਵੇਂ ਕਿਸੇ ਮਨੁੱਖੀ ਸਮੂਹ ਦੇ ਸਭਿਆਚਾਰ ਦੀ ਮੌਲਿਕਤਾ ਅਤੇ ਸੁਤੰਤਰਤਾ ਨੂੰ ਭੰਗ ਕਰਨ ਲਈ ਉਸ ਦੀ ਭਾਸ਼ਾ ਦੇ ਮੂਲ ਸੁਭਾ ਨੂੰ ਬਦਲਣਾ ਇਕ ਵੱਡਾ ਕਾਰਗਰ ਹਥਿਆਰ ਹੁੰਦਾ ਹੈ। ਲਗਭਗ ਇਕ ਹਜ਼ਾਰ ਸਾਲ ਵਿਚ ਪੰਜਾਬੀ ਭਾਸ਼ਾ ਦਾ ਜਿਹੜਾ ਸਾਰਗਤ ਮੁਹਾਂਦਰਾ ਨਿਖਰਿਆ ਸੀ ਅਤੇ ਜਿਸ ਸਭਿਆਚਾਰਕ ਵਿਰਸੇ ਅਤੇ ਭਾਵ-ਖੇਤਰ ਦਾ ਇਹ ਮੁਜੱਸਮਾ ਬਣੀ, 1947 ਤੋਂ ਬਾਦ ਉਸ ਦਾ ਨਵਾਂ ਗੁਣਾਤਮਕ ਰੂਪਾਂਤਰਣ ਸੰਭਵ ਨਹੀਂ ਹੋਇਆ।

ਮੱਧਕਾਲੀਨ ਪੰਜਾਬੀ ਭਾਸ਼ਾ ਨੇ ਸਮੁੱਚੇ ਮੱਧਕਾਲੀਨ ਇਤਿਹਾਸਕ ਅਨੁਭਵ ਨੂੰ ਪ੍ਰਗਟ ਕਰਨ ਲਈ ਦੋ ਪ੍ਰਮੁੱਖ ਕੇਂਦਰੀ ਭਾਸ਼ਾਵਾਂ, ਸੰਸਕ੍ਰਿਤ ਅਤੇ ਅਰਬੀ/ਫ਼ਾਰਸੀ ਦੇ ਸੋਮਿਆਂ ਵਿਚੋਂ ਆਪਣੇ ਸੁਭਾ ਅਨੁਕੂਲ ਇਕ ਨਵਾਂ ਸੁਮੇਲ ਸਥਾਪਤ ਕਰਕੇ ਆਪਣੀ ਵਖਰੀ ਨੁਹਾਰ ਅਤੇ ਸੁਤੰਤਰ ਮੌਲਿਕ ਪਛਾਣ ਸਥਾਪਤ ਕੀਤੀ। ਪੰਜਾਬੀ ਭਾਸ਼ਾ ਕੋਲ ਭਾਸ਼ਾਈ ਸੋਮਿਆਂ ਦੇ ਦੋ ਬਦਲ ਪ੍ਰਾਪਤ ਹੋ ਜਾਣ ਕਾਰਣ ਮੱਧਕਾਲੀਨ ਪੰਜਾਬੀ ਉੱਤੇ ਕਿਸੇ ਇਕ ਭਾਸ਼ਾ ਅਰਥਾਤ ਕਿਸੇ ਇਕ ਸਭਿਆਚਾਰ ਦਾ ਗ਼ਲਬਾ ਸੰਭਵ ਨਹੀਂ ਹੋਇਆ ਸਗੋਂ ਆਪਣੀਆਂ ਲੋੜਾਂ ਅਤੇ ਆਪਣੇ ਇਤਿਹਾਸਕ ਅਨੁਭਵ ਦੇ ਸੁਭਾ ਅਨੁਕੂਲ ਇਨ੍ਹਾਂ ਦੇ ਨਵੇਂ ਸੁਮੇਲ ਰਾਹੀਂ ਪੰਜਾਬੀ ਨੇ ਆਪਣੇ ਮੌਲਿਕ ਸਾਰ, ਸੁਭਾ ਅਤੇ ਰੂਪ ਦੀ ਸਿਰਜਨਾ ਕੀਤੀ। ਪਰੰਤੂ 947 ਤੋਂ ਬਾਦ ਪੱਛਮੀ ਪੰਜਾਬ ਨਾਲ ਭੂਗੋਲਕ, ਰਾਜਸੀ ਅਤੇ ਭਾਸ਼ਾਈ ਸੰਬੰਧ ਟੁੱਟ ਜਾਣ ਕਰਕੇ ਅਤੇ ਪੰਜਾਬ ਵਿਚ ਉਰਦੂ ਦੀ ਪੜ੍ਹਾਈ ਖ਼ਤਮ ਹੋ ਜਾਣ ਨਾਲ ਪੰਜਾਬੀ ਕੋਲ ਦੋ ਦੀ ਥਾਂ ਕੇਵਲ ਇਕ ਭਾਸ਼ਾਈ ਬਦਲ ਹੀ ਰਹਿ ਗਿਆ। ਨਤੀਜੇ ਵਜੋਂ, ਇਸ ਸਮੇਂ ਪੰਜਾਬੀ ਭਾਸ਼ਾ ਦਾ ਵਿਕਾਸ ਮੱਧਕਾਲੀਨ ਪੰਜਾਬੀ ਦੇ ਅਗਲੇਰੇ ਨਵੇਂ ਗੁਣਾਤਮਕ ਉਸਾਰ ਵਜੋਂ ਸੰਭਵ ਨਹੀਂ ਹੋਇਆ। ਇਸ ਤੋਂ ਉਲਟ ਅਰਬੀ ਫ਼ਾਰਸੀ ਸੋਮਿਆਂ ਨਾਲ ਸਾਰੇ ਸੰਬੰਧ ਟੁੱਟ ਜਾਣ ਕਾਰਣ, ਹਿੰਦੀ ਦੇ ਰਾਸ਼ਟਰ ਭਾਸ਼ਾ ਤੇ ਪੰਜਾਬ ਦੀ ਦੂਜੀ ਭਾਸ਼ਾ ਵਜੋਂ ਲਾਗੂ ਹੋ ਜਾਣ ਕਾਰਣ ਅਤੇ ਅਜੇ ਤਕ ਵੀ ਗ਼ੈਰ-ਸਰਕਾਰੀ ਸਕੂਲਾਂ ਵਿਚ ਪੰਜਾਬੀ ਨੂੰ ਪ੍ਰਥਮ ਭਾਸ਼ਾ ਵਜੋਂ ਨਾ ਪੜ੍ਹਾਏ ਜਾਣ ਕਾਰਣ; ਸੰਸਕ੍ਰਿਤ, ਹਿੰਦੀ ਇਸ ਉੱਤੇ ਇਕੋ ਬਦਲ ਵਜੋਂ ਭਾਰੂ ਹੋਣ ਲੱਗ ਪਈ ਅਤੇ ਨਿਰੰਤਰ ਚੇਤਨ ਯਤਨਾਂ ਦੇ ਬਾਵਜੂਦ ਹੁੰਦੀ ਜਾ ਰਹੀ ਹੈ। ਦੋ ਪ੍ਰਮੁੱਖ ਕੇਂਦਰੀ ਜ਼ਬਾਨਾਂ ਦੇ ਸੁਮੇਲ ਅਤੇ ਆਪਣੇ ਲੰਬੇ ਇਤਿਹਾਸਕ ਅਨੁਭਵ ਉੱਤੇ ਉਸਾਰੇ ਸਾਰ ਅਤੇ ਸੁਭਾ ਦੀ ਥਾਂ ਕੇਵਲ ਇਕ ਭਾਸ਼ਾਈ ਬਦਲ ਰਹਿ ਜਾਣ ਨਾਲ ਇਕ ਤਾਂ ਇਸ ਦੇ



ਮੱਧਕਾਲੀਨ ਉਸਾਰ ਦਾ ਸੰਪੂਰਨ ਵਿਗਠਨ ਹੋ ਚੁੱਕਾ ਹੈ ਅਤੇ ਹੋ ਰਿਹਾ ਹੈ। ਦੂਜੇ ਪਾਸੇ ਇਸ ਉੱਤੇ ਇਕ ਭਾਸ਼ਾਈ ਬਦਲ ਦੇ ਸੰਪੂਰਨ ਰੂਪ ਵਿਚ ਭਾਰੂ ਹੋ ਜਾਣ ਨਾਲ ਪੰਜਾਬੀ ਭਾਸ਼ਾ ਦਾ ਇਕ ਤਰ੍ਹਾਂ ਨਾਲ ਮੁਢੋਂ ਨਵਾਂ ਸਾਰ ਅਤੇ ਸੁਭਾ ਉਸਰਨਾ ਆਰੰਭ ਹੋ ਗਿਆ ਹੈ। ਇਸ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਸ ਨਵੇਂ ਉਸਰ ਰਹੇ ਸਾਰ ਅਤੇ ਸੁਭਾ ਦਾ ਮੱਧਕਾਲੀਨ ਪੰਜਾਬੀ ਦੇ ਸਾਰ, ਸੁਭਾ ਨਾਲ ਲਗਭਗ ਕੋਈ ਸੰਬੰਧ ਨਹੀਂ। ਅਤੇ ਦੂਸਰੇ ਇਹ ਨਵਾਂ ਭਾਸ਼ਾਈ ਸਾਰ ਅਜੇ ਸਭਿਆਚਾਰਕ ਭਾਵ-ਖੇਤਰ ਤੋਂ ਬਿਲਕੁਲ ਸੱਖਣਾ ਹੈ। ਤੀਸਰੇ, ਸੰਸਕ੍ਰਿਤ, ਹਿੰਦੀ ਦਾ ਗ਼ਲਬਾ ਕੇਂਦਰੀ ਬ੍ਰਾਹਮਣਕ ਸਭਿਆਚਾਰ ਦੇ ਮਾਰੂ ਪ੍ਰਭਾਵ ਦਾ ਕਾਰਣ ਵੀ ਬਣ ਰਿਹਾ ਹੈ। ਚੌਥੇ, ਇਸ ਗ਼ਲਬੇ ਦੇ ਪ੍ਰਭਾਵ ਅਧੀਨ ਅਥਾਹ ਸਥਾਨਕ ਸ਼ਬਦਾਵਲੀ ਦੀ ਸੰਭਾਲ ਪ੍ਰਤਿ ਕੋਈ ਧਿਆਨ ਨਹੀਂ ਦਿੱਤਾ ਗਿਆ ਜਿਸ ਦਾ ਸੁਭਾ ਪੰਜਾਬੀ ਚੇਤਨਾ ਦੇ ਅਨੁਕੂਲ ਅਤੇ ਉਸ ਵਿਚ ਰਚ-ਮਿਚ ਚੁੱਕਾ ਸੀ ਅਤੇ ਜਿਹੜਾ ਪੰਜਾਬੀ ਦੇ ਸਬਦ-ਭੰਡਾਰ ਦਾ ਇਕ ਮਹੱਤਵਪੂਰਨ ਹਿੱਸਾ ਬਣ ਸਕਦਾ ਸੀ। ਉਰਦੂ ਨੂੰ ਪੰਜਾਬ ਦੀ ਦੂਜੀ ਭਾਸ਼ਾ ਵਜੋਂ ਲਾਗੂ ਨਾ ਕਰਨਾ ਪ੍ਰਾਦੇਸ਼ਕ ਭਾਸ਼ਾਵਾਂ ਅਤੇ ਸਭਿਆਚਾਰਾਂ ਬਾਰੇ ਕੇਂਦਰੀ ਬੁਰਜੁਆਜ਼ੀ ਦੀ ਬਸਤੀਵਾਦੀ ਪਹੁੰਚ ਦਾ ਇਕ ਹੋਰ ਪੱਖ ਹੈ ਜਿਹੜਾ ਪੰਜਾਬੀ ਭਾਸ਼ਾ ਦੇ ਸਮੁੱਚੇ ਸੰਕਟ ਅਤੇ ਵਿਗਠਨ ਦਾ ਕਾਰਣ ਬਣਿਆ ਹੈ।

ਇਸ ਸਥਿਤੀ ਤੋਂ ਛੁੱਟ, ਪੰਜਾਬੀ ਭਾਸ਼ਾ ਦੇ ਵਿਕਸਿਤ ਗਿਆਨ/ਵਿਗਿਆਨ ਦੀਆਂ ਸ਼ਾਖਾਵਾਂ ਦੇ ਪ੍ਰਗਟਾ ਦਾ ਮਾਧਿਅਮ ਬਣਨ ਦੇ ਰਾਹ ਪੈ ਸਕਣ ਕਾਰਣ, ਉੱਚ-ਪੱਧਰ ਦੀ ਸਿਖਿਆ ਦੇ ਮਾਧਿਅਮ ਬਣਾਏ ਅਤੇ ਲਾਜ਼ਮੀ ਵਿਸ਼ੈ ਦੇ ਤੌਰ ਤੇ ਪੜ੍ਹਾਏ ਜਾਣ, ਰੁਜ਼ਗਾਰ ਦਾ ਵਸੀਲਾ ਬਣ ਜਾਣ, ਰਾਜ-ਭਾਸ਼ਾ ਵਜੋਂ ਅਪਨਾਏ ਜਾਣ, ਲੋਕਾਂ ਵਿਚ ਕੁਝ ਭਾਸ਼ਾ-ਚੇਤਨਾ ਵਧ ਜਾਣ, ਸਰਕਾਰੀ ਪ੍ਰਬੰਧ ਵਿਚ ਆਂਸ਼ਕ ਤੌਰ ਤੇ ਪੰਜਾਬੀ ਲਾਗੂ ਹੋਣ, ਆਈ. ਏ. ਐਸ. ਅਤੇ ਪੀ.ਸੀ.ਐਸ. ਵਿਚ ਚੋਣਵਾਂ ਅਤੇ ਲਾਜ਼ਮੀ ਵਿਸ਼ਾ ਬਣਾਏ ਜਾਣ ਅਤੇ ਲੋਕਾਂ ਦੇ ਵਿਦਿਅਕ ਅਤੇ ਆਰਥਕ ਪੱਧਰ ਦੇ ਉੱਚਾ ਹੋਣ ਕਾਰਣ ਲੋਕਾਂ ਦੇ ਭਾਸ਼ਾਈ ਵਿਵਹਾਰ ਵਿਚ ਇਸ ਦਾ ਸਤਿਕਾਰ ਵੀ ਵਧਿਆ ਹੈ ਅਤੇ ਇਸ ਦਾ ਸਮਾਜਕ ਦਰਜਾ ਉੱਚਾ ਹੋਇਆ ਹੈ। ਹੁਣ ਇਹ ਕੇਵਲ ਗੰਵਾਰਾਂ ਪੇਂਡੂਆਂ ਦੀ ਭਾਸ਼ਾ ਨਾ ਰਹਿ ਕੇ ਪੜ੍ਹੇ ਲਿਖੇ ਅਤੇ ਉੱਚ-ਵਰਗ ਦੀ ਭਾਸ਼ਾ ਵਜੋਂ ਸਵੀਕਾਰੀ ਜਾਂਦੀ ਹੈ। ਇਸ ਦੇ ਭਾਵ-ਖੇਤਰ ਅਤੇ ਪ੍ਰਗਟਾ-ਸਮਰਥਾ ਵਿਚ ਵੀ ਨਾਜ਼ੁਕਤਾ, ਸੂਖਮਤਾ, ਢੁਕਵਾਂਪਣ ਅਤੇ ਜਟਿਲਤਾ ਆ ਰਹੀ ਹੈ। ਭਾਵੇਂ ਧਨੀ ਕਿਸਾਨੀ, ਨੌਕਰਸ਼ਾਹੀ, ਉਪਰਲਾ ਵਪਾਰਕ ਅਤੇ ਸਰਮਾਏਦਾਰ ਤਬਕਾ ਪੂਰੀ ਤਰ੍ਹਾਂ ਅੰਗਰੇਜ਼ੀ ਨਾਲ ਚੰਬੜਿਆ ਹੋਇਆ ਹੈ ਅਤੇ ਉਨ੍ਹਾਂ ਉੱਤੇ ਮਾਡਲ ਅਤੇ ਕਾਨਵੈਂਟ ਸਕੂਲਾਂ ਦਾ ਭੂਤ ਸਵਾਰ ਹੈ; ਜਿਥੇ ਪੰਜਾਬੀ ਦੀ ਪੜ੍ਹਾਈ ਲਈ ਕੋਈ ਵਿਵਸਥਾ ਨਹੀਂ ਹੈ। ਪਿਛਲੇ ਕੁਝ ਇਕ ਸਾਲਾਂ ਵਿਚ ਇਸ ਸੁਦਾ ਵਿਚ ਕੁਝ ਹੋਰ ਵਾਧਾ ਵੀ ਹੋਇਆ ਹੈ।

**ਵਿਰਸੇ ਪ੍ਰਤਿ ਵਿਵਹਾਰ ਦਾ ਸੁਭਾ :**—ਸਭਿਆਚਾਰ ਦੇ ਸਾਵੇਂ ਅਤੇ ਸਹੀ ਦਿਸ਼ਾ ਵਿਚ ਵਿਕਸਿਤ ਹੋਣ ਲਈ ਚਲੀਆਂ ਆ ਰਹੀਆਂ ਸਭਿਆਚਾਰਕ ਪਰੰਪਰਾਵਾਂ ਨਾਲ ਡੂੰਘੀ ਸਾਂਝ ਉੱਤੇ ਹੀ ਨਵੀਆਂ ਪਰਿਸਥਿਤੀਆਂ ਅਨੁਕੂਲ ਪੁਨਰ-ਉਸਾਰੀ ਕਰਨੀ ਅਤੇ ਉਨ੍ਹਾਂ ਨੂੰ ਨਵੇਂ ਅਰਥ ਦੇਣੇ ਜ਼ਰੂਰੀ ਹੁੰਦੇ ਹਨ। ਬਦਲੀਆਂ ਹੋਈਆਂ ਸਮਾਜਕ, ਆਰਥਕ, ਇਤਿਹਾਸਕ ਹਾਲਤਾਂ ਵਿਚ ਨਵਾਂ ਸਭਿਆਚਾਰ ਕਿਸੇ ਖ਼ਿਲਾਅ ਦੀ ਥਾਂ ਪੁਰਾਣੇ ਦੀ ਹੀ ਨਵੀਂ ਉਸਾਰੀ ਹੁੰਦੀ ਹੈ। ਇਸ ਲਈ ਪ੍ਰਾਪਤ ਸਭਿਆਚਾਰਕ ਵਿਰਸੇ ਦੀ ਸੰਭਾਲ, ਉਸ ਦੀ ਸਮਝ, ਉਸ ਨਾਲ ਡੂੰਘੀ ਜਜ਼ਬਾਤੀ

ਸਾਂਝ, ਉਸ ਬਾਰੇ ਚੇਤਨਤਾ ਅਤੇ ਉਸ ਦੀ ਨਵੀਂ ਵਿਆਖਿਆ, ਉਸ ਸਭਿਆਚਾਰ ਦੇ ਅਗਲੇਰੇ ਗੁਣਾਤਮਕ ਵਿਕਾਸ ਦੀ ਬੁਨਿਆਦੀ ਲੋੜ ਹੁੰਦੀ ਹੈ । ਇਹ ਅਮਲ ਅਚੇਤ ਪੱਧਰ ਉੱਤੇ ਜਨ-ਸਾਧਾਰਣ ਅਤੇ ਸੁਚੇਤ ਪੱਧਰ ਉੱਤੇ ਕਲਾਕਾਰ ਤੇ ਬੁਧੀਜੀਵੀ ਵਰਗ ਰਾਹੀਂ ਪੂਰਾ ਕੀਤਾ ਜਾਂਦਾ ਹੈ । ਪੰਜਾਬ ਦੀ ਅਜੋਕੀ ਸਭਿਆਚਾਰਕ ਸਥਿਤੀ ਦਾ ਵੱਡਾ ਦੁਖਾਂਤ ਇਹ ਹੈ ਕਿ ਇਸ ਦੇ ਪੈਰ ਨਾ ਤਾਂ ਪੁਰਾਣੇ ਸਭਿਆਚਾਰ ਵਿਚ ਹਨ ਅਤੇ ਨਾ ਹੀ ਕਿਸੇ ਨਵੇਂ ਸਭਿਆਚਾਰਕ ਵਿਰਸੇ ਦੇ ਸਥੂਲ ਆਧਾਰਾਂ ਦੀ ਸਿਰਜਣਾ ਹੀ ਅਜੇ ਸੰਭਵ ਹੋਈ ਹੈ । ਪੰਜਾਬ ਦੀ ਭੂਗੋਲਕ ਵੰਡ ਅਤੇ ਪੰਜਾਬੀ ਭਾਸ਼ਾ ਦੀ ਉਪਰੋਕਤ ਸਥਿਤੀ ਨੇ ਜਿਥੇ ਪੁਰਾਣੇ ਸਭਿਆਚਾਰ ਨਾਲੋਂ ਟੁੱਟਣ ਦੇ ਅਮਲ ਨੂੰ ਤੇਜ਼ ਕੀਤਾ ਉਥੇ ਖੇਤੀ ਅਰਥਚਾਰੇ ਦਾ ਤੇਜ਼ੀ ਨਾਲ ਹੋਇਆ ਵਿਕਾਸ ਵੀ ਇਸ ਦੇ ਵਿਗਠਨ ਦਾ ਸੁਭਾਵਕ ਕਾਰਨ ਬਣਿਆ ਹੈ । ਜਨ-ਸਾਧਾਰਣ ਮੱਧਕਾਲੀਨ ਜਗੀਰੂ ਸਭਿਆਚਾਰਕ ਰਹਿੰਦ-ਖੂੰਹਦ ਵਿਚਲੇ ਰਸਮਾਂ ਰਿਵਾਜਾਂ, ਵਿਸ਼ਵਾਸਾਂ ਤੇ ਪਰੰਪਰਾਗਤ ਧਾਰਮਿਕ ਸ਼ਰਧਾ ਜਨ-ਸਾਧਾਰਣ ਦੀ ਮਾਨਸਿਕਤਾ ਦੀਆਂ ਡੂੰਘੀਆਂ ਪਰਤਾਂ ਉਤੇ ਭਾਰੂ ਹੈ ਭਾਵੇਂ ਉਨ੍ਹਾਂ ਦੇ ਆਲੇ-ਦੁਆਲੇ ਅਤੇ ਉਨ੍ਹਾਂ ਦੇ ਆਪਣੇ ਜੀਵਨ ਵਿਚ ਮੁਕਾਬਲਤਨ ਆਰਥਕ ਵਿਕਾਸ ਅਤੇ ਹੋਰ ਪਰਿਵਰਤਨ ਵਾਪਰਿਆ ਹੈ । ਫਾਰਸੀ ਉਰਦੂ ਦੇ ਗਿਆਨ ਤੋਂ ਸੱਖਣੀ ਨਵੀਂ ਪੀੜ੍ਹੀ ਦਾ ਮੱਧਕਾਲੀਨ ਸਾਹਿਤਕ ਵਿਰਸੇ ਨਾਲ ਲਗਭਗ ਕੋਈ ਸਬੰਧ ਹੀ ਨਹੀਂ ਰਿਹਾ । ਪੁਰਾਤਨ ਸਭਿਆਚਾਰ ਦੇ ਲੋਕ-ਹਿਤੀ ਪੈਂਤੜੇ ਵਾਲੇ ਅੰਸ਼ਾਂ ਰਾਹੀਂ ਲੋਕ-ਚੇਤਨਾ ਨੂੰ ਨਵੇਂ ਹਾਲਾਤ ਅਨੁਸਾਰ ਢਾਲਣ ਦਾ ਕੰਮ ਮੁਖ ਤੌਰ ਤੇ ਪੜ੍ਹੇ ਲਿਖੇ ਬੁੱਧੀਜੀਵੀ ਵਰਗ ਰਾਹੀਂ ਹੀ ਹੋਣਾ ਸੰਭਵ ਸੀ । ਪਰੰਤੂ ਲਗਭਗ ਇਸ ਸਦੀ ਦੇ ਛੇਵੇਂ ਸੱਤਵੇਂ ਦਹਾਕੇ ਤੱਕ ਅਜੇਹੀ ਬੌਧਿਕ ਅਗਵਾਈ ਸ਼ਹਿਰੀ ਮੱਧਸ਼੍ਰੇਣੀ ਅਤੇ ਵਪਾਰਕ ਵਰਗ ਦੇ ਹੱਥਾਂ ਵਿਚ ਰਹੀ ਜਿਹੜੀ ਨਾ ਤਾਂ ਆਪਣੇ ਵਿਰਸੇ ਦੇ ਇਨਕਲਾਬੀ ਤੱਤਾਂ ਤੋਂ ਹੀ ਸੁਚੇਤ ਸੀ ਅਤੇ ਨਾ ਹੀ ਮੱਧਕਾਲੀਨ ਸਭਿਆਚਾਰ ਦੇ ਲੋਕ-ਹਿਤੀ ਅੰਸ਼ਾਂ ਅਤੇ ਇਨਕਲਾਬੀ ਤੱਤਾਂ ਨੂੰ ਉਭਾਰਨਾ ਉਸ ਦੇ ਜਮਾਤੀ ਹਿਤਾਂ ਅਨਕੂਲ ਸੀ । ਨਤੀਜੇ ਵਜੋਂ, ਉਹ ਸਿਖ-ਲਹਿਰ ਦੇ ਕੇਵਲ ਧਾਰਮਿਕ ਮੁਹਾਵਰੇ ਦਾ ਸਰਲ ਅਰਥ ਹੀ ਪੇਸ਼ ਕਰਨ ਅਤੇ ਗੁਰਬਾਣੀ ਦੀ ਅਸਲ ਇਨਕਲਾਬੀ ਲੋਕ-ਹਿਤੀ ਸਮਾਜਕ ਮਨੁੱਖੀ ਵਸਤੂ ਦੀ ਥਾਂ ਉਸਨੂੰ ਧਰਮ ਦੀਆਂ ਸੀਮਤ ਵਲਗਣਾਂ ਵਿਚ ਬੰਦ ਕਰਨ ਵਿਚ ਹੀ ਰੁਝੀ ਰਹੀ । ਇਸ ਵਰਗ ਨੇ ਸਿਖੀ ਨੂੰ ਉਠਦੀ ਸ਼ਹਿਰੀ ਸਿਖ ਬੁਰਜੁਆਜ਼ੀ ਦੀ ਵਿਚਾਰਧਾਰਾ ਦੇ ਬੁਲਾਰੇ ਦਾ ਰੂਪ ਦਿਤਾ ਅਤੇ ਹੁਣ ਸਿੱਖੀ ਨੂੰ ਧਨੀ ਕਿਸਾਨਾਂ ਦੇ ਜਮਾਤੀ ਹਿਤਾਂ ਅਤੇ ਰਾਜਸੀ ਸੱਤਾ ਨੂੰ ਸੁਰੱਖਿਅਤ ਰਖਣ ਦੇ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ । ਪੰਜਾਬ ਦਾ ਮੱਧਕਾਲੀਨ ਸਭਆਚਾਰਕ ਵਿਰਸਾ ਕਿਸਾਨੀ ਸਭਿਆਚਾਰਕ ਵਿਰਸਾ ਹੈ ਜਿਸ ਦੇ ਸੁਭਾਅ ਦੀਆਂ ਗੁੰਝਲਾਂ ਤੱਕ ਪਹੁੰਚਣ ਦੀ ਸ਼ਾਇਦ ਸਮਝ ਅਤੇ ਸਮਰਥਾ ਹੀ ਇਹਨਾਂ ਮੱਧਸ਼੍ਰੇਣਿਕ ਬੁੱਧੀ-ਜੀਵੀਆਂ ਪਾਸ ਨਹੀਂ ਸੀ । ਨਤੀਜੇ ਵਜੋਂ, ਇਹਨਾਂ ਬੌਧਿਕ ਆਗੂਆਂ ਅਤੇ ਜਨ-ਸਾਧਾਰਨ ਦਾ ਆਪਣੇ ਸਭਿਆਚਾਰਕ ਵਿਰਸੇ ਵਲ ਪ੍ਰਤਿਕਰਮ ਪ੍ਰੇਰਨਾ ਗ੍ਰਹਿਣ ਕਰਨ ਦੀ ਥਾਂ ਮੁੱਖ ਤੌਰ ਤੇ ਉਸ ਵਲ ਜਜ਼ਬਾਤੀ ਮਕਾਨਕੀ ਦੁਹਰਾਉ ਉਦਰੇਵੇਂ ਭਰਿਆ(nostalgic)ਅਤੇ ਉਸ ਦੀ ਬਾਹਰੀ ਦਿੱਖ ਤਕ ਸੀਮਤ ਰਹਿਣ ਵਾਲਾ ਪ੍ਰਤਿਕਰਮ ਹੀ ਹੈ । ਇਸੇ ਕਰਕੇ ਖੇਤੀ ਅਰਥਚਾਰੇ ਵਿਚ ਪੈਦਾਵਾਰੀ ਦੇ ਸਰਮਾਏਦਾਰੀ ਰਿਸ਼ਤੇ ਕਾਇਮ ਹੋਣ ਦੇ ਬਾਵਜੂਦ ਵੀ ਲੋਕ-ਮਨਾਂ ਦੇ ਨਾਲ ਨਾਲ ਉਪਰਲਿਆਂ ਤਬਕਿਆਂ ਦੀ ਮਾਨਸਕਤਾ ਉਤੇ ਮੱਧਕਾਲੀਨ ਜਗੀਰਦਾਰੀ ਸਭਿਆਚਾਰ ਦੇ ਨਿਰਜਿੰਦ ਅਤੇ ਖੜੋਤ ਵਾਲੇ ਅੰਸ਼ ਹੀ ਅਜੇ ਤਕ ਭਾਰੂ ਹਨ । ਸੱਤਵੇਂ ਅੱਠਵੇਂ ਦਹਾਕੇ ਵਿਚ ਪੇਂਡੂ ਮੱਧਸ਼੍ਰੇਣਿਕ



ਬੁਧੀਜੀਵੀਆਂ ਦਾ ਉਭਾਰ ਸ਼ੁਰੂ ਹੁੰਦਾ ਹੈ ਜਿਹੜੇ ਲੋਕਾਂ ਅਤੇ ਆਰਥਕ ਨੀਂਹ ਦੇ ਵਿਰੋਧਾਂ ਦੇ ਜ਼ਿਆਦਾ ਨੇੜੇ ਹਨ । ਉਹਨਾ ਨੇ ਆਪਣੇ ਵਿਰਸੇ ਪ੍ਰਤੀ ਜ਼ਿਆਦਾ ਸਜਗਤਾ ਵਿਖਾਈ ਹੈ ਅਤੇ ਉਸ ਦੀ ਪੁਨਰ ਵਿਆਖਿਆ ਦੇ ਯਤਨ ਵੀ ਕੀਤੇ ਹਨ । ਤੇਜ਼ੀ ਨਾਲ ਹੋ ਰਹੀ ਆਰਥਕ ਤਬਦੀਲੀ ਦੇ ਦਬਾਉ ਹੇਠ ਵਿਗਠਤ ਹੋ ਰਹੇ ਸਭਿਆਚਾਰ ਸਬੰਧੀ ਖੋਜ ਅਤੇ ਉਸਦੀ ਸੰਭਾਲ ਸਬੰਧੀ ਕੁਝ ਚੇਤਨਤਾ ਪਿਛਲੇ ਸਾਲਾਂ ਵਿਚ ਉਭਰੀ ਹੈ । ਹੁਣ ਤਕ ਇਸ ਮਹੱਤਵਪੂਰਣ ਕੰਮ ਵਲ ਕਿਸੇ ਸੰਸਥਾ ਆਦਿ ਵਲੋਂ ਕੋਈ ਹੁੰਗਾਰਾ ਨਹੀਂ ਮਿਲਿਆ । ਵਿਅਕਤੀਗਤ ਤੌਰ ਤੇ ਕੁਝ ਇਕ ਵਿਦਵਾਨਾਂ ਨੇ ਇਸ ਵਲ ਮੁਢਲੇ ਕਦਮ ਹੀ ਚੁਕੇ ਹਨ । ਆਰਥਕ ਵਿਕਾਸ, ਰੇਡੀਓ, ਟੈਲੀਵੀ-ਜ਼ਨ, ਬਦੇਸੀ ਸਰਮਾਏ ਦੇ ਮਾਧਿਅਮ ਰਾਹੀਂ ਪਹੁੰਚਣ ਵਾਲੇ ਪੱਛਮੀ ਬੁਰਜੂਆ ਸਭਿਆਚਾਰ ਦਾ ਇਹ ਹਮਲਾ ਇੰਨਾ ਤਿਖਾ ਤੇ ਪੁਰਾਤਨ ਸਭਿਆਚਾਰਕ ਵਿਰਸੇ ਨਾਲ ਇਸ ਦਾ ਏਨਾ ਡੂੰਘਾ ਅੰਤਰ ਹੈ ਕਿ ਕਈ ਵਾਰ ਇਕ ਤਰਾਂ ਦੇ ਸਭਿਆਚਾਰਕ ਖਿਲਾਅ ਦਾ ਭੁਲੇਖਾ ਪੈਂਦਾ ਹੈ ।

**ਸੂਖਮ ਕਲਾਵਾਂ ਦਾ ਖੇਤਰ :—** ਸੂਖਮ ਕਲਾਵਾਂ ਸਭਿਆਚਾਰ ਦਾ ਉਹ ਨਿੱਗਰ ਹਿੱਸਾ ਹੁੰਦੀਆਂ ਹਨ ਜਿਹਨਾਂ ਵਿਚ ਇਕ ਮਨੁਖੀ ਸਮੂਹ ਦੀ ਸਰਬ ਸਾਂਝੀ ਸ਼ਖ਼ਸੀਅਤ ਅਤੇ ਲੋਕ-ਮਨਾਂ ਦੀਆਂ ਅਤਿ ਡੂੰਘੀਆਂ ਗੁੰਝਲਦਾਰ ਪਰਤਾਂ ਦਾ ਸੂਖਮ ਪ੍ਰਗਟਾ ਹੁੰਦਾ ਹੈ । ਸਭਿਆਚਾਰਕ ਵਿਰਸੇ ਪ੍ਰਤੀ ਉਪਰੋਕਤ ਅਵੇਸਲੇਪਣ ਕਾਰਨ ਲੋਕ-ਬੁਤ-ਕਲਾ ਅਤੇ ਲੋਕ-ਚਿਤਰਕਲਾ ਦੀ ਨਾ ਤਾਂ ਸਹੀ ਸੰਭਾਲ ਹੀ ਹੋਈ ਹੈ ਅਤੇ ਨਾ ਹੀ ਇਹ ਅਜੋਕੇ ਦੌਰ ਵਿਚਲੀ ਪੰਜਾਬ ਦੀ ਚਿਤਰਕਲਾ ਜਾਂ ਬੁਤਕਲਾ ਲਈ ਪ੍ਰੇਰਨਾ ਦਾ ਕੋਈ ਸੋਮਾ ਬਣ ਸਕੀ ਹੈ । ਵਿਸ਼ੇਸ਼ ਕਰਕੇ ਇਨ੍ਹਾਂ ਦੋ ਕਲਾਵਾਂ ਨੂੰ ਕੇਵਲ ਉਪਰਲੀ ਸ਼ਹਿਰੀ ਮੱਧ-ਸ਼੍ਰੇਣੀ ਰਾਹੀਂ ਹੀ ਪ੍ਰਮੁੱਖ ਰੂਪ ਵਿਚ ਅਪਨਾਇਆ ਗਿਆ ਹੈ । ਸਿਟੇ ਵਜੋਂ ਇਹ ਕਲਾਵਾਂ ਨਿਰੋਲ ਪੱਛਮੀ ਮਾਡਲਾਂ ਅਨੁਸਾਰ ਵਿਕਸਿਤ ਹੋਈਆਂ ਅਤੇ ਹੋ ਰਹੀਆਂ ਹਨ । ਇਨ੍ਹਾਂ ਵਿਚ ਪੰਜਾਬੀ ਜੀਵਨ, ਪੰਜਾਬ ਦੀ ਕੁਦਰਤੀ ਸੁੰਦਰਤਾ, ਸਭਿਆਚਾਰਕ ਪ੍ਰਤੀਕਾਂ ਅਤੇ ਚਿਨ੍ਹਾਂ ਦੇ ਪ੍ਰਗਟਾ ਦਾ ਮੂਲੋਂ ਹੀ ਅਭਾਵ ਹੈ । ਚਿਤਰ-ਕਲਾ ਵਿਚ ਸਿਖ ਇਤਿਹਾਸ ਦੀਆਂ ਕੁਝ ਝਾਕੀਆਂ ਅਤੇ ਸਿਖ ਗੁਰੂਆਂ ਦੀਆਂ ਤਸਵੀਰਾਂ ਪ੍ਰੇਰਨਾ ਦਾ ਸੋਮਾ ਜ਼ਰੂਰ ਬਣੀਆਂ ਹਨ ਪਰੰਤੂ ਇਹਨਾਂ ਵਿਚ ਉਚ ਪੱਧਰ ਦੀ ਸਿਰਜਨਾਤਮਕਤਾ ਅਤੇ ਮੌਲਿਕਤਾ ਦੀ ਥਾਂ ਮਕਾਨਕੀ ਦੁਹਰਾਉ ਹੀ ਭਾਰੂ ਹੈ । ਪੰਜਾਬ ਦੇ ਲੋਕ-ਨਾਚਾਂ ਵਿਚਲੀ ਮੌਲਿਕਤਾ ਨੂੰ ਕਾਇਮ ਰਖਦਿਆਂ, ਇਸ ਨੂੰ ਮੁੜ ਲੋਕਾਂ ਵਿਚ ਲੈ ਜਾਣ ਦੀ ਥਾਂ ਇਹਨਾਂ ਦੇ ਵਪਾਰੀਕਰਣ ਅਤੇ ਇਹਨਾਂ ਨੂੰ ਮਕਾਨਕੀ ਬਣਾਉਣ ਦੀ ਪ੍ਰਵਿਰਤੀ ਪਿਛਲੇ ਇਕ ਦਹਾਕੇ ਵਿਚ ਭਾਰੂ ਰੁਚੀ ਵਜੋਂ ਉਭਰੀ ਹੈ । ਆਰਥਕ ਤੰਗੀ, ਖੁਭਵੇਂ ਮੁਕਾਬਲੇ ਅਤੇ ਸਖਤ ਪੇਂਡੂ ਜੀਵਨ ਵਿਚ ਜਨ-ਸਾਧਾਰਨ ਕੋਲ ਇਹਨਾਂ ਕਲਾਵਾਂ ਵਿਚ ਰੁਚੀ ਜਾਂ ਹਿੱਸਾ ਲੈਣ, ਸਿਖਲਾਈ ਪ੍ਰਾਪਤ ਕਰਨ ਦੀ ਨਾ ਤਾਂ ਵਿਹਲ ਹੀ ਹੈ ਨਾ ਹੀ ਸਾਧਨ । ਸਿੱਟੇ ਵਜੋਂ ਇਹਨਾਂ ਦੀ ਅਗਵਾਈ ਲੋਕ-ਜੀਵਨ ਨਾਲ ਪੂਰੀ ਤਰ੍ਹਾਂ ਨਾ ਜੁੜੇ ਹੋਏ ਪੇਂਡੂ ਸ਼ਹਿਰੀ ਉਪਰਲੇ ਮੱਧਵਰਗ ਤਕ ਹੀ ਸੀਮਤ ਹੈ । ਇਹਨਾਂ ਤੋਂ ਵੱਧ ਪੰਜਾਬ ਦੇ ਲੋਕ-ਸੰਗੀਤ ਦਾ ਵਪਾਰੀਕਰਣ ਅਤੇ ਵਿਗਾੜ ਹੋਇਆ ਹੈ । ਕਾਰਨ ਲੋਕ-ਨਾਚਾਂ ਦੇ ਪ੍ਰਸੰਗ ਵਾਲੇ ਉਪਰੋਕਤ ਹੀ ਹਨ । ਸਾਹਿਤ ਹੀ ਇਕ ਅਜਿਹਾ ਖੇਤਰ ਹੈ ਜਿਸ ਵਿਚ ਮੁਕਾਬਲਤਨ ਬਹੁਤ ਅਧਿਕ ਅਤੇ ਗੁਣਾਤਮਕ ਵਿਕਾਸ ਹੋਇਆ ਹੈ । ਸ਼ਾਇਦ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਵੰਡ ਤੋਂ ਬਾਅਦ ਪੰਜਾਬ ਵਿਚ ਸਮਾਜਕ, ਵਿਚਾਰਧਾਰਕ, ਰਾਜਨੀਤਕ ਅਤੇ ਸਭਿਆਚਾਰਕ ਚੇਤਨਾ ਦੀ ਉਸਾਰੀ ਵਿਚ ਜਿੰਨਾ ਸਫਲ ਰੋਲ ਸਾਹਿਤ ਦਾ ਹੈ, ਹੋਰ ਕਿਸੇ ਖੇਤਰ ਦਾ ਨਹੀਂ । ਭਾਵੇਂ ਲਗਭਗ ਛੇਵੇਂ ਦਹਾਕੇ ਤਕ

ਮੁੱਖ ਤੌਰ 'ਤੇ ਸ਼ਹਿਰੀ ਮੱਧ-ਸ਼੍ਰੇਣੀ ਰਾਹੀਂ ਸਿਰਜਿਆ ਗਿਆ ਸਾਹਿਤ ਰੋਮਾਂਟਿਕ ਆਦਰਸ਼ਵਾਦੀ ਸੁਧਾਰਵਾਦੀ ਸੁਭਾਅ ਦਾ ਧਾਰਨੀ ਸੀ, ਪਰੰਤੂ ਇਸ ਨੇ ਮੁਕਾਬਲਤਨ ਪੁਰਾਣੀ ਜੜ੍ਹ ਸੋਚ, ਵਿਸ਼ਵਾਸਾਂ ਅਤੇ ਕੀਮਤਾਂ ਦੀ ਜਕੜ ਨੂੰ ਤੋੜਨ ਲਈ ਆਪਣੇ ਇਤਿਹਾਸਕ ਪ੍ਰਸੰਗ ਵਿਚ ਸਾਰਥਕ ਭੂਮਿਕਾ ਨਿਭਾਈ ਹੈ। ਇਸ ਮੱਧ ਸ਼੍ਰੇਣੀ ਦੀ ਨਵੀਂ ਪੀੜ੍ਹੀ ਛੇਵੇਂ ਦਹਾਕੇ ਤੋਂ ਬਾਅਦ ਪ੍ਰਯੋਗਵਾਦ ਅਤੇ ਆਧੁਨਿਕਤਾ ਦੇ ਨਾਹਰਿਆਂ ਥੱਲੇ ਬੁਰਜੁਆ ਵਿਚਾਰਧਾਰਾ ਨੂੰ ਸਥਾਪਤ ਕਰਨ ਅਤੇ ਲੋਕ-ਜਜ਼ਬੇ ਨੂੰ ਨਿੱਸਲ ਬਣਾਉਣ ਵਾਲੇ ਸਾਹਿਤ ਵਿਚ, ਮਨੁੱਖ ਦੀ ਇਕੱਲਤਾ, ਅਵਿਸ਼ਵਾਸ, ਲਘੁਤਾ, ਨਿਰਾਰਥਕਤਾ, ਅੰਤਰਪੀੜਾ, ਵਿਸ਼ਾਦ, ਨਿਰਾਸ਼ਾ ਆਦਿ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਬੀੜਾ ਚੁਕਦੀ ਹੈ, ਪਰੰਤੂ ਇਹ ਧਾਰਾ ਨਿਰਾਧਾਰ ਹੋ ਕੇ ਜਲਦੀ ਪਿਛੋਕੜ ਵਿਚ ਚਲੀ ਗਈ। ਸੱਤਵੇਂ ਦਹਾਕੇ ਬਾਅਦ ਪੇਂਡੂ ਮੱਧ-ਸ਼੍ਰੇਣੀ ਸਾਹਿਤ ਦੇ ਖੇਤਰ ਵਿਚ ਭਾਰੂ ਰੂਪ ਵਿਚ ਦਾਖ਼ਲ ਹੁੰਦੀ ਹੈ ਜਿਹੜੀ ਲੋਕ-ਜੀਵਨ ਅਤੇ ਆਰਥਕ ਵਿਰੋਧਾਂ ਦੇ ਅਧਿਕ ਨਜ਼ਦੀਕ ਹੋਣ ਕਰਕੇ ਉਪਰੋਕਤ ਕਿਸਮ ਦੇ ਸਾਹਿਤ ਦੇ ਵਿਰੋਧ ਵਿਚ ਸਮਾਜਕ ਯਥਾਰਥ ਨੂੰ ਚਿਤਰਣ ਵਾਲੇ ਸਾਰਥਕ ਸਮਾਜਕ ਵੇਗ ਅਨੁਕੂਲ ਸ਼ੁੱਧ ਮਨੁੱਖ-ਹਿਤੀ ਪੈਂਤੜੇ ਨੂੰ ਅਪਨਾਉਣ ਵਾਲੇ ਸਾਹਿਤ ਦੀ ਸਿਰਜਣਾ ਵਲ ਅਧਿਕ ਰੁਚਿਤ ਹੈ। ਇਕ ਤਰ੍ਹਾਂ ਨਾਲ ਇਹ ਦੋਵੇਂ ਵਿਚਾਰਧਾਰਾਵਾਂ ਦੀ ਫਸਵੀਂ ਟੱਕਰ ਇਸ ਵੇਲੇ ਦੇ ਸਾਹਿਤ ਦਾ ਉਭਰਵਾਂ ਲੱਛਣ ਹੈ, ਜਿਸ ਵਿਚ ਅਜੇ ਤਕ ਦੂਸਰੀ ਕਿਸਮ ਦੀ ਵਿਚਾਰਧਾਰਾ ਦਾ ਪੱਲੜਾ ਨਿਰਸੰਦੇਹ ਭਾਰੀ ਹੈ ਅਤੇ ਇਸ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਪ੍ਰਾਪਤ ਹੋਇਆ ਹੈ। ਦੋ ਵੱਖ ਵੱਖ ਕਵੀਆਂ ਦੀਆਂ ਹੇਠ ਲਿਖੀਆਂ ਪੰਕਤੀਆਂ ਜੀਵਨ-ਕੀਮਤਾਂ, ਜੀਵਨ-ਦ੍ਰਿਸ਼ਟੀਕੋਣ, ਜਮਾਤੀ ਆਧਾਰਾਂ ਅਤੇ ਵਿਚਾਰਧਾਰਕ ਟੱਕਰ ਦੇ ਉਪਰੋਕਤ ਸੁਭਾਅ ਨੂੰ ਬੜੇ ਸਪਸ਼ਟ ਢੰਗ ਨਾਲ ਪੇਸ਼ ਕਰਦੀਆਂ ਹਨ :

ਮੈਂ ਪਿੰਜਰੇ ਬੰਦ ਇਕ ਸਿਫਰਾ
ਖਿਲਾਅ ਅੰਦਰ ਭਟਕਦਾ ਹਾਂ
ਮੇਰੀ ਆਪਣੀ ਖਾਮੋਸ਼ੀ ਬਿਨ
ਕੋਈ ਸਾਥੀ ਨਹੀਂ ਮੇਰਾ
ਕੋਈ ਰਸਤਾ ਨਹੀਂ ਕਿ ਤੁਰ ਕੇ
ਆਪਣੇ ਕੋਲ ਹੀ ਆ ਜਾਵਾਂ (ਹਰਿਭਜਨ ਸਿੰਘ)

ਅਤੇ ਮੈਂ ਇਕ ਆਵਾਜ਼ ਹਾਂ
ਆਪਣੀ ਮੌਤ ਤੋਂ ਪਹਿਲਾਂ
ਹਜ਼ਾਰਾਂ ਜਿਸਮ ਬਣ ਕੇ ਨਿਕਲ ਜਾਵਾਂਗਾ
ਤੂਫਾਨਾਂ ਦੇ ਉਡਾਏ ਬੀਜ
ਮੌਸਮ ਆਉਣ 'ਤੇ
ਮੁੜ ਫਸਲ ਬਣ ਕੇ
ਉਗ ਪੈਂਦੇ ਨੇ (ਜਗਤਾਰ)

ਆਰਥਕ, ਰਾਜਸੀ, ਭਾਸ਼ਾਈ, ਪੁਰਾਤਨ ਵਿਰਸੇ ਅਤੇ ਸੂਖਮ ਕਲਾਵਾਂ ਤੋਂ ਛੁੱਟ ਧਰਮ, ਜ਼ਾਤਪਾਤ, ਮਨੁੱਖੀ ਰਿਸ਼ਤਿਆਂ ਦਾ ਸੁਭਾਅ, ਨੈਤਕ ਕੀਮਤਾਂ, ਲੋਕਯਾਨ ਆਦਿ ਸਭਿਆਚਾਰ ਦੇ ਅਨਿਖੜ ਅੰਗ



ਮੂਲ ਅਧਾਰ ਹੁੰਦੇ ਹਨ, ਜਿਹਨਾਂ ਵਿਚਲੀ ਤਬਦੀਲੀ ਦਾ ਸੁਭਾਅ ਸਮੁੱਚੀ ਸਭਿਆਚਾਰਕ ਤਬਦੀਲੀ ਦੇ ਸੁਭਾਅ, ਵਿਕਾਸ ਅਤੇ ਰੁਖ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ ਪਰੰਤੂ ਉਪਰੋਕਤ ਖੇਤਰਾਂ ਵਿਚਲੀ ਤਬਦੀਲੀ ਦਾ ਸੁਭਾਅ ਹੀ ਸ਼ਾਇਦ ਸਮੁੱਚੀ ਸਭਿਆਚਾਰਕ ਤਬਦੀਲੀ ਦੇ ਸੁਭਾਅ, ਵਿਕਾਸ ਅਤੇ ਦਿਸ਼ਾ ਵਲ ਸੰਕੇਤ ਕਰਨ ਲਈ ਕਾਫੀ ਹੈ।

---

**'ਸੇਧ' ਦੀ ਮਾਲਕੀ ਅਤੇ ਹੋਰ ਗੱਲਾਂ ਬਾਰੇ ਵੇਰਵਾ**

ਫ਼ਾਰਮ 4 (ਵੇਖੋ ਨੇਮ 8)

**(ਇਸੇ ਅੰਕ ਦੇ ਪੰਨਾ 42 ਉਤੇ ਦਿਤੇ ਵੇਰਵੇ ਦੀ ਥਾਂ ਇਹ ਵੇਰਵਾ ਸਹੀ ਸਮਝਿਆ ਜਾਵੇ)**

1. ਪ੍ਰਕਾਸ਼ਨ ਦਾ ਸਥਾਨ : 140, ਸੇਵਕ ਕਾਲੋਨੀ, ਸੰਤ ਨਗਰ, ਪਟਿਆਲਾ।
2. ਪ੍ਰਕਾਸ਼ਨ ਕਾਲ : ਮਾਸਕ
3. ਪ੍ਰਿੰਟਰ ਅਤੇ ਪ੍ਰਕਾਸ਼ਕ ਦਾ ਨਾਂ : ਲੱਖਾ ਸਿੰਘ ਤੂਰ
   ਕੌਮੀਅਤ : ਭਾਰਤੀ
   ਪਤਾ : 140, ਸੇਵਕ ਕਾਲੋਨੀ, ਸੰਤ ਨਗਰ, ਪਟਿਆਲਾ।
4. ਸੰਪਾਦਕ : ਗੁਰਵੇਲ ਪੰਨੂ, ਏ-42, ਡਿਫੈਂਸ ਕਾਲੋਨੀ, ਨਵੀਂ ਦਿੱਲੀ-24।
   ਰ. ਸ. ਰਵੀ, ਈ-103, ਰਾਜਪੁਰਾ ਕਾਲੋਨੀ, ਪਟਿਆਲਾ।
5. ਰਸਾਲੇ ਦੇ ਮਾਲਕ ਵਿਅਕਤੀਆਂ ਅਤੇ ਕੁਲ ਪੂੰਜੀ ਦੇ ਇਕ ਫ਼ੀ ਸਦੀ ਤੋਂ ਵੱਧ ਹਿੱਸੇ ਵਾਲੇ ਹਿੱਸੇਦਾਰਾਂ ਜਾਂ ਭਾਈਵਾਲਾਂ ਦੇ ਨਾਂ ਅਤੇ ਪਤੇ } ਲੱਖਾ ਸਿੰਘ ਤੂਰ, 140, ਸੇਵਕ ਕਾਲੋਨੀ, ਸੰਤ ਨਗਰ, ਪਟਿਆਲਾ।

ਮੈਂ ਲੱਖਾ ਸਿੰਘ ਤੂਰ, ਇਹ ਐਲਾਨ ਕਰਦਾ ਹਾਂ ਕਿ ਉੱਤੇ ਦਿੱਤਾ ਗਿਆ ਵੇਰਵਾ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਠੀਕ ਹੈ।

ਪ੍ਰਕਾਸ਼ਕ ਦੇ ਦਸਤਖ਼ਤ

ਮਿਤੀ : 28-2-1983 (ਸਹੀ) ਲੱਖਾ ਸਿੰਘ ਤੂਰ

ਪੁਸਤਕ ਰੀਵੀਊ

## ਸੁਲੱਖਣ ਮੀਤ ਦਾ ਗ਼ਜ਼ਲ ਸੰਗ੍ਰਿਹ—ਬਿਗਾਨੀ ਧੁਪ (ਸ਼ੁੱਧ ਕਲਾਕਾਰ ਦਾ ਭਰਮ)

'ਸੁਤੰਤਰ ਮਨੁੱਖ' ਅਤੇ 'ਸ਼ੁੱਧ ਕਲਾਕਾਰ' ਦੇ ਸੰਕਲਪਾਂ ਦਾ ਭਰਮ ਅੱਜ ਦੇ ਲੋਕ-ਕਲਿਆਣਕਾਰੀ ਲੇਖਕ ਦਾ ਦੁਖਾਂਤ ਹੈ। ਸਦੀਆਂ ਤੋਂ ਮਨੁੱਖ ਨੂੰ ਇਸ ਭਰਮ-ਜਾਲ ਵਿਚ ਜਕੜਿਆ ਜਾਂਦਾ ਰਿਹਾ ਹੈ। ਮਨੁੱਖਤਾਵਾਦ ਦੇ ਨਾਂ ਹੇਠ ਮਨੁੱਖ ਦੇ ਅਸਤਿੱਤਵ ਬਾਰੇ, ਹੋਂਦ ਬਾਰੇ, ਨਿਜੀ ਸੁਤੰਤਰਤਾ ਬਾਰੇ, ਅਮਨੁੱਖੀ ਸ਼ਕਤੀ ਦੇ ਭਰਮ ਬਾਰੇ ਤਰ੍ਹਾਂ ਤਰ੍ਹਾਂ ਦੇ ਭੁਲੇਖੇ ਪਾਏ ਜਾ ਰਹੇ ਹਨ। ਜਿਨ੍ਹਾਂ ਭੁਲੇਖਿਆਂ ਦਾ ਸ਼ਿਕਾਰ ਸਾਡੇ ਲੇਖਕ ਵੀ ਹੋਏ ਹਨ। ਇਹੀ ਕਾਰਨ ਹੈ ਕਿ ਉਹ ਆਪਣੇ ਆਪ ਨੂੰ ਸੁਤੰਤਰ ਅਤੇ ਸ਼ੁੱਧ ਮੰਨਕੇ ਕਿਸੇ ਕਿਸਮ ਦੀ ਪ੍ਰਤੀਬੱਧਤਾ ਤੋਂ ਦੂਰ ਭਜਦੇ ਹਨ। ਕਈ ਵਾਰ ਉਹ ਇਸ ਭੁਲੇਖੇ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਕਿ ਉਹ ਆਪਣੀ ਰਚਨਾ ਲਿਖ ਕੇ ਕੋਈ ਅਚੰਭਤ ਗੈਬੀ ਕੰਮ ਰਹੇ ਹਨ ਅਤੇ ਉਹ ਇਨ੍ਹਾਂ ਲੋਕਾਂ ਦੇ ਕਲਿਆਣ ਲਈ ਕੋਈ ਪੈਗੰਬਰੀ ਰਾਹ ਉਲੀਕ ਰਹੇ ਹਨ। ਅਜਿਹੇ ਲੇਖਕਾਂ ਬਾਰੇ ਲੂ ਸ਼ੁਨ ਸਪਸ਼ਟ ਲਿਖਦਾ ਹੈ ਕਿ "ਤੁਸੀਂ ਇਹ ਕਦੇ ਨਾ ਸੋਚੋ ਕਿ ਤੁਸੀਂ ਲੋਕਾਂ ਉਤੇ ਕੋਈ ਅਹਿਸਾਨ ਕਰ ਰਹੇ ਹੋ ਅਤੇ ਜਦੋਂ ਸਮਾਜਵਾਦ ਆ ਗਿਆ ਤਾਂ ਮਜ਼ਦੂਰ ਤੁਹਾਨੂੰ ਪੈਗੰਬਰ ਮੰਨ ਕੇ ਤੁਹਾਡੇ ਗਲਾਂ ਵਿਚ ਹਾਰ ਪਾਉਣਗੇ ਅਤੇ ਤੁਹਾਨੂੰ ਵਿਸ਼ੇਸ਼ ਹਸਤੀ ਵਜੋਂ ਪੂਜਿਆ ਜਵੇਗਾ।" ਸੋ ਸਪਸ਼ਟ ਹੈ ਕਿ ਲੇਖਕ ਨਾ ਹੀ ਆਪਣੇ ਆਪ ਵਿਚ 'ਸੁਤੰਤਰ' ਹੈ ਤੇ ਨਾ ਹੀ 'ਸ਼ੁੱਧ।' ਉਹ ਜਮਾਤ ਦਾ ਅੰਗ ਹੈ ਅਤੇ ਜਮਾਤੀ ਹਿੱਤਾਂ ਦੀ ਰਾਖੀ ਕਰਨਾ ਉਸਦਾ ਫਰਜ਼ ਹੈ। ਇਹ ਕੰਮ ਉਹ ਆਪਣੀ ਕਲਮ ਦੇ ਹਥਿਆਰ ਨਾਲ ਕਰ ਸਕਦਾ ਹੈ। ਕਲਮ ਨਾਲ ਉਹ ਆਪਣੇ ਜਮਾਤੀ ਪੈਂਤੜੇ ਦਾ ਪ੍ਰਚਾਰ ਕਰੇਗਾ। ਸੋ ਉਸ ਨੂੰ 'ਉਚੇ ਅਤੇ ਸੁਚੇ ਸਾਹਿਤ' ਦੀ ਅਖੌਤੀ ਪ੍ਰੀਭਾਸ਼ਾ ਤੋਂ ਬਚ ਕੇ ਸਹੀ ਲੋਕਾਂ ਦੀ ਜਮਾਤੀ ਜਦੋ-ਜਹਿਦ ਦੀ ਤਰਜਮਾਨੀ ਕਰਨ ਵਾਲੀ ਕਿਰਤ ਦੀ ਸਿਰਜਨਾ ਕਰਨੀ ਪਵੇਗੀ। ਸੋ ਸਾਹਿਤ ਦੀ ਜਮਾਤੀ ਪ੍ਰਤੀਬੱਧਤਾ ਅਤੇ ਲਾਮਬੰਦੀ ਬਾਰੇ ਕਿਸੇ ਲੇਖਕ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ।

ਮੈਂ ਜਦੋਂ ਸੁਲੱਖਣ ਮੀਤ ਦੀਆਂ ਗ਼ਜ਼ਲਾਂ ਦੀ ਪੁਸਤਕ "ਬਿਗਾਨੀ ਧੁੱਪ" ਦਾ ਅਧਿਐਨ ਕੀਤਾ ਤਾਂ ਮੈਨੂੰ ਮੀਤ 'ਸੁਤੰਤਰ ਮਨੁੱਖ' ਅਤੇ 'ਸ਼ੁੱਧ ਕਲਾਕਾਰ' ਦੇ ਸੰਕਲਪਾਂ ਦੇ ਭਰਮ ਦਾ ਸ਼ਿਕਾਰ



ਲਗਿਆ। ਮੈਨੂੰ ਇਹ ਅਹਿਸਾਸ ਹੋਇਆ ਕਿ ਮੀਤ ਬੇਸ਼ਕ ਪ੍ਰਾਪਤ ਯਥਾਰਥ ਵਿਚੋਂ ਸਮਕਾਲ ਦੇ 'ਨਵੇਂ ਮਨੁੱਖ' ਦੀ ਪਕੜ ਤਾਂ ਕਰ ਸਕਿਆ ਹੈ ਪਰ ਉਸਨੇ ਉਸਦਾ ਕੱਦ 'ਮਹਾਂ ਮਨੁੱਖ' ਦੀ ਥਾਂ 'ਲਘੂ ਮਨੁੱਖ' ਹੀ ਬਣਾਇਆ ਹੈ। ਇਸ ਦਾ ਕਾਰਨ ਇਹ ਹੈ ਕਿ ਉਸਨੇ ਸ਼ੁੱਧ ਕਲਾਕਾਰ ਦਾ ਭਰਮ ਪਾਲਦਿਆਂ ਸਾਹਿਤ ਬਾਰੇ ਆਪਣਾ ਕੋਈ ਵਿਗਿਆਨਕ ਦ੍ਰਿਸ਼ਟੀਕੋਣ ਨਹੀਂ ਬਣਾਇਆ। ਇਸ ਤਰ੍ਹਾਂ ਉਹ ਅਚੇਤ ਬੁਰਜੂਆ ਯਥਾਰਥਵਾਦ ਦੇ ਨਾਹਰੇ ਦਾ ਸ਼ਿਕਾਰ ਹੋ ਗਿਆ ਹੈ। ਆਪਣੀ ਰਚਨਾ ਵਿਚ ਉਹ ਬਹੁਤੀ ਵਾਰ ਬੁਰਜੂਆ ਸੁਤੰਤਰਤਾ ਦੇ ਨਾਹਰੇ ਨੂੰ ਬਲ ਦਿੰਦਾ ਹੈ। ਕਈ ਵਾਰ ਉਹ ਯਥਾਰਥ ਦੇ ਨਾ ਹੇਠ ਬੁਰਜੂਆ ਯਥਾਰਥ ਦੀ ਆਲੋਚਨਾ ਵੀ ਕਰ ਜਾਂਦਾ ਹੈ। ਇਸ ਤਰ੍ਹਾਂ ਉਹ 'ਸ਼ੁੱਧ ਕਲਾਕਾਰ' ਦਾ ਭਰਮ ਪਾਲਦਾ 'ਸਰਬੱਤ ਦੇ ਭਲੇ' ਦੀ ਗੱਲ ਨੂੰ ਬਿਨਾ ਜਮਾਤੀ ਸੋਚ ਦੇ ਹੂ-ਬਹੂ ਪੇਸ਼ ਕਰ ਜਾਂਦਾ ਹੈ। ਇਸ ਤਰ੍ਹਾਂ ਉਹ ਤਸੱਲੀ ਅਨੁਭਵ ਕਰਦਾ ਹੈ ਕਿ ਉਸਨੇ 'ਸ਼ੁੱਧ ਕਲਾਕਾਰ' ਦੀ ਤਰ੍ਹਾਂ ਕਿਸੇ ਦਾ ਪੱਖ ਨਹੀਂ ਲਿਆ ਅਤੇ ਉਹ ਕਿਸੇ ਕਿਸਮ ਦੀ ਰਾਜਨੀਤਕ, ਆਰਥਕ ਅਤੇ ਸਮਾਜਕ ਪ੍ਰਤੀਬੱਧਤਾ ਤੋਂ ਅਜ਼ਾਦ ਹੈ।

ਉਹ ਲਿਖਦਾ ਹੈ :—

ਸਾਰੇ ਮਨੁਖ ਇਕੋ ਜੇਹੇ ਪ੍ਰੇਮ ਕਰੋ ਹਰ ਮਨੁਖ ਨੂੰ।
ਮੇਰੀ ਜੀਭਾ ਉਤੇ ਰਹਿੰਦਾ ਹਰਦਮ ਏਹੋ ਹੀ ਫਿਕਰਾ।
... ... ... ...
ਕੁਦਰਤ ਦਾ ਹੱਥ ਸਮਝਦਾਂ ਸਿਰ ਤੇ ਆਪਣੇ।
ਮੇਰੇ ਸਿਰ ਦੇ ਉੱਤੇ ਨੇ ਜਾਂ ਭੌਂਦੇ ਪੰਛੀ।
... ... ... ...
ਗੌਤਮ ਵਾਂਗੂੰ ਸੋਚੋ ਜੇ ਕੁਝ ਬਣਨਾ ਹੈ;
ਸ਼ੁਭ ਕਰਮ ਹੀ ਮਾਰਜਨ ਠੋਕਰ ਭਗਤੀ ਨੂੰ।

ਮਨੁੱਖਤਾਵਾਦ ਦੇ ਧੁੰਦਲੇ ਸੰਕਲਪ ਦੀ ਪ੍ਰਕ੍ਰਿਤਾ, ਪੰਛੀ ਬਣਨ ਦੀ ਚਾਹਨਾ, ਗੌਤਮ ਦੇ ਆਦਰਸ਼ ਦੀ ਪ੍ਰਾਪਤੀ ਸ਼ੁੱਧ ਕਲਾਕਾਰ ਦੇ ਭਰਮ ਦੀ ਪਾਲਣਾ ਤਾਂ ਬੇਸ਼ਕ ਕਰਦੇ ਹੋਣ ਪਰ ਲੋਕ-ਕਲਿਆਣ ਦੇ ਰਾਹ ਲਈ ਘਾਤਕ ਸੰਕਲਪ ਹਨ। ਏਸੇ ਤਰ੍ਹਾਂ ਬੁਰਜੂਆ ਯਥਾਰਥ ਦੀ ਆਲੋਚਨਾ ਕਰਦਾ ਕਰਦਾ ਉਹ ਨਿਰੋਲ ਯਥਾਰਥਵਾਦੀ ਲੇਖਕ ਹੋਣ ਦਾ ਭਰਮ ਪਾਲਦਾ ਹੈ। ਸਮਕਾਲ ਦੇ ਯਥਾਰਥ ਦੀ ਕਰੂਰ ਆਲੋਚਨਾ ਕਰਦਾ ਉਹ ਲਿਖਦਾ ਹੈ :—

ਮੰਡੀ ਵਿਚ ਅੰਨ੍ਹ ਅਸਾਡਾ, ਖੁਰਦ ਬੁਰਦ ਹੋ ਜਾਏ,
ਸੁੰਗੜ ਸੁੰਗੜ ਜਾਣ ਅਸਾਡੇ, ਖੇਤਾਂ ਵਿਚ ਸਿਆੜ।
... ... ... ...
ਪੰਜ ਪੜ੍ਹਾ ਕੇ ਬਾਪੂ ਥਾਣੇਦਾਰ ਹੈ, ਪੁੱਤ ਹੈ ਬੇਕਾਰ ਪੜ੍ਹਕੇ ਸੋਲਵੀਂ
... ... ... ...
ਨਕਲ ਮਾਰ ਕੇ ਜਿਹੜੇ ਲੋਕੀ ਕਰਦੇ ਬੀ. ਏ., ਐਮ. ਏ.,
ਹੋਰਾਂ ਨੂੰ ਉਹ ਫਿਅਲ ਕਰਾਉਂਦੇ, ਅਜ ਕਲ ਨਕਲ ਮਰਾ ਕੇ।
... ... ... ...
ਮੇਰੇ ਵੋਟਰ ਬੇਸ਼ਕ ਡਿੱਗਣ ਢੱਠੇ ਖੂਹ ਦੇ ਅੰਦਰ,
ਐਮ. ਐਲ. ਏ. ਜਾਂ ਬਣਾਂ ਮੰਤਰੀ ਜਾਂ ਬਣ ਜਾਵਾਂ ਐਮ. ਪੀ.।
... ... ... ...

ਡੱਕਾ ਦੂਹਰਾ ਕਰਾਂ ਨਾ ਚੰਗੀ ਤਨਖਾਹ ਹੈ,
ਮੇਰੇ 'ਤੇ ਪ੍ਰਤਾਪ ਹੈ ਮੇਰੇ ਅਫਸਰ ਦਾ ।
... ... ... ...
ਬਿਜਲੀ ਨਾ ਮਿਲੇ ਜਿਹਨੂੰ ਡੀਜ਼ਲ ਦੀ ਤੋਟ ਜਿਹ ਨੂੰ,
ਮੇਰਾ ਤਾਂ ਹਾਲ ਹੋਇਆ ਐਸੇ ਕਿਸਾਨ ਵਰਗਾ ।

ਉਪਰੋਕਤ ਸਮਕਾਲ ਦੀ ਆਲੋਚਨਾ ਮੀਤ ਨੂੰ ਇਕ ਯਥਾਰਥਵਾਦੀ ਕਵੀ ਵਜੋਂ ਪੇਸ਼ ਕਰਦੀ ਹੈ । ਪਰ ਜਦੋਂ ਉਹ ਉਪਰੋਕਤ ਯਥਾਰਥ ਸਾਹਮਣੇ ਖੜ੍ਹਦਾ ਹੈ ਤਾਂ ਉਹ ਇਸ ਦਾ ਹੱਲ ਪ੍ਰਾਪਤ ਯਥਾਰਥ ਵਿਚ ਹੀ ਆਦਰਸ਼ਕ ਸੁਧਾਰ ਦੀ ਜ਼ਰੂਰਤ ਵਿਚ ਲਭਦਾ ਹੈ ਜਿਹੜੀ ਇਕ ਵਿਗਿਆਨਕ ਸੋਚ ਨਹੀਂ । ਬਿਮਾਰੀ ਦੀ ਅਸਲ ਜੜ੍ਹ ਲਭਣ ਦੀ ਥਾਂ ਉਹ ਫੋੜੇ ਉਤੇ ਮਲ੍ਹਮ ਲਾ ਕੇ ਖਰੀਂਢ ਲਿਆਉਣ ਦਾ ਹੱਲ ਪੇਸ਼ ਕਰਦਾ ਹੈ । ਮੈਂ ਯਥਾਰਥਵਾਦੀ ਸਾਹਿਤ ਦੇ ਖਿਲਾਫ ਨਹੀਂ ਹਾਂ । ਦੇਖਣ ਵਾਲੀ ਅੱਖ ਤਾਂ ਹਰੇਕ ਪਾਸ ਹੁੰਦੀ ਹੈ ਜੋ ਸੁਲੱਖਣ ਮੀਤ ਪਾਸ ਵੀ ਹੈ । ਬੁਰਜੂਆ ਸਾਹਿਤ ਦਾ ਯਥਾਰਥਵਾਦ ਪ੍ਰਗਟ ਕਰਨ ਵਾਲਾ ਲੇਖਕ ਵੀ ਯਥਾਰਥਵਾਦੀ ਕਹਾਉਂਦਾ ਹੈ ਅਤੇ ਸਮਾਜਵਾਦੀ ਯਥਾਰਥਵਾਦ ਦਾ ਲੇਖਕ ਵੀ ਯਥਾਰਥਵਾਦੀ ਕਹਾਉਂਦਾ ਹੈ । ਸਵਾਲ ਯਥਾਰਥਵਾਦ ਸ਼੍ਰੇਣੀ ਪੈਂਤੜੇ ਤੋਂ ਪੇਸ਼ ਕਰਨ ਦਾ ਹੈ । ਇਹ ਸ਼੍ਰੇਣੀ ਪੈਂਤੜਾ ਪ੍ਰਤੀਬੱਧਤਾ ਨੂੰ ਜਨਮ ਦਿੰਦਾ ਹੈ । ਸੁਲੱਖਣ ਮੀਤ ਇਸੇ ਪ੍ਰਤੀਬੱਧਤਾ ਤੋਂ ਆਜ਼ਾਦ ਕਲਾਕਾਰ ਕਹਾਉਣ ਦਾ ਹਾਮੀ ਹੈ । ਇਹ ਮੈਂ ਸਵੀਕਾਰ ਕਰਦਾ ਹਾਂ ਕਿ ਮੀਤ ਦੀ ਰਚਨਾ ਵਿਚ ਯਥਾਰਥ ਦੇ ਨਾਂ ਉਤੇ ਗਰੀਬ, ਆਰਥਿਕ ਤੌਰ ਤੇ ਪੱਛੜੇ ਲੋਕਾਂ ਦੀਆਂ ਸਮਸਿਆਵਾਂ ਦਾ ਵਰਨਣ ਆਇਆ ਹੈ । ਉਸ ਨੇ ਅਚੇਤ ਹੀ ਉਨ੍ਹਾਂ ਪ੍ਰਤੀ ਹਮਦਰਦੀ ਵੀ ਦਿਖਾਈ ਹੈ । ਪਰ 'ਪ੍ਰਤੀਬੱਧਤਾ' ਤੋਂ ਡਰਕੇ ਉਹ ਉਨ੍ਹਾਂ ਦਾ ਹੱਕੀ ਬੁਲਾਰਾ ਬਣਨ ਦੀ ਥਾਂ ਕੰਨੀ ਖਿਸਕਾਉਣ ਵਿਚ ਹੀ ਆਪਣੇ ਆਪ ਨੂੰ ਸੁਰੱਖਿਅਤ ਅਨੁਭਵ ਕਰਦਾ ਹੈ । ਮੈਂ ਮੀਤ ਦੀ ਉਪਰੋਕਤ ਆਲੋਚਨਾ ਦੀ ਧਾਰਨਾ ਦਾ ਮਹੱਤਵ ਨਹੀਂ ਘਟਾ ਰਿਹਾ ਸਗੋਂ ਸਮਕਾਲੀ ਯਥਾਰਥ ਦੀ ਆਲੋਚਨਾ ਦਾ ਸੁਆਗਤ ਕਰਦਾ ਹਾਂ । ਪਰ ਇਸ ਸਮੱਸਿਆ ਰੂਪੀ ਪ੍ਰਸ਼ਨ ਦਾ ਹੱਲ ਸੁਲੱਖਣ ਮੀਤ ਦੇ ਹੱਲ ਵਾਂਗ ਨਹੀਂ ਹੋ ਸਕਦਾ ।

ਪ੍ਰਸ਼ਨ ਚਿੰਨ੍ਹ ਦੀ ਅਸੀਂ ਕਦੇ ਨਾ ਕੀਤੀ ਹੈ ਪਰਵਾਹ,
ਅਸੀਂ ਜਦੋਂ ਵੀ ਹੱਲ ਕੀਤਾ ਹੈ, ਕੀਤਾ ਹੱਲ ਸਵਾਲ ।

ਪ੍ਰਸ਼ਨ-ਚਿਨ੍ਹ ਦੀ ਪ੍ਰਵਾਹ ਨਾ ਕੀਤੇ ਬਿਨਾਂ ਸਵਾਲ ਦਾ ਹਲ ਲਭਣਾ ਸੁਲੱਖਣ ਮੀਤ ਦੀ ਵਿਗਿਆਨਕ ਸੋਚ ਦਾ ਪਾਜ ਖੋਲ੍ਹ ਦਿੰਦਾ ਹੈ । ਇਹੀ ਕਾਰਨ ਹੈ ਕਿ ਮੀਤ ਆਪਣੇ ਸਮਕਾਲ ਦੇ ਚਿੰਨ੍ਹਾਂ ਨੂੰ ਬਿਨਾਂ ਸਮਝੇ ਉਸਦਾ ਹਲ ਆਪਣੇ ਵਿਚਲੇ 'ਲਘੂ ਮਨੁੱਖ' ਦੀ ਦ੍ਰਿਸ਼ਟੀ ਤੋਂ ਕਰਦਾ ਹੈ ।

ਓਥੇ ਹੀ ਬੈਠ ਕੇ ਲਿਖਦਾ ਹਾਂ ਗ਼ਜ਼ਲ ਕੋਈ
ਜਿਥੇ ਮੈਂ ਦਿਆਂ ਪਰਚਾ ਤੇਰੇ ਹਿਸਾਬ ਦਾ ।
... ... ... ...
ਉਚੇ ਉਚੇ ਬਿਰਖ ਨੇ ਸਾਡੀ ਪਹੁੰਚੋਂ ਦੂਰ
ਰਹੇ ਆਸਰਾ ਕੇਵਲ ਸਾਨੂੰ ਕੱਖਾਂ ਦਾ ।
... ... ... ...
ਸ਼ਬਨਮ ਨੇ ਤਾਂ ਰੋਣਾ ਰੋਇਆ ਸਾਰੀ ਰਾਤ
ਰਾਤ ਕਰੇ ਕਿਉਂ ਨਕਲ ਵਿਚਾਰੀ ਸ਼ਬਨਮ ਦੀ ।
... ... ... ...



ਆਪਣੀ ਛਾਵੇਂ ਆਪੇ ਹੀ ਜਾ ਬੈਠੇ ਹਾਂ
ਜਦੋਂ ਕਦੇ ਵੀ ਝੁਲਸੇ ਗਏ ਦੁਪਹਿਰੇ ਤੋਂ ।
... ... ...
ਮੇਰੇ ਬਿਗੜੇ ਲੇਖਾਂ ਨੂੰ, ਤੇਰੇ ਬਾਝ ਸੰਵਾਰੇ ਕੌਣ ?
... ... ... ...
ਮੇਰੇ ਘਰ ਵਿਚ ਕੈਸੀ ਚਲੀ ਅਜ ਦਿਨ ਪੁੱਠੀ 'ਵਾ,
ਸਭਨਾ ਰੱਬ ਭੁਲਾਇਆ ਹੈ, ਤੇ ਬਣ ਗਏ ਆਪ ਖੁਦਾ ।
... ... ... ...
ਬਾਹਰੋਂ ਆਕੇ ਕਮਰੇ ਦੇ ਵਿਚ ਵੜਿਆ ਜਾਂ;
ਨਿਗਲ ਲਿਆ ਤਦ ਮੈਨੂੰ ਮੇਰੇ ਕਮਰੇ ਨੇ ।

ਉਪਰੋਕਤ ਸਾਰੇ ਹੱਲ ਮਨੁੱਖ ਦੀ ਬੇਬਸੀ ਦੇ ਹਨ । ਅੰਤਰਮੁਖਤਾ ਦੀ ਅੰਨ੍ਹੀ ਗੁਫਾ ਵਿਚ ਡੇਗਣ ਵਾਲੇ ਹਨ । ਮਨੁੱਖ ਦੀ ਸ਼ਕਤੀ ਵਿਚਲੇ ਵਿਸ਼ਵਾਸ ਦੇ ਘਾਤਕ ਹਨ । ਬਿਨਾ ਪ੍ਰਸ਼ਨ-ਪੱਤਰ ਪੜ੍ਹੇ ਸਵਾਲਾਂ ਦੇ ਹੱਲ ਉਹ ਵਿਦਿਆਰਥੀ ਹੀ ਕਰਦਾ ਹੈ ਜਿਸ ਨੂੰ ਕੁਝ ਨਾ ਆਉਂਦਾ ਹੋਏ, ਨਕਲ ਦਾ ਸਮਾਨ ਲੈ ਕੇ ਆਇਆ ਹੋਵੇ । ਜਾਂ ਉਹ ਜਿਸ ਨੇ ਰੱਟੇ ਦੇ ਪੰਜ ਸਵਾਲ ਕੀਤੇ ਹੋਣ ਤੇ ਉਤਰ ਕਾਪੀ ਉਤੇ ਰੇਲ ਵਾਂਗ ਉਧੇੜਨ ਲਗ ਪਿਆ ਹੋਵੇ । ਹੋ ਸਕਦਾ ਹੈ ਕੋਈ ਹੱਲ ਉਸ ਪ੍ਰਸ਼ਨ-ਪੱਤਰ ਅਨੁਸਾਰ ਆਪਣੇ ਆਪ ਹੀ ਠੀਕ ਬੈਠ ਜਾਵੇ । ਇਸ ਤਰ੍ਹਾਂ ਮੀਤ ਨੇ ਵੀ ਕੁਝ ਹੱਲ ਠੀਕ ਪੇਸ਼ ਕੀਤੇ ਹਨ :—

ਕਥਾ ਸੁਣੀ ਸੀ ਜਾਲ ਕਬੂਤਰ ਲੈ ਉਡੇ
ਹੁਣ ਮਛੀਆਂ ਨੇ ਖੋਹਿਆ ਜਾਲ ਮਛੇਰੇ ਤੋਂ ।
... ... ... ...
ਨਾਂ ਉਹਨਾ ਦਾ 'ਮੀਤ' ਲਿਖੇਗਾ ਪੱਥਰ 'ਤੇ
ਜਿਹੜੇ ਸਾਡੇ ਲੋਕਾਂ ਖਾਤਰ ਲਿਖਦੇ ਨੇ ।
... ... ...
ਕੁਝ ਸਫੈਦੇ ਮੈਂ ਉਹ ਘਰ ਵਿਚ ਲਾਵਾਂਗਾ
ਜਿਹੜੇ ਹਰਦਮ ਗੱਲਾਂ ਕਰਦੇ ਸਿਖਰ ਦੀਆਂ ।

ਪ੍ਰੋ. ਤੇਜਵੰਤ ਮਾਨ

---

**ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ**
**ਕਿਸ਼ਨ ਸਿੰਘ**

ਗੁਰੂ ਨਾਨਕ ਦੀ ਬਾਣੀ ਕਿਵੇਂ ਸਦਾ ਰਹਿਣ ਵਾਲਾ ਲੋਕ-ਹਿਤੀ ਸੱਚ ਪ੍ਰਗਟ ਕਰਦੀ ਹੈ ਅਤੇ ਕਿਵੇਂ ਬੰਦੇ ਦੀ ਮੁਕੰਮਲ ਢਾਹੀ ਅਤੇ ਮੁੜ-ਉਸਾਰੀ ਦੀ ਲੰਮੀ ਮਨੋਵੇਗਕ ਰੀਹਰਸਲ ਕਰਵਾਉਂਦੀ ਹੈ—ਇਹਨਾਂ ਅਤੇ ਅਜਿਹੇ ਅਨੇਕਾਂ ਹੋਰ ਪ੍ਰਸ਼ਨਾਂ ਨੂੰ ਸਮਝਣ ਲਈ ਇਹ ਪਸਤਕ ਅੱਜ ਹੀ ਮੰਗਵਾ ਕੇ ਪੜ੍ਹੋ । ਸਫ਼ੇ 242, ਪੱਕੀ ਜਿਲਦ, ਮੁੱਲ 15 ਰੁਪਏ

## ਲੇਖਕ/ਪਾਠਕ ਕਹਿੰਦੇ ਹਨ

**ਅਸੀਂ ਵੀ ਮਾਰਕਸਵਾਦੀ ਹਾਂ ?!** 'ਸੇਧ' ਦੇ ਨਵੰਬਰ ਅਤੇ ਦਸੰਬਰ ਅੰਕਾਂ ਵਿਚ ਅਕਾਲੀ ਮੋਰਚੇ ਬਾਰੇ ਹਿੰਮਤ ਸਿੰਘ ਸੋਢੀ ਅਤੇ ਗੁਰਮੇਜ ਸਿੰਘ ਸ਼ਾਹਬਾਜ਼ਪੁਰੀ ਦੇ ਦੋ ਲੇਖ ਪੜ੍ਹ ਕੇ ਸੋਚਵਾਨ ਵਿਅਕਤੀ ਇਹ ਸੋਚਣ ਲਈਮਜਬੂਰ ਹੋ ਜਾਂਦਾ ਹੈ ਕਿ ਕੀ ਅਸੀਂ ਮਾਰਕਸਵਾਦੀ ਹੋਣ ਦਾ ਦਾਅਵਾ ਕਰ ਸਕਦੇ ਹਾਂ, ਜਿਨ੍ਹਾਂ ਨੂੰ ਆਲੇ-ਦੁਆਲੇ ਵਿਚ ਪ੍ਰਚਲਿਤ ਜਾਂ ਅਖਬਾਰਾਂ ਵਿਚ ਆਉਂਦੀਆਂ ਆਮ ਉਨ੍ਹਾਂ ਖਬਰਾਂ ਦਾ ਵੀ ਪਤਾ ਨਹੀਂ ਜਿਹੜੀਆਂ ਅਕਾਲੀ ਮੋਰਚੇ ਸੰਬੰਧੀ ਖੱਬੀਆਂ ਪਾਰਟੀਆਂ ਦੀ ਪਹੁੰਚ ਨੂੰ ਸਪਸ਼ਟ ਕਰਦੀਆਂ ਹਨ ? ਦੋਨਾਂ ਲੇਖਾਂ ਦੇ ਲੇਖਕ ਇਕ ਨੁਕਤੇ ਤੇ ਇਕੱਠੇ ਹਨ; ਉਹ ਇਹ ਕਿ ਖੱਬੀਆਂ ਪਾਰਟੀਆਂ ਦੀ ਭੰਡੀ ਕੀਤੀ ਜਾਵੇ ਅਤੇ ਆਪਣੀ ਕਮਅਕਲੀ ਜਾਂ ਸ਼ਰਾਰਤ ਨੂੰ ਲੁਕਾ ਕੇ ਵੀ ਇਹ ਸਾਬਤ ਕੀਤਾ ਜਾਵੇ ਕਿ ਉਹ ਇਨ੍ਹਾਂ ਪਾਰਟੀਆਂ ਤੋਂ ਉੱਪਰ ਦਾ ਦਰਜਾ ਰੱਖਦੇ ਹਨ । ਜਿਹੋ ਜਿਹੀ ਸ਼ਬਦਾਵਲੀ ਦਾ ਪ੍ਰਯੋਗ ਸੋਢੀ ਸਾਹਿਬ ਨੇ ਖੱਬੀਆਂ ਪਾਰਟੀਆਂ ਲਈ ਕੀਤਾ ਹੈ, ਕੀ ਉਹ ਇਸੇ ਹੀ ਤਰ੍ਹਾਂ ਦੀ ਸ਼ਬਦਾਵਲੀ ਕਦੇ ਕਾਂਗਰਸੀਆਂ ਲਈ ਜਾਂ ਅਕਾਲੀਆਂ ਲਈ ਵਰਤਦੇ ਹਨ ? ਜੇ ਨਹੀਂ ਵਰਤਦੇ ਤਾਂ ਉਹ ਖੱਬੀਆਂ ਤਾਕਤਾਂ ਦੇ ਹਿਤੂ ਕਿਵੇਂ ਹੋਏ ? ਇਹ ਤਾਂ ਉਹ ਹੀ ਦੱਸ ਸਕਦੇ ਹਨ । ਉਨ੍ਹਾਂ ਦਾ ਇਹ ਰਵੱਈਆ ਕਿਨ੍ਹਾਂ ਦੇ ਹੱਕ ਵਿਚ ਜਾਂਦਾ ਹੈ ? ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ । ਉਪਰਲੇ ਦੋਨੋਂ ਲੇਖਕ ਇਹ ਵਿਚਾਰ ਰੱਖਦੇ ਹਨ ਕਿ ਖੱਬੀਆਂ ਪਾਰਟੀਆਂ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਦਾ ਸਮਰਥਨ ਨਹੀਂ ਕਰਦੀਆਂ । ਹਿੰਮਤ ਸਿੰਘ ਸੋਢੀ ਨੇ ਲਿਖਿਆ ਹੈ, "ਵਧੇਰੇ ਅਫ਼ਸੋਸ ਦੀ ਗੱਲ ਇਹ ਹੈ ਕਿ ਦੋਵੇਂ ਕਮਿਊਨਿਸਟ ਪਾਰਟੀਆਂ ਵੀ ਰਾਜਾਂ ਨੂੰ ਵਧੇਰੇ ਹੱਕ ਦੇਣ ਦੀ ਮੰਗ ਦਾ ਸਮਰਥਨ ਨਹੀਂ ਕਰ ਰਹੀਆਂ ।" ਸ਼ਾਹਬਾਜ਼ਪੁਰੀ ਦਾ ਤਾਂ ਸਾਰਾ ਲੇਖ ਹੀ ਇਸ ਸੁਰ ਵਿਚ ਲਿਖਿਆ ਗਿਆ ਹੈ । ਉਸ ਨੇ ਲਿਖਿਆ ਹੈ, "ਸਾਨੂੰ ਮਾਰਕਸਵਾਦੀਆਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਹੋਣੀ ਚਾਹੀਦੀ ਹੈ ਅਤੇ ਇਸ ਮੰਗ ਦੀ ਵੱਧ ਤੋਂ ਵੱਧ ਹਮਾਇਤ ਕਰਨੀ ਚਾਹੀਦੀ ਹੈ ।"

ਆਮ ਵਿਅਕਤੀ ਵੀ ਇਹ ਜਾਣਦਾ ਹੈ ਕਿ ਰਾਜਾਂ ਦੀ ਵੱਧ ਅਧਿਕਾਰਾਂ ਦੀ ਮੰਗ ਨੂੰ ਸਭ ਤੋਂ ਵਧੇਰੇ ਸਮਰਥਨ ਪੱਛਮੀ ਬੰਗਾਲ ਦੀ ਸਰਕਾਰ ਨੇ ਦਿੱਤਾ ਹੈ । ਨਾ ਕੇਵਲ ਜ਼ੁਬਾਨੀ ਹੀ,



ਸਗੋਂ ਸਰਕਾਰ ਦੀਆਂ ਪੱਛਮੀ ਬੰਗਾਲ ਬਾਰੇ ਨੀਤੀਆਂ ਨੂੰ ਨੰਗਿਆਂ ਕਰਕੇ ਅਤੇ ਲਿਖਤੀ ਮੁਹਿੰਮ ਦੇ ਨਾਲ ਨਾਲ ਹੜਤਾਲਾਂ ਆਦਿ ਰਾਹੀਂ ਲੋਕਾਂ ਨੂੰ ਸੁਚੇਤ ਕਰਕੇ । ਤ੍ਰਿਪੁਰਾ ਤੇ ਕੇਰਲ ਦੀ ਖੱਬੇ ਪੱਖੀ ਸਰਕਾਰ ਵੀ ਇਸ ਮੰਗ ਦਾ ਬੰਗਾਲ ਦੇ ਨਾਲ ਰਲ ਕੇ ਸਮਰਥਨ ਕਰਦੀ ਹੈ । ਇਨ੍ਹਾਂ ਰਾਜਾਂ ਵਿਚ ਤੇ ਦੇਸ਼ ਦੇ ਦੂਸਰੇ ਹਿੱਸਿਆਂ ਵਿਚ ਇਸ ਮੰਗ ਦਾ ਸਮਰਥਨ ਦੋਨੋਂ ਖੱਬੀਆਂ ਪਾਰਟੀਆਂ, ਡੀ. ਐਸ. ਪੀ., ਆਰ. ਐਚ. ਪੀ. ਅਤੇ ਫਾਰਵਰਡ ਬਲਾਕ ਵੀ ਕਰਦੇ ਹਨ। ਇਹ ਸਪਸ਼ਟ ਗੱਲ ਦੋਨਾਂ ਲੇਖਕਾਂ ਦੇ ਧਿਆਨ ਵਿਚ ਕਿਉਂ ਨਹੀਂ ਆਈ ? ਇਰਾਦਾ ਖਰਾਬ ਲੱਗਦਾ ਹੈ ! ਪੱਛਮੀ ਬੰਗਾਲ ਦੇ ਮੁੱਖ ਮੰਤਰੀ ਨੇ ਜਦੋਂ ਗੈਰ-ਕਾਂਗਰਸੀ ਸਰਕਾਰਾਂ ਨੂੰ ਇਸ ਮੰਗ ਦੇ ਸਮਰਥਨ ਲਈ ਲਾਮਬੰਦ ਕਰਨ ਦਾ ਯਤਨ ਕੀਤਾ ਤਾਂ ਉਸ ਸਮੇਂ ਦੇ ਮੁੱਖ ਮੰਤਰੀ "ਬਾਦਲ" ਨੇ ਕਦੇ ਵੀ ਖੁਲ੍ਹਾ ਸਮਰਥਨ ਦੇਣਾ ਨਹੀਂ ਮੰਨਿਆ ਸਗੋਂ ਉਹ ਪਿੱਛੇ ਨੂੰ ਭੱਜਦੇ ਰਹੇ । ਅੱਜ ਉਹ ਮੁੱਖ ਮੰਤਰੀ ਨਹੀਂ ਹਨ ਤਾਂ ਰਾਜਾਂ ਦੇ ਅਧਿਕਾਰਾਂ ਦੀ ਗੱਲ ਸੁੱਝ ਪਈ । ਥੋੜ੍ਹਾ ਜਿਹਾ ਸਿਆਣਾ ਬੰਦਾ ਵੀ ਅਕਾਲੀਆਂ ਦੀ ਇਸ ਮੰਗ ਪਿੱਛੇ, ਅਸਲੀ ਮੰਤਵ ਨੂੰ ਜਾਣ ਸਕਦਾ ਹੈ । ਤਲਵੰਡੀ ਖ਼ੁਦਮੁਖਤਾਰ ਸਿੱਖ ਸਟੇਟ ਦੀ ਗੱਲ ਕਰਦਾ ਹੈ ਤਾਂ ਟੌਹੜਾ ਗ਼ੈਰ ਪੰਜਾਬੀ ਜਾਇਦਾਦ ਰਹਿਤ ਵੋਟਰਾਂ ਨੂੰ ਵੋਟ ਦੇ ਹੱਕ ਤੋਂ ਵਾਂਝਿਆਂ ਕਰਨਾ ਚਾਹੁੰਦਾ ਹੈ; ਇਸ ਬਾਰੇ ਉਪਰਲੇ ਲੇਖਕ ਕੀ ਕਹਿਣਗੇ ? ਹੋਰ ਤਾਂ ਹੋਰ ਰਾਸ਼ਟਰਪਤੀ ਸੰਜੀਵ ਰੈਡੀ ਨੇ ਵੀ ਇਸ ਮੰਗ ਦਾ ਸਮਰਥਨ ਕੀਤਾ । ਰਾਜਾਂ ਦੇ ਵੱਧ ਅਧਿਕਾਰਾਂ ਦੀ ਚੇਤਨਾ ਨੂੰ ਕੇਵਲ ਅਕਾਲੀਆਂ ਨਾਲ ਜੋੜਨਾ ਉਪਰਲੇ ਲੇਖਕਾਂ ਨੂੰ ਮੁਬਾਰਕ ਪਰ ਤੱਥ ਮੂੰਹੋਂ ਬੋਲਦੇ ਹਨ । ਅਸੀਂ ਕਹਿਣਾ ਚਾਹਾਂਗੇ ਕਿ ਜੇ ਅਸੀਂ ਮਾਰਕਸਵਾਦੀ ਕਹਾਉਂਦੇ ਹਾਂ ਤਾਂ ਸਾਰੀ ਸਥਿੱਤੀ ਦਾ ਜਾਇਜ਼ਾ ਲੈਣਾ ਆਵਸ਼ਕ ਹੈ । ਨਹੀਂ ਤਾਂ ਸੋਢੀ ਵਾਂਗ ਸੰਪ੍ਰਦਾਈਆਂ ਦਾ ਪ੍ਰਤੂ ਬਣ ਜਾਣਾ ਬੜਾ ਹੀ ਸੁਭਾਵਕ ਹੈ ।

ਦੋਨਾਂ ਲੇਖਕਾਂ ਦਾ ਵਿਚਾਰ ਹੈ ਕਿ ਮਾਰਕਸਵਾਦੀਆਂ ਨੂੰ ਅਕਾਲੀਆਂ ਦੀਆਂ ਮੰਗਾਂ ਦਾ ਬਿਨਾਂ ਸ਼ਰਤ, ਬਿਨਾਂ ਆਲੋਚਨਾ ਸਮਰਥਨ ਕਰਨਾ ਚਾਹੀਦਾ ਹੈ । ਉਨ੍ਹਾਂ ਅਨੁਸਾਰ ਕੁਝ ਨਾ ਕਝ ਗ੍ਰਹਿਣ ਕੀਤਾ ਜਾ ਸਕਦਾ ਹੈ । ਦੋਨੋਂ ਲੇਖਕ ਧਰਮ ਆਧਾਰਿਤ ਅਕਾਲੀ ਨੀਤੀ ਨੂੰ ਵਾਜਿਬ ਠਹਿਰਾਉਂਦੇ ਹਨ । ਇਸੇ ਪ੍ਰਸੰਗ ਵਿਚ ਰੂਪ ਤੇ ਵਸਤੂ ਦੀ ਗੱਲ ਹੋਈ ਹੈ । ਇਨ੍ਹਾਂ ਅਨੁਸਾਰ ਅਕਾਲੀ ਮੋਰਚੇ ਦੀ ਵਸਤੂ ਜਨਵਾਦੀ ਹੈ ਭਾਵੇਂ ਰੂਪ ਧਾਰਮਿਕ ਹੀ ਹੈ । ਇਹ ਵਿਦਵਾਨ ਰੂਪ ਤੇ ਵਸਤੂ ਦੇ ਦਵੰਦ ਨੂੰ ਸਮਝਣ ਤੋਂ ਅਸਮਰਥ ਹਨ । ਅਸਲ ਵਿਚ ਇਹ ਕਿਸ਼ਨ ਸਿੰਘੀ ਵਿਚਾਰਧਾਰਾ ਦਾ ਸਿਖਰ ਹੈ ਜਿਸ ਅਨੁਸਾਰ ਸਿੱਖ ਧਰਮ ਦੀ 16ਵੀਂ, ਸਤਾਰਵੀਂ ਸਦੀ ਵਿਚ ਵੀ ਵਸਤੂ ਲੋਕਹਿਤੀ ਸੀ ਭਾਵੇਂ ਰੂਪ ਧਾਰਮਿਕ ਸੀ । ਮੱਧਕਾਲ ਵਿਚ ਇਸ ਗੱਲ ਦੀ ਕੋਈ ਮਹੱਤਤਾ ਹੋ ਸਕਦੀ ਹੈ । ਪਰ ਇਹ ਵੀਹਵੀਂ ਸਦੀ ਜਾ ਰਹੀ ਹੈ ਜਿਸ ਵਿਚ ਖੱਬੇ ਪੱਖੀ ਲਹਿਰ ਦੀ ਆਪਣੀ ਹੋਂਦ ਵੀ ਸਥਾਪਿਤ ਹੋ ਚੁਕੀ ਹੈ । ਇਸ ਤੱਥ ਦੇ ਹੁੰਦਿਆਂ ਅਕਾਲੀਆਂ ਦਾ ਪ੍ਰਤੂ ਬਣਨਾ ਕਿਸੇ ਤਰ੍ਹਾਂ ਯੋਗ ਨਹੀਂ । ਇਉਂ ਅੰਤ ਵਿਚ ਖੱਬੀ ਲਹਿਰ ਨੂੰ ਹੀ ਨੁਕਸਾਨ ਹੋਵੇਗਾ । ਉਪਰਲੀਆਂ ਯਥਾਰਥ ਗੱਲਾਂ ਦੇ ਹੁੰਦਿਆਂ ਹੋਇਆਂ ਬੁਰਜੂਆ ਪਾਰਟੀਆਂ ਮਾਰਕਸਵਾਦੀਆਂ ਨੂੰ ਸੰਪ੍ਰਦਾਈ ਕਹਿਕੇ ਭੰਡਣਗੀਆਂ । ਨਾ ਰਹਿਣਗੇ ਘਰ ਕੇ ਤੇ ਨਾ ਘਾਟ ਕੇ । ਈਰਾਨ ਦਾ ਤਜਰਬਾ ਸਾਹਮਣੇ ਹੈ । ਸ਼ਾਹ ਈਰਾਨ ਦੇ ਵਿਰੋਧ ਵਿਚ ਚਲੀ ਲਹਿਰ ਨੇ ਆਇਤੁੱਲਾ ਖ਼ੁਮੀਨੀ ਪੈਦਾ ਕੀਤਾ । ਸ਼ਾਹ ਈਰਾਨ ਨੂੰ ਗੱਦੀ ਤੋਂ ਲਾਹੁਣ ਉਪਰੰਤ ਉਸ ਨੇ ਕਮਿਊਨਿਸਟਾਂ ਨੂੰ ਸ਼ੈਤਾਨ ਆਖਿਆ । ਕੀ ਸਾਡੇ ਮਾਰਕਸਵਾਦੀ ਆਇਤੁੱਲਾ ਖ਼ੁਮੀਨੀ ਨੂੰ ਸੰਤ ਭਿੰਡਰਾਂ ਵਾਲੇ ਨਾਲ ਜੋੜ ਕੇ

ਦੇਖਣ ਦੀ ਖੇਚਲ ਕਰਨਗੇ ? ਰਿਟਾਇਰਡ ਫੌਜੀਆਂ ਦੀ ਕਾਨਫਰੰਸ ਵਿਚ ਭਿੰਡਰਾਂ ਵਾਲੇ ਨੂੰ ਅਕਾਲ ਤਖਤ ਦੇ ਹੈਡ ਗ੍ਰੰਥੀ ਬਣਾਉਣ ਦਾ ਸੁਝਾਅ ਕਿਧਰ ਜਾ ਰਿਹਾ ਹੈ ? ਅੱਜ ਲੋੜ ਸੰਪ੍ਰਦਾਇਕ ਤਾਕਤਾਂ ਦੀ ਪੂਛ ਬਣਨ ਦੀ ਨਹੀਂ ਸਗੋਂ ਖੱਬੇ-ਪੱਖੀ ਲਹਿਰ ਉਸਾਰਨ ਦੀ ਹੈ। ਮੋਰਚੇ ਤੋਂ ਬਾਹਰ ਰਹਿ ਕੇ ਖੱਬੀਆਂ ਪਾਰਟੀਆਂ ਅਕਾਲੀਆਂ ਦੀਆਂ ਗੈਰ-ਸੰਪ੍ਰਦਾਇਕ ਮੰਗਾਂ ਦਾ ਸਮਰਥਨ ਕਰਦੀਆਂ ਹਨ, ਠੀਕ ਹੈ, ਪਰ ਉਨ੍ਹਾਂ ਨੂੰ ਧਰਮ ਸੰਪ੍ਰਦਾਇਕਤਾ ਨਾਲ ਕਦੇ ਵੀ ਇਕ ਜੁੱਟ ਨਹੀਂ ਕੀਤਾ ਜਾ ਸਕਦਾ। ਇਹ ਨਰੜ ਹਾਨੀਕਾਰਕ ਹੋਵੇਗਾ।

ਉਪਰਲੇ ਲੇਖਕਾਂ ਨੇ ਅਤਿਵਾਦ ਦਾ ਨੁਕਤਾ ਵੀ ਉਠਾਇਆ ਹੈ। ਖੱਬਾ ਅਤਿਵਾਦ ਹੋਵੇ ਤੇ ਭਾਵੇਂ ਧਾਰਮਿਕ ਅਤਿਵਾਦ, ਇਸ ਦਾ ਸਮੁੱਚੇ ਰੂਪ ਵਿਚ ਸਮਰਥਨ ਨਾ ਤਾਂ ਲੈਨਿਨ ਕਰ ਸਕਦਾ ਹੈ ਤੇ ਨਾ ਹੀ ਭਾਰਤੀ ਖੱਬੀਆਂ ਪਾਰਟੀਆਂ। ਇਸ ਨੂੰ ਦਬਾਉਣ ਲਈ ਸਰਕਾਰ ਦੇ ਦਮਨ ਦੀ ਤੇ ਝੂਠੇ ਕਤਲ ਕੇਸਾਂ ਦੀ ਨਿੰਦਿਆ ਹਰ ਕੋਈ ਕਰਦਾ ਹੈ, ਤੇ ਖੱਬੀਆਂ ਪਾਰਟੀਆਂ ਵੀ ਇਸ ਆਧਾਰ ਤੇ ਸਰਕਾਰ ਨੂੰ ਨੰਗਿਆਂ ਕਰਨਗੀਆਂ, ਪਰੰਤੂ ਅਤਿਵਾਦੀਆਂ ਨਾਲ ਸਿਧਾਂਤਕ ਮਤਭੇਦ ਬਣਿਆ ਰਹੇਗਾ। ਸੋਢੀ ਸਾਹਿਬ ਨੂੰ ਮਤ ਭੇਦ ਨਾ ਹੋਵੇ ਵੱਖਰੀ ਗੱਲ ਹੈ।

ਅਕਾਲੀਆਂ ਨਾਲ ਹੇਜ ਕਾਰਨ ਸੋਢੀ ਸਾਹਿਬ ਖੱਬੀਆਂ ਪਾਰਟੀਆਂ ਦੀਆਂ ਪਾਰਲੀਮੈਂਟ ਵਿਚ ਠੀਕ ਕਾਰਵਾਈਆਂ ਨੂੰ ਵੀ ਖੂਹ ਖਾਤੇ ਪ ਉਣ ਲਈ ਤੁਲੇ ਹੋਏ ਹਨ। ਸ਼ਾਇਦ ਅਕਾਲੀਆਂ ਨਾਲ ਹੇਜ ਇਸ ਕਰਕੇ ਹੈ ਕਿ ਉਹ "ਸੋਢੀ" ਗੁਰੂਆਂ ਦੀ ਵਿਰਾਸਤ ਨੂੰ ਸਾਂਭ ਰਹੇ ਹਨ। ਆਜ਼ਾਦ ਪ੍ਰੈਸ ਲਈ ਖੱਬੀਆਂ ਪਾਰਟੀਆਂ ਦੇ ਸਟੈਂਡ ਨੂੰ ਜਾਂ ਅਤਿਵਾਦੀ ਕਾਰਵਾਈਆਂ ਦੀ ਨਿੰਦਿਆ ਨੂੰ ਉਹ ਵਿਗਾੜ ਕੇ ਪੇਸ਼ ਕਰ ਰਹੇ ਹਨ।

ਸੋਢੀ ਨੂੰ ਤਾਂ ਇਹ ਵੀ ਇਤਰਾਜ਼ ਹੈ ਕਿ ਖੱਬੇ ਪੱਖੀ ਪਾਰਟੀਆਂ ਦੇਸ਼ ਦੀ ਅਖੰਡਤਾ ਦੀਆਂ ਗੱਲਾਂ ਕਿਉਂ ਕਰਦੀਆਂ ਹਨ। ਧੰਨ ਹਨ ਸੋਢੀ ਸਾਹਿਬ ਜਿਨ੍ਹਾਂ ਨੂੰ ਪੈਂਤੜੇ (tactics) ਅਤੇ ਅਮਲ ਨੂੰ ਵੱਖ ਨਹੀਂ ਕਰਨਾ ਆਉਂਦਾ। ਮਾਰਕਸਵਾਦੀਆਂ ਨੇ ਜਦੋਂ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਗੱਲ ਕੀਤੀ ਤਾਂ ਇੰਦਰਾ ਅਤੇ ਉਸ ਦੇ ਚਮਚਿਆਂ ਨੇ ਉਨ੍ਹਾਂ ਨੂੰ ਵੱਖਵਾਦੀ ਤੇ ਸੰਪ੍ਰਦਾਇਕ ਕਿਹਾ। ਸੋਢੀ ਸਾਹਿਬ ਨੂੰ ਉਸ ਵੇਲੇ ਦਰਦ ਨਾ ਆਇਆ ਪਰ ਵੱਖਵਾਦੀਆਂ ਤੇ ਸੰਪ੍ਰਦਾਈਆਂ ਨੂੰ ਅਸਲ ਗੱਲ ਕਹਿਣ ਦਾ ਉਨ੍ਹਾਂ ਨੂੰ ਬਹੁਤ ਦੁੱਖ ਕਿਉਂ ਹੋਇਆ ਹੈ। ਇਹ ਤਾਂ ਉਹ ਹੀ ਦੱਸ ਸਕਦੇ ਹਨ।

ਉਪਰਲੇ ਲੇਖਕਾਂ ਦੇ ਲੇਖਾਂ ਤੋਂ ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਇਨ੍ਹਾਂ ਦੇ ਖੱਬੀਆਂ ਪਾਰਟੀਆਂ ਬਾਰੇ ਵਿਚਾਰ ਬੁਰਜੂਆ ਪ੍ਰੈਸ ਦੀ ਰਾਇ ਉੱਪਰ ਅਧਾਰਿਤ ਹਨ। ਇਸ ਪ੍ਰੈਸ ਦੇ ਵਿਚਾਰਾਂ ਨੂੰ ਹੂ ਬਹੂ ਅਪਣਾਇਆ ਗਿਆ ਹੈ। ਜਿਵੇਂ ਇਹ ਪ੍ਰੈਸ ਖੱਬੀਆਂ ਪਾਰਟੀਆਂ ਦੀ ਅਕਾਲੀਆਂ ਪ੍ਰਤਿ ਪਹੁੰਚ ਨੂੰ ਤੋੜ ਕੇ ਪੇਸ਼ ਕਰਦਾ ਹੈ ਤਿਵੇਂ ਹੀ ਇਹ ਲੇਖਕ ਬੋਲ ਰਹੇ ਹਨ। ਇਨ੍ਹਾ ਦੇ ਵਿਚਾਰ ਇੰਡੀਅਨ ਐਕਸਪ੍ਰੈਸ (ਜੋ ਮੂਲ ਰੂਪ ਵਿਚ ਆਰ. ਐਸ. ਐਸ. ਦਾ ਪ੍ਰਵਕਤਾ ਹੈ) ਅਤੇ ਸਿੱਖ ਰਿਵੀਊ ਜਾਂ ਇਸ ਤਰ੍ਹਾਂ ਦੇ ਹੋਰ ਅਖਬਾਰਾਂ ਜਾਂ ਰਸਾਲਿਆਂ ਤੋਂ ਬਣਾਏ ਗਏ ਹਨ। ਫਿਰ ਖੱਬੀ ਲਹਿਰ ਪ੍ਰਤਿ ਹਮਦਰਦੀ ਦੀ ਘਾਟ ਵੀ ਮਹਿਸੂਸ ਹੁੰਦੀ ਹੈ। ਜੇਕਰ ਖੱਬੀਆਂ ਪਾਰਟੀਆਂ ਨਾਲ ਸੱਚਮੁੱਚ ਹੀ ਗਿਲਾ ਹੈ ਤਾਂ ਖੱਬੀਆਂ ਪਾਰਟੀਆਂ ਦੇ ਆਪਣੇ ਅਖਬਾਰ ਜਾਂ ਰਸਾਲੇ ਨਿਕਲਦੇ ਹਨ, ਉਨ੍ਹਾਂ ਨੂੰ ਆਪਣਾ ਆਧਾਰ ਬਣਾਉਣਾ ਚਾਹੀਦਾ ਹੈ। ਉਪਰਲੇ ਲੇਖਕਾਂ ਦੀ ਵਿਰੋਧੀ ਰੁਚੀ ਬੁਰਜੂਆ ਦੇ ਏਜੰਟ ਬਣਨ ਵੱਲ ਲੈ ਜਾਵੇਗੀ (ਸੁਚੇਤ ਜਾਂ ਅਚੇਤ ਰੂਪ ਵਿਚ)।



ਸੋਢੀ ਸਾਹਿਬ ਦੇ ਲੇਖ ਤੋਂ ਇਹ ਵੀ ਸਪਸ਼ਟ ਹੈ ਕਿ ਉਹ ਖੱਬੀਆਂ ਪਾਰਟੀਆਂ ਨੂੰ "ਰੂਸ" ਦੀਆਂ ਪਿੱਛ-ਲੱਗ ਗਰਦਾਨਦੇ ਹਨ। ਬੁਰਜੂਆ ਪ੍ਰੈਸ ਵੀ ਇਨ੍ਹਾਂ ਪਾਰਟੀਆਂ ਦੇ ਨਿਰਪੱਖ ਸਟੈਂਡ ਨੂੰ ਵੀ ਰੂਸ ਜਾਂ ਚੀਨ ਨਾਲ ਜਾ ਜੋੜਦਾ ਹੈ। ਸੋਢੀ ਸਾਹਿਬ ਤੇ ਬੁਰਜੂਆ ਪ੍ਰੈਸ ਦਾ ਅੰਤਰ ਕੀ ਹੋਇਆ ? ਇਸ ਰੂਸ ਦੇ ਪੰਜਾਬ ਦੀ ਸਥਿਤੀ ਬਾਰੇ ਵਿਚਾਰਾਂ ਨੂੰ ਸੰਖੇਪ ਵਿਚ ਜਾਨਣਾ ਜ਼ਰੂਰੀ ਹੈ। ਪਰਾਵਦਾ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਗੜਬੜ ਪਿੱਛੇ ਸੀ. ਆਈ. ਏ. ਦਾ ਹੱਥ ਹੈ। ਤੱਥ ਇਹ ਹਨ ਕਿ ਖਾਲਿਸਤਾਨੀ ਅਤਿਵਾਦੀ ਅਮਰੀਕਾ ਅਤੇ ਇੰਗਲੈਂਡ ਤੋਂ ਮਦਦ ਲੈਂਦੇ ਹਨ। ਗੰਗਾ ਸਿੰਘ ਅਮਰੀਕਾ ਵਿਚੋਂ ਸਹਾਇਤਾ ਦੇ ਰਿਹਾ ਹੈ ਤੇ ਜਗਜੀਤ ਸਿੰਘ ਇੰਗਲੈਂਡ ਵਿਚੋਂ। ਕਿਤੇ ਸੋਢੀ ਸਾਹਿਬ ਦੀ ਇਹ ਮਨਸ਼ਾ ਤਾਂ ਨਹੀਂ ਕਿ ਅਮਰੀਕਾ ਜਾਂ ਇੰਗਲੈਂਡ ਰਾਹੀਂ ਖਾਲਿਸਤਾਨ ਦੀ ਹੋਂਦ ਕਾਇਮ ਹੋਵੇ ? ਪਰ ਸੋਢੀ ਸਾਹਿਬ ਯਾਦ ਰੱਖਣ ਕਿ ਭਿੰਡਰਾਂ ਵਾਲੇ ਦੇ ਰਾਜ ਵਿਚ ਉਨ੍ਹਾਂ ਦੀ ਕੋਈ ਥਾਂ ਨਹੀਂ ਹੋਵੇਗੀ।

ਖੱਬੀਆਂ ਪਾਰਟੀਆਂ ਨੇ ਅਕਾਲੀਆਂ ਤੇ ਦਿੱਲੀ ਪਹੁੰਚਣ ਉਪਰ ਲਾਈਆਂ ਪਾਬੰਦੀਆਂ ਨੂੰ ਨਿੰਦਿਆ ਹੈ, ਤੇ ਠੀਕ ਕੀਤਾ ਹੈ। ਪਰ ਜਦੋਂ ਖੱਬੀਆਂ ਪਾਰਟੀਆਂ ਦੇ ਚਲਣ ਫਿਰਨ ਉੱਪਰ ਜਾਂ ਮੁਜ਼ਾਹਰਿਆਂ ਉੱਪਰ ਪਾਬੰਦੀਆਂ ਲਗਦੀਆਂ ਹਨ ਤਾਂ ਨਾ ਅਕਾਲੀ ਬੋਲਦੇ ਹਨ ਤੇ ਨਾ ਉਨ੍ਹਾਂ ਦੇ ਚਹੇਤੇ ਸੋਢੀ ਸਾਹਿਬ ? ਦਾਲ ਵਿਚ ਕਾਲਾ ਹੈ ! ਸਾਮਰਾਜ ਵਿਰੋਧੀ ਮੁਜ਼ਾਹਰੇ ਵਿਚ ਲੋਕਾਂ ਨੂੰ ਦਿੱਲੀ ਪਹੁੰਚਣ ਤੋਂ ਰੋਕਿਆ ਹੀ ਨਹੀਂ ਗਿਆ ਸਗੋਂ ਕਈ ਥਾਂ ਲੋਕਾਂ ਨੂੰ ਕੁੱਟਿਆ ਗਿਆ। ਸੋਢੀ ਸਾਹਿਬ ਚੁੱਪ ਕਿਉਂ ਰਹੇ ?

ਮਾਰਕਸਵਾਦੀ ਨਹਿਰ ਰੋਕੋ ਮੋਰਚੇ ਤੋਂ ਵੱਖ ਕਿਉਂ ਹੋਏ। ਇਸ ਬਾਰੇ ਸੋਢੀ ਸਾਹਿਬ ਨੇ ਮਨਘੜਤ ਬੇਹੂਦਾ ਦਲੀਲ ਘੜ ਲਈ। ਪਾਰਟੀ ਤੋਂ ਬਾਹਰ ਬੈਠਾ ਹਮਦਰਦ ਵੀ ਇਹੀ ਸੋਚਦਾ ਸੀ ਕਿ ਇਸ ਮੋਰਚੇ ਨਾਲ ਪਾਰਟੀ ਦੀ ਅੰਤਰ ਰਾਸ਼ਟਰੀ ਵਿਚਾਰਧਾਰਾ ਨੂੰ ਸੱਟ ਲਗਦੀ ਹੈ। ਪਾਰਟੀ ਦੇ ਕੇਡਰ ਦੇ ਦਬਾ ਹੇਠ ਪਾਰਟੀ ਵੱਖ ਹੋਈ, ਤੇ ਆਪਣੇ ਆਪ ਨੂੰ ਬਦਨਾਮ ਹੋਣ ਤੋਂ ਬਚਾ ਲਿਆ। ਸੋਢੀ ਸਾਹਿਬ ਦੁਖੀ ਹੋ ਗਏ ਤੇ ਗਾਲ੍ਹਾਂ ਕੱਢਣ ਤੇ ਉਤਰ ਆਏ। ਪਿਆਰਿਓ, ਇਹ ਗਾਲ੍ਹਾਂ ਸੈਂਟਰ ਦੀ ਬੁਰਜੂਆ ਪਾਰਟੀ ਨੂੰ ਕੱਢ, ਜੇ ਸੁਆਦ ਲੈਣਾ ਹੈ ਤਾਂ ਤੇ ਨਾਲੇ ਮਾਰਕਸਵਾਦੀ ਕਹਾਉਣਾ ਹੈ ਤਾਂ।

ਉਪਰਲੀ ਵਿਚਾਰ ਤੋਂ ਨਤੀਜਾ ਨਿਕਲਦਾ ਹੈ ਕਿ ਦੋਨੋਂ ਲੇਖਕ ਕਈ ਥਾਂ ਤੇ ਸਚਮੁੱਚ ਹੀ ਅਣਜਾਣ ਹਨ ਅਤੇ ਕਈ ਥਾਵਾਂ ਤੇ ਜਾਣਬੁੱਝ ਕੇ ਅਣਜਾਣ ਬਣਨ ਦੀ ਕੋਸ਼ਿਸ਼ ਕਰਦੇ ਹੋਏ ਤੱਥਾਂ ਨੂੰ ਵਿਗਾੜ ਕੇ ਪੇਸ਼ ਕਰਨ ਦੇ ਜ਼ੁਮੇਵਾਰ ਹਨ। ਇਸੇ ਕਾਰਣ ਹੀ ਇਨ੍ਹਾਂ ਦੇ ਵਿਚਾਰ ਪੂਰਣ ਤੌਰ ਤੇ ਗਲਤ ਸੇਧ ਵਿਚ ਚਲੇ ਗਏ ਹਨ।

ਆਖਰ ਤੇ ਮਾਰਕਸਵਾਦੀਆਂ ਨੂੰ ਸੁਝਾਅ ਹੈ ਕਿ ਜੇ ਉਨ੍ਹਾਂ ਨੇ ਸੱਚੇ ਦਿਲੋਂ ਖੱਬੀਆਂ ਪਾਰਟੀਆਂ ਨੂੰ ਰਾਇ ਦੇਣੀ ਹੈ ਤਾਂ ਪਹਿਲਾਂ ਠੀਕ ਤੱਥਾਂ ਦਾ ਨਿਰਣਾ ਕਰ ਲੈਣ ਅਤੇ ਪਾਰਟੀਆਂ ਦੀਆਂ ਮੂਲ ਦਸਤਾਵੇਜ਼ਾਂ ਨੂੰ ਸਹੀ ਪ੍ਰਸੰਗ ਵਿਚ ਤੇ ਇਤਿਹਾਸਕ ਪਰਿਪੇਖ ਵਿਚ ਵਾਚਣ। ਇਸ ਤਰ੍ਹਾਂ ਕਰਨ ਨਾਲ ਹੀ ਉਨ੍ਹਾਂ ਦੀ ਰਾਇ ਦਾ ਕੋਈ ਮੁੱਲ ਹੋਵੇਗਾ। ਦੂਜਾ ਸੁਝਾਅ 'ਸੇਧ' ਨੂੰ ਹੈ ਕਿ ਉਹ ਲੇਖਾਂ ਦੇ ਅੰਤ ਉਪਰ ਲੇਖਕਾਂ ਨੂੰ ਉਨ੍ਹਾਂ ਦੇ ਵਿਚਾਰਾਂ ਦੀ ਜ਼ੁੰਮੇਵਾਰੀ ਸੌਂਪਣ ਦੀ ਬਜਾਏ ਕੱਚਘਰੜ ਤੇ ਕਿਸੇ ਸੇਧ ਤੋਂ ਬਗੈਰ ਲਿਖੇ ਲੇਖਾਂ ਨੂੰ ਛਾਪਣ ਤੋਂ ਗੁਰੇਜ਼ ਕਰੇ, ਜਿਨ੍ਹਾਂ ਨਾਲ ਖੱਬੇ ਪੱਖੀ ਲਹਿਰ ਦਾ ਸੌਰਦਾ ਕੁਝ ਨਹੀਂ ਪਰ ਵਿਗੜਦਾ ਬਹੁਤ ਕੁਝ ਹੈ।

ਕਰਮਜੀਤ ਸਿੰਘ, ਕੁਰਖੇਤਰ

ਸੁਹੱਪਣ ਭਰੇ ਸ਼ਹਿਰ ਵਿਚ

**ਪੁਸਤਕਾਂ ਦੀ ਵਿਸ਼ਾਲ ਨੁਮਾਇਸ਼**

# 11ਵਾਂ ਕੌਮੀ ਪੁਸਤਕ ਮੇਲਾ

ਲੱਯੀਅਰ ਵੈਲੀ, ਚੰਡੀਗੜ੍ਹ ।

**25 ਫਰਵਰੀ ਤੋਂ 7 ਮਾਰਚ 1983 ਤਕ**

**ਮੁੱਖ ਵਿਸ਼ੇਸ਼ਤਾਵਾਂ :**

# 'ਕੌਮੀ ਨੁਮਾਇਸ਼' ਨਾਂ ਦੇ ਪੰਡਾਲ ਵਿਚ ਭਾਰਤੀ ਭਾਸ਼ਾਵਾਂ ਤੇ ਅੰਗਰੇਜ਼ੀ ਵਿਚ 6000 ਦੇ ਲਗਭਗ ਚੋਣਵੀਆਂ ਪੁਸਤਕਾਂ ।

# ਬੱਚਿਆਂ ਤੇ ਨਵ-ਸਿਖਿਆਰਥੀਆਂ ਲਈ ਪੁਸਤਕਾਂ ਦੀ ਨੁਮਾਇਸ਼ ਦਾ ਰਾਖਵਾਂ ਸਥਾਨ ।

# ਵੱਖੋ ਵੱਖ ਸਟਾਲਾਂ ਤੋਂ ਪੁਸਤਕਾਂ ਚੁਣਨ ਲਈ ਵੰਨ ਸੁਵੰਨੀ ਸਾਮੱਗਰੀ ।

# 'ਸਰਕਾਰੀ ਅਦਾਰਿਆਂ ਦੇ ਪ੍ਰਕਾਸ਼ਨ' ਵਿਸ਼ੇ ਉਤੇ ਐਨ. ਬੀ. ਟੀ. ਵਲੋਂ ਵਿਸ਼ੇਸ਼ ਸੈਮੀਨਾਰ (ਦਾਖਲਾ ਕੇਵਲ ਸੱਦਾ-ਪੱਤਰ ਰਾਹੀਂ ਹੀ) ।

# 'ਭਾਰਤ ਵਿਚ ਰਾਸ਼ਟਰੀ ਏਕਤਾ ਦੇ ਵਾਧੇ ਵਿਚ ਲਾਇਬ੍ਰੇਰੀਆਂ ਤੇ ਲਾਇਬ੍ਰੇਰੀਅਨਾਂ ਵਲੋਂ ਅਦਾ ਹੋ ਸ਼ਕਦਾ ਹਿੱਸਾ' ਵਿਸ਼ੇ ਉਤੇ ਨਾਰਥ ਇੰਡੀਆ ਲਾਇਬ੍ਰੇਰੀਅਨਜ਼ ਐਸੋਸੀਏਸ਼ਨ ਵਲੋਂ ਐਨ. ਬੀ. ਟੀ. ਦੇ ਸਹਿਯੋਗ ਨਾਲ ਕੀਤੀ ਜਾ ਰਹੀ ਕਾਨਫਰੰਸ ।

# ਪ੍ਰਕਾਸ਼ਕਾਂ, ਲੇਖਕਾਂ ਤੇ ਲਾਇਬ੍ਰੇਰੀਅਨਾਂ ਨਾਲ ਸੰਬੰਧਿਤ ਵੱਖੋ ਵੱਖ ਵਿਸ਼ਿਆਂ ਉਤੇ ਵਿਚਾਰ-ਵਟਾਂਦਰਾ ।

# ਸਭਿਆਚਾਰਕ ਪ੍ਰੋਗਰਾਮ—ਇਸ ਵਿਚ ਪੰਜਾਬ ਦਿਵਸ, ਹਰਿਆਣਾ ਦਿਵਸ ਤੇ ਹਿਮਾਚਲ ਦਿਵਸ ਵਗੈਰਾ ਸ਼ਾਮਲ ਹਨ ।

**★ਹਰੇਕ ਖ੍ਰੀਦ ਉਤੇ ਘੱਟੋ ਘੱਟ 10% ਰਿਆਇਤ ।**

**★ਮੇਲਾ ਹਰ ਰੋਜ਼ 11 ਵਜੇ ਸਵੇਰ ਤੋਂ ਅੱਠ ਵਜੇ ਰਾਤ ਤਕ ਖੁਲ੍ਹਾ ਰਹੇਗਾ ।**

**ਦਾਖਲਾ ਫੀਸ :** ਵੱਡਿਆਂ ਲਈ 0.25 ਪੈਸੇ, ਬੱਚਿਆਂ ਲਈ 0.10 ਪੈਸੇ ।

**ਪੂਰੇ ਮੇਲੇ ਲਈ ਸੀਜ਼ਨ ਟਿਕਟ :** ਇਕ ਰੁਪਿਆ ।

ਆਯੋਜਕ : **ਨੈਸ਼ਨਲ ਬੁਕ ਟਰਸਟ, ਇੰਡੀਆ**